ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

31 ਮਈ ਤੋਂ 6 ਜੂਨ 2023

ਸਾਲ 14ਵਾਂ - ਅੰਕ 23
email : info@sadelok.com
Ph. : 510-706-1300
Fax : 925-373-1300



(ਦੇਖੋ ਸਫ਼ਾ 26 'ਤੇ)

## ਸ. ਰਣਜੀਤ ਸਿੰਘ ਮਾਂਗਟ ਰੀਅਲ ਇਸਟੇਟ 'ਚ 22000 ਏਜੰਟਾਂ ਵਿਚੋਂ ਅਮਰੀਕਾ 'ਚ ਪਹਿਲੇ ਨੰਬਰ 'ਤੇ


3

## ਮਹਾਰਾਸ਼ਟਰ 'ਚ ਭੀੜ ਵਲੋਂ 3 ਸਿੱਖ ਬੱਚਿਆਂ ਦੀ ਬੁਰੀ ਤਰ੍ਹਾਂ ਕੁੱਟਮਾਰ-1 ਦੀ ਮੌਤ


3

## ਸਨਫਰਾਂਸਿਸਕੋ 'ਚ ਨਗਰ ਕੀਰਤਨ 4 ਜੂਨ ਨੂੰ


22

# ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ 'ਤੇ ਖੇਡ ਪ੍ਰੇਮੀਆਂ ਦਾ ਆਇਆ ਹੜ

### ਪਹਿਲਾ ਸਥਾਨ ਬੇ-ਏਰੀਆ ਸਪੋਰਟਸ ਕਲੱਬ ਤੇ ਮੈਟਰੋ ਨਿਊਯਾਰਕ ਨੇ ਸਾਂਝੇ ਤੌਰ 'ਤੇ ਜਿੱਤਿਆ, ਦੂਜੇ 'ਤੇ ਚੜ੍ਹਦਾ ਪੰਜਾਬ ਰਿਹਾ


(ਦੇਖੋ ਸਫ਼ਾ 32-42 'ਤੇ)

# ਪਾਰਲੀਮੈਂਟ ਦੀ ਨਵੀਂ ਇਮਾਰਤ ਦਾ ਹਿੰਦੂ ਰੀਤਾਂ ਅਨੁਸਾਰ ਸ਼ਾਨਦਾਰ ਉਦਘਾਟਨ

### *ਨਵੀਂ ਸੰਸਦੀ ਇਮਾਰਤ ਦੇਸ਼ ਦੀ ਵਿਕਾਸ ਯਾਤਰਾ ਦਾ 'ਸਦੀਵੀ' ਪਲ: ਮੋਦੀ*





ਨਵੀਂ ਦਿੱਲੀ-ਕਾਂਗਰਸ ਸਣੇ ਹੋਰਨਾਂ ਵਿਰੋਧੀ ਧਿਰਾਂ ਵੱਲੋਂ ਕੀਤੇ ਬਾਈਕਾਟ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਧਾਰਮਿਕ ਰਹੁ-ਰੀਤਾਂ ਨਾਲ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤਾ। ਤਾਮਿਲ ਨਾਡੂ ਤੋਂ ਵਿਸ਼ੇਸ਼ ਤੌਰ 'ਤੇ ਆਏ 'ਅਧਿਨਾਮਾਂ' ਦੇ ਆਸ਼ੀਰਵਾਦ ਨਾਲ ਸ੍ਰੀ ਮੋਦੀ ਨੇ ਇਤਿਹਾਸਕ ਸੇਂਗੋਲ ਨੂੰ ਲੋਕ ਸਭਾ ਚੈਂਬਰ ਵਿੱਚ ਸਪੀਕਰ ਦੇ ਆਸਨ ਨਾਲ ਸਥਾਪਿਤ ਕੀਤਾ। ਇਸ ਦੌਰਾਨ ਉਦਘਾਟਨ ਸਮਾਗਮ ਦੇ ਦੂਜੇ ਪੜਾਅ ਤਹਿਤ ਨਵੀਂ ਸੰਸਦੀ ਇਮਾਰਤ ਦੇ ਹੇਠਲੇ ਸਦਨ 'ਚ ਜੁੜੇ ਦੋਵਾਂ ਸਦਨਾਂ ਦੇ ਮੈਂਬਰਾਂ ਤੇ ਹੋਰਨਾਂ

(ਦੇਖੋ ਸਫ਼ਾ 18 'ਤੇ)

# ਅਮਰੀਕਾ 'ਚ ਦੀਵਾਲੀ 'ਤੇ ਛੁੱਟੀ ਐਲਾਨਣ ਲਈ ਸੰਸਦ 'ਚ ਬਿੱਲ ਪੇਸ਼



ਵਾਸ਼ਿੰਗਟਨ : ਅਮਰੀਕਾ ਦੀ ਸੰਸਦ ਦੇ ਹੇਠਲੇ ਸਦਨ ਪ੍ਰਤੀਨਿਧੀ ਸਭਾ 'ਚ ਹਿੰਦੂਆਂ ਦੇ ਅਹਿਮ ਤਿਉਹਾਰ ਦੀਵਾਲੀ 'ਤੇ ਛੁੱਟੀ ਐਲਾਨਣ ਲਈ ਇਕ ਬਿੱਲ ਪੇਸ਼ ਕੀਤਾ ਗਿਆ। ਡੈਮੋਕ੍ਰੇਟਿਕ ਸੰਸਦ ਮੈਂਬਰ ਗ੍ਰੇਸ ਮੇਂਗ ਵੱਲੋਂ ਪੇਸ਼ ਬਿੱਲ ਜੇ ਸੰਸਦ 'ਚ ਪਾਸ ਕੀਤਾ ਜਾਂਦਾ ਹੈ ਤੇ ਰਾਸ਼ਟਰਪਤੀ ਜੋਅ ਬਾਇਡਨ ਦਸਤਖ਼ਤ ਕਰਕੇ ਉਸ ਨੂੰ ਕਾਨੂੰਨੀ ਰੂਪ ਦੇ ਦਿੰਦੇ ਹਨ ਤਾਂ ਦੀਵਾਲੀ ਦੇ ਦਿਨ ਹੋਣ ਵਾਲੀ ਛੁੱਟੀ ਅਮਰੀਕਾ 'ਚ 12ਵੀਂ ਸਾਂਝੀ ਛੁੱਟੀ ਹੋਵੇਗੀ। ਮੇਂਗ ਨੇ ਬਿੱਲ ਪੇਸ਼ ਕਰਨ ਤੋਂ ਬਾਅਦ ਕਿਹਾ ਕਿ ਦੀਵਾਲੀ ਦੁਨੀਆ ਦੇ ਕਰੋੜਾਂ ਲੋਕਾਂ ਲਈ ਸਾਲ ਦੇ ਸਭ ਤੋਂ ਅਹਿਮ ਦਿਨਾਂ 'ਚੋਂ ਇਕ ਹੈ।

ਦੱਸ ਦੇਈਏ ਕਿ ਇਸ ਤੋਂ ਪਹਿਲਾਂ ਨਵੰਬਰ 2021 'ਚ ਵੀ ਅਮਰੀਕੀ ਸੰਸਦ 'ਚ ਦੀਵਾਲੀ 'ਤੇ ਸਾਂਝੀ ਛੁੱਟੀ ਦਾ ਐਲਾਨ ਕਰਨ ਲਈ ਇਕ ਬਿੱਲ ਪੇਸ਼ ਕੀਤਾ ਗਿਆ ਸੀ। ਅਕਤੂਬਰ 2022 'ਚ ਨਿਊਯਾਰਕ ਸਿਟੀ ਨੇ ਦੀਵਾਲੀ 'ਤੇ ਸਕੂਲਾਂ 'ਚ ਛੁੱਟੀ ਦਾ ਐਲਾਨ ਕੀਤਾ ਸੀ, ਜੋ ਇਸ ਸਾਲ ਤੋਂ ਪ੍ਰਭਾਵੀ ਹੋ ਜਾਵੇਗਾ। ਅਮਰੀਕੀ ਸੂਬੇ ਪੈਂਸਿਲਵੇਨੀਆ ਨੇ ਬੀਤੀ ਅਪ੍ਰੈਲ 'ਚ ਦੀਵਾਲੀ 'ਤੇ ਰਾਸ਼ਟਰੀ ਛੁੱਟੀ ਦਾ ਐਲਾਨ ਕੀਤਾ।

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਯੋਗ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes in :
- USA Immigration
- Citizenship
- Green Card
- Deportation Defense
- PoliticalAsylum
- Detentaion Cases
- Artists
- Singers P3 Visas
- Priest R1 Visas
- Investors EB 5 Visas
- L1 Business Visas
- Family Law
- Criminal Defense Cases
44808 S. Grimmer Blvd.# 208 Fremont, CA 94538 Tel : 510-657-6444
2951 W. Capitol Ave. W. Sacramento CA 95691
4491 West Shaw Ave.#131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Khalsa Affairs
ਖਾਲਸਾ ਅਫੇਅਰਜ਼ ਚੈਨਲ 'ਤੇ ਇਸ਼ਤਿਹਾਰ ਦੇਣ ਜਾਂ ਲਾਈਵ ਕਵਰੇਜ ਲਈ ਸੰਪਰਕ ਕਰੋ
www.khalsaaffairs.com
info@khalsaaffairs.com
(925) 243-1300

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara•Pleasanton•Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
- Green Card : Employment based/PERM/NIW
- Green Card : Family based
- Green Card through refugee or asylee
- Green Card : Investor & other categories PERM
Nonimmigrant Visas
- Fiancee visas
- H1/L1/H4/L2/NAFTA TN/E2/E3
- Student Visa
- B-1/B-2 Visitor Visas and
- Other Categories of nonimmigrant visas
Other Immigrantion Services
- Citizenship
- e-Verify, 1-9 and
- Other Compliance Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
- ਪੌਲੀਟੀਕਲ ਅਸਾਈਲਮ • ਡਿਪੋਟੇਸ਼ਨ ਡਿਫੈਂਸ
- BIA ਅਪੀਲ • 9 Circuit ਅਪੀਲ
- ਸਿਟੀਜਨਸ਼ਿਪ • ਗਰੀਨਕਾਰਡ
ਸ. ਹਰਮਿੰਦਰ ਸਿੰਘ ਸਮਾਣਾ
ਆਫਿਸ ਮੈਨੇਜਰ 209-481-7750
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ
Law office of Anthony Nwosu
239 West Yosemite Ave Manteca CA 95336 ਸਾਡਾ ਆਫ਼ਿਸ Oakland ਅਤੇ Sacramento ਵਿਚ ਵੀ ਹੈ
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
PH: 209-624-3919
Anthony Nwosu Attorney at Law 510-788-4558

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਰਾਸ਼ਟਰਪਤੀ ਬਾਈਡੇਨ ਨੇ ਸੈਨਿਕਾਂ ਦੇ ਮਕਬਰੇ ਤੇ ਸ਼ਰਧਾ ਦੇ ਫੁੱਲ ਕੀਤੇ ਭੇਟ



ਵਾਸ਼ਿੰਗਟਨ : ਅਹੁਦਾ ਸੰਭਾਲਣ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਤੀਜੇ ਮੈਮੋਰੀਅਲ ਦਿਵਸ ਨੂੰ ਚਿੰਨ੍ਹ ਕੀਤਾ ਤੇ ਆਰਲਿੰਗਟਨ ਨੈਸ਼ਨਲ ਕਬਰਸਤਾਨ 'ਚ ਸੈਨਿਕਾਂ ਦੇ ਮਕਬਰੇ 'ਤੇ ਇਕ ਰਵਾਇਤੀ ਫੁੱਲਮਾਲਾ ਚੜ੍ਹਾਉਣ ਦੀ ਰਸਮ ਨਾਲ ਸ਼ੁਰੂਆਤ ਕੀਤੀ। ਰਾਸ਼ਟਰਪਤੀ ਬਾਈਡੇਨ ਦੇ ਨਾਲ ਉਨ੍ਹਾਂ ਦੀ ਪਤਨੀ ਜਿਲ ਬਾਈਡੇਨ, ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਦੂਜੇ ਜੈਂਟਲਮੈਨ ਡਗਲਸ ਐਮਹੌਫ ਵੀ ਸਮਾਰੋਹ ਦੀ ਕਾਰਵਾਈ ਲਈ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਹਰ ਸਾਲ ਇਕ ਰਾਸ਼ਟਰ ਦੇ ਤੌਰ 'ਤੇ ਯਾਦ ਵਜੋਂ ਇਹ ਰਸਮ ਨਿਭਾਈ ਜਾਂਦੀ ਹੈ।

ਰਾਸ਼ਟਰਪਤੀ ਬਾਈਡੇਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸ਼ਹੀਦਾਂ ਤੇ ਉਨ੍ਹਾਂ ਦੇ ਜੀਵਨ ਬਾਰੇ ਕਦੇ ਨਹੀਂ ਭੁੱਲਣਾ ਚਾਹੀਦਾ, ਜਿਨ੍ਹਾਂ ਨੇ ਸਾਡੇ ਲੋਕਤੰਤਰ ਦੀ ਰੱਖਿਆ ਕੀਤੀ। ਬਾਈਡੇਨ ਨੇ ਫੁੱਲਾਂ ਦੀ ਰਸਮ ਤੋਂ ਬਾਅਦ ਮੈਮੋਰੀਅਲ ਐਂਫੀਥੀਏਟਰ ਵਿੱਚ ਭਾਸ਼ਣ ਦਿੰਦਿਆਂ ਕਿਹਾ, 'ਸਾਨੂੰ ਉਨ੍ਹਾਂ ਦੇ ਜੀਵਨ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ, ਜੋ ਇਹ ਝੰਡੇ, ਫੁੱਲ ਅਤੇ ਸੰਗਮਰਮਰ ਦੇ ਨਿਸ਼ਾਨ ਦਰਸਾਉਂਦੇ ਹਨ ਜੋ ਇਕ ਮਾਂ, ਪਿਤਾ, ਪੁੱਤਰ, ਧੀ, ਭੈਣ, ਜੀਵਨਸਾਥੀ, ਦੋਸਤ ਤੇ ਇਕ ਅਮਰੀਕੀ ਸਨ।' ਰਾਸ਼ਟਰਪਤੀ ਬਾਈਡੇਨ ਬੀਤੀ 29 ਮਈ ਨੂੰ ਮੈਮੋਰੀਅਲ ਦਿਵਸ ਮੌਕੇ ਅਰਲਿੰਗਟਨ, ਵਰਜੀਨੀਆ ਦੇ ਅਰਲਿੰਗਟਨ ਨੈਸ਼ਨਲ ਕਬਰਸਤਾਨ 'ਚ ਦੇਸ਼ ਲਈ ਸ਼ਹੀਦ ਹੋਏ ਸਿਪਾਹੀਆਂ ਦੀ ਕਬਰ 'ਤੇ ਫੁੱਲਮਾਲਾ ਭੇਟ ਕਰਨ ਦੀ ਰਸਮ ਅਦਾ ਕਰ ਰਹੇ ਸਨ, ਜਿਥੇ ਲਗਭਗ 5,000 ਦੇ ਕਰੀਬ ਸੈਲਾਨੀ ਹਰ ਸਾਲ ਯਾਦਗਾਰੀ ਦਿਵਸ ਲਈ ਰਾਸ਼ਟਰੀ ਕਬਰਸਤਾਨ 'ਤੇ ਆਉਂਦੇ ਹਨ। ਭਾਸ਼ਣ ਦੌਰਾਨ ਇਸ ਸਾਲ ਲਗਭਗ 3,000 ਦੇ ਕਰੀਬ ਲੋਕ ਹਾਜ਼ਰ ਸਨ। ਰਾਸ਼ਟਰਪਤੀ ਨੇ ਆਪਣੇ ਸਵਰਗਵਾਸੀ ਪੁੱਤਰ ਬੀਉ ਜਿਸ ਨੇ ਇਰਾਕ ਵਿੱਚ ਸਨਮਾਨਾਂ ਨਾਲ ਸੇਵਾ ਕੀਤੀ ਅਤੇ ਜਿਸ ਦੀ ਦਿਮਾਗ ਦੇ ਕੈਂਸਰ ਨਾਲ 2015 ਵਿੱਚ ਮੌਤ ਹੋ ਗਈ ਸੀ, ਬਾਰੇ ਭਰੇ ਮਨ ਨਾਲ ਸੋਚਣ ਲਈ ਆਪਣੇ ਭਾਸ਼ਣ ਦੌਰਾਨ ਸਮਾਂ ਬਿਤਾਇਆ। ਉਸ ਦੀ ਹੁਣ 8ਵੀਂ ਬਰਸੀ ਮਨਾਈ ਜਾਵੇਗੀ ਅਤੇ ਬਾਈਡੇਨ ਨੇ ਉਸ ਮਾਣ ਬਾਰੇ ਗੱਲ ਕੀਤੀ, ਜੋ ਉਨ੍ਹਾਂ ਨੇ ਹਥਿਆਰਬੰਦ ਸੈਨਾਵਾਂ ਵਿੱਚ ਆਪਣੇ ਪੁੱਤਰ ਦੇ ਸਮੇਂ ਲਈ ਮਹਿਸੂਸ ਕੀਤਾ ਸੀ। ਰਾਸ਼ਟਰਪਤੀ ਬਾਈਡੇਨ ਨੇ ਇਹ ਵੀ ਮੰਨਿਆ ਕਿ ਉਨ੍ਹਾਂ ਦਾ ਨੁਕਸਾਨ 'ਉਸ ਵਰਗਾ ਨਹੀਂ' ਸੀ, ਜਿਨ੍ਹਾਂ ਨੇ ਜੰਗ ਦੇ ਮੈਦਾਨ ਵਿੱਚ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ।

# ਵਿਸ਼ਵ ਗੱਤਕਾ ਫੈਡਰੇਸ਼ਨ ਤੇ ਏਸ਼ੀਅਨ ਗੱਤਕਾ ਫੈਡਰੇਸ਼ਨ ਵਲੋਂ ਗੱਤਕੇ ਨੂੰ ਕੌਮੀ ਖੇਡਾਂ 'ਚ ਸ਼ਾਮਲ ਕਰਨ ਤੇ ਖੁਸ਼ੀ ਦਾ ਪ੍ਰਗਟਾਵਾ

## *86 ਸਾਲ ਬਾਅਦ ਗੱਤਕਾ ਖੇਡ ਨੂੰ ਮਿਲਿਆ ਮਾਣ-ਦੁਬਾਰਾ ਕੌਮਾਂਤਰੀ ਖੇਡਾਂ ਵਿੱਚ ਸ਼ਾਮਿਲ ਹੋਇਆ, ਅਗਲਾ ਟੀਚਾ ਗੱਤਕੇ ਨੂੰ ਏਸ਼ੀਆਡ, ਸੈਫ ਖੇਡਾਂ ਤੇ ਰਾਸ਼ਟਰਮੰਡਲ ਖੇਡਾਂ 'ਚ ਸ਼ਾਮਲ ਕਰਾਉਣਾ: ਡਾ. ਦੀਪ ਸਿੰਘ*

ਨਿਉਯਾਰਕ, (ਰਾਜ ਗੋਗਨਾ) ਵਿਸ਼ਵ ਦੇ ਸਮੂਹ ਮੁਲਕਾਂ ਦੀਆਂ ਗੱਤਕਾ ਫੈਡਰੇਸ਼ਨਾਂ ਦੀ ਨੁਮਾਇੰਦਾ ਖੇਡ ਜੱਥੇਬੰਦੀ, ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਏਸ਼ੀਅਨ ਗੱਤਕਾ ਫੈਡਰੇਸ਼ਨ ਨੇ ਭਾਰਤ ਵਿੱਚ ਗੱਤਕਾ ਖੇਡ ਨੂੰ ਨੈਸ਼ਨਲ ਖੇਡਾਂ ਵਿੱਚ ਸ਼ਾਮਲ ਕਰਨ ਤੇ ਅਥਾਹ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਸ ਪ੍ਰਾਪਤੀ ਦਾ ਸਦਕਾ ਕੁੱਲ ਦੁਨੀਆਂ ਦੇ ਗੱਤਕਾ ਖਿਡਾਰੀਆਂ ਵਿੱਚ ਵੱਡੀ ਖੁਸ਼ੀ ਦੀ ਲਹਿਰ ਹੈ ਅਤੇ ਭਾਰਤ ਵਿੱਚ ਗੱਤਕਾ ਖੇਡ ਨੂੰ ਮਾਨਤਾ ਤੇ ਮਿਲੀ ਤਰੱਕੀ ਦਾ ਮਾਡਲ ਹੋਰਨਾਂ ਮੁਲਕਾਂ ਵਿੱਚ ਵੀ ਲਾਗੂ ਕਰਵਾਇਆ ਜਾਵੇਗਾ ਤਾਂ ਜੋ ਇਸ ਮਾਣ-ਮੱਤੀ ਖੇਡ ਨੂੰ ਸਮੁੱਚੀ ਦੁਨੀਆਂ ਵਿੱਚ ਮਾਨਤਾ ਦਿਵਾ ਕੇ ਮਕਬੂਲ ਕੀਤਾ ਜਾ ਸਕੇ।

ਅੱਜ ਇੱਥੇ ਪ੍ਰੈਸ ਨਾਲ ਖੁਸ਼ੀ ਜਾਹਿਰ ਕਰਦਿਆਂ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਨਿਉਯਾਰਕ (ਅਮਰੀਕਾ) ਨੇ ਦਸਿੱਆ ਕਿ ਉਲਪਿੰਕ ਕਮੇਟੀ ਵਲੋਂ ਲਗਭਗ 86 ਸਾਲ ਬਾਅਦ ਗੱਤਕਾ ਖੇਡ ਨੂੰ ਦੁਬਾਰਾ ਮਾਨਤਾ ਦੇਣਾ ਜਿੱਥੇ ਇਸ ਵਿਰਾਸਤੀ ਖੇਡ ਵਿੱਚ ਦੁਬਾਰਾ ਜਾਨ ਪਾਵੇਗੀ ਉੱਥੇ ਹੀ ਇਸ ਖੇਡ ਨਾਲ ਜੁੜੀਆਂ ਫੈਡਰੇਸ਼ਨਾਂ, ਕੋਚਾਂ ਅਤੇ ਖਿਡਾਰੀਆ ਲਈ ਵੀ ਬਹੁਤ ਹੀ ਲਾਹੇਵੰਦ ਸਾਬਤ ਹੋਵੇਗੀ। ਇਸ ਮੌਕੇ ਜਿੱਥੇ ਉਹਨਾਂ ਵਲੋਂ ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਮਾਨਤਾ ਪ੍ਰਾਪਤ ਨੈਸ਼ਨਲ ਗੱਤਕਾ ਐਸੋਸ਼ੀਏਸ਼ਨ ਆਫ ਇੰਡੀਆ, ਜੋ ਕਿ ਭਾਰਤ ਵਿੱਚ ਗੱਤਕਾ ਖੇਡ ਦੀ ਤਰੱਕੀ ਲਈ ਪੱਬਾ ਭਾਰ ਹੋ ਕੇ ਕੰਮ ਕਰ



ਰਹੀ ਹੈ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕਰਦਿਆ ਪ੍ਰਧਾਨ, ਸ. ਹਰਜੀਤ ਸਿੰਘ ਗਰੇਵਾਲ ਨੂੰ ਵਧਾਈ ਵੀ ਦਿੱਤੀ ਉੱਥੇ ਹੀ ਉਹਨਾਂ ਵਲੋਂ ਉਲੰਪਿਕ ਐਸੋਸ਼ੀਏਸ਼ਨ ਦਾ ਧੰਨਵਾਦ ਵੀ ਕੀਤਾ ਗਿਆ।

ਉਂਹਨਾਂ ਵਿਰਾਸਤੀ ਖੇਡ ਦੇ ਮਾਣ-ਮੱਤੇ ਇਤਿਹਾਸ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਗੱਤਕਾ ਖੇਡ ਸੰਨ 1936 ਵਿੱਚ ਅਣਵੰਡੇ ਪੰਜਾਬ ਦੀ ਲਾਹੌਰ ਯੂਨੀਵਰਸਿਟੀ (ਹੁਣ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ) ਵਿੱਚ ਬਤੌਰ ਯੂਨੀਵਰਸਟੀ ਦੇ ਖੇਡ ਕੈਲੰਡਰ ਦਾ ਹਿੱਸਾ ਹੋਇਆ ਕਰਦੀ ਸੀ। ਉਸ ਸਮੇਂ ਦੀ ਸਚਿੱਤਰ ਰੂਲ-ਬੁੱਕ (ਇੰਗਲਿਸ਼ ਵਿੱਚ) ਸ. ਕੇ.ਐਸ. ਅਕਾਲੀ, ਖੇਡ ਡਾਇਰੈਕਟਰ, ਆਰ.ਐਸ.ਡੀ. ਕਾਲਜ, ਫਿਰੋਜਪੁਰ, ਪੰਜਾਬ ਰਾਜ ਵਲੋਂ ਲਿਖੀ ਗਈ ਸੀ ਜੋ ਕਿ ਉਸ ਸਮੇਂ ਯੂਨੀਵਰਸਿਟੀ ਅਤੇ ਕਾਲਜਾਂ ਵਿੱਚ ਹੋਣ ਵਾਲੇ ਗੱਤਕਾ ਖੇਡ ਦੇ ਮੁਕਾਬਲਿਆਂ ਵਿੱਚ ਅਧਿਕਾਰਿਤ ਤੌਰ 'ਤੇ ਵਰਤੀ ਜਾਂਦੀ ਰਹੀ ਹੈ। ਅੱਗੇ ਦੱਸਦਿਆਂ ਉਹਨਾਂ ਚਾਨਣਾ ਪਾਇਆ ਕਿ ਵਿਸ਼ਵ ਗੱਤਕਾ ਫੈਡਰੇਸ਼ਨ ਵਲੋਂ ਗੱਤਕਾ ਖੇਡ ਨੂੰ ਪ੍ਰਫੁੱਲਿਤ ਅਤੇ ਕੁੱਲ ਦੁਨੀਆਂ ਤੱਕ ਪ੍ਰਚਾਰਨ ਹਿੱਤ ਰੋਡ ਮੈਪ ਉਲੀਕਦਿਆਂ ਇੱਕ "ਵਿਜਨ ਡਾਕੂਮੈਂਟ-2030" ਵੀ ਤਿਆਰ ਕੀਤਾ ਗਿਆ ਹੈ। ਜਿਸ ਤਹਿਤ ਅਗਲਾ ਟੀਚਾ ਗੱਤਕਾ ਖੇਡ ਨੂੰ ਏਸ਼ੀਆਡ, ਸ਼ੈਫ ਗੇਮਜ ਤੇ ਰਾਸ਼ਟਰਮੰਡਲ ਖੇਡਾਂ ਵਿੱਚ ਸ਼ਾਮਿਲ ਕਰਾਉਣਾ ਹੈ ਕਿਉਕਿ ਗੱਤਕਾ ਖੇਡ ਦੇ ਹਾਣ ਦੀਆਂ ਖੇਡਾਂ ਪਹਿਲਾਂ ਹੀ ਉਪਰੋਕਤ ਕੌਮਾਂਤਰੀ ਪੱਧਰ ਦੀਆਂ ਖੇਡਾਂ ਵਿੱਚ ਸ਼ਾਮਿਲ ਹੋ ਚੁੱਕੀਆਂ ਹਨ। ਉਹਨਾਂ ਵਿਸ਼ਵ ਗੱਤਕਾ ਫੈਡਰੇਸ਼ਨ ਤੋਂ ਮਾਨਤਾ ਪ੍ਰਾਪਤ ਵੱਖ-ਵੱਖ ਮੁਲਕਾਂ ਦੀਆਂ ਗੱਤਕਾ ਫੈਡਰੇਸ਼ਨਾਂ ਅਤੇ ਮੁੱਖ ਤੌਰ 'ਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ ਇੰਡੀਆ ਦੇ ਸਮੂਹ ਅਹੁਦੇਦਾਰਾਂ, ਕੋਚਾਂ ਅਤੇ ਖਿਡਾਰੀਆਂ ਨੂੰ ਇਸ ਮੌਕੇ ਵਧਾਈ ਦਿੱਤੀ ਅਤੇ ਉਹਨਾਂ ਵਲੋਂ ਪਾਏ ਯੋਗਦਾਨ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਉਹਨਾਂ ਨਾਲ ਸ. ਲਵਪ੍ਰੀਤ ਸਿੰਘ ਅਮਨ, ਇੰਟਰਨੈਸ਼ਨਲ ਰੈਫਰੀ ਕੌਂਸ਼ਲ ਦੇ ਸੀਨੀਅਰ ਰੈਫਰੀ ਕਨੈਡਾ, ਸ. ਕਲਵਿੰਦਰ ਸਿੰਘ ਰਾਏ, ਵਾਇਸ ਪ੍ਰਧਾਨ, ਗੱਤਕਾ ਫੈਡਰੇਸ਼ਨ ਯੂ.ਐਸ.ਏ, ਕੈਲੇਫੋਰਨੀਆਂ, ਸ. ਗਗਨਦੀਪ ਸਿੰਘ ਬਰੇਲੀ, ਨਿਉਯਾਰਕ, ਸ. ਸੁਜਾਨ ਸਿੰਘ ਤੇ ਸ. ਜਸਕੀਰਤ ਸਿੰਘ, ਸ. ਬਲਜਿੰਦਰ ਸਿੰਘ ਸਾਰੇ ਸੀਨੀਅਰ ਕੋਚ, ਅਤੇ ਬੀਬਾ ਸਰਬਜੀਤ ਕੌਰ ਵੀ ਹਾਜ਼ਰ ਸਨ।

# ਐਚ-1ਬੀ ਵੀਜ਼ਾ 'ਤੇ ਵਿਦੇਸ਼ੀ ਸਿਹਤ ਕਰਮੀਆਂ ਨੂੰ ਨੌਕਰੀ 'ਤੇ ਰੱਖਣ ਬਾਰੇ ਬਿੱਲ ਪੇਸ਼

ਨਿਊਯਾਰਕ : ਅਮਰੀਕਾ ਦੀਆਂ ਦੋ ਸੰਸਦ ਮੈਂਬਰਾਂ ਨੇ ਇਕ ਬਿੱਲ ਪੇਸ਼ ਕੀਤਾ ਹੈ ਜਿਸ ਤਹਿਤ ਸਾਬਕਾ ਫ਼ੌਜੀਆਂ ਦੇ ਮਾਮਲਿਆਂ ਬਾਰੇ ਵਿਭਾਗ ਨੂੰ ਐਚ-1ਬੀ ਵੀਜ਼ਿਆਂ ਉਤੇ ਆਏ ਵਿਦੇਸ਼ੀ ਕਰਮੀਆਂ ਨੂੰ ਨੌਕਰੀ 'ਤੇ ਰੱਖਣਾ ਸੌਖਾ ਹੋਵੇਗਾ। ਬਿੱਲ ਵਿਚ ਤਜਵੀਜ਼ ਹੈ ਕਿ ਜੇਕਰ ਦੇਸ਼ ਵਿਚ ਢੁੱਕਵਾਂ ਅਰਜ਼ੀਕਰਤਾ ਨਹੀਂ ਮਿਲਦਾ ਤਾਂ ਵਿਭਾਗ ਐਚ-1ਬੀ ਵੀਜ਼ਾ ਧਾਰਕ ਨੂੰ ਰੱਖ ਸਕਦਾ ਹੈ। ਇਹ ਬਿੱਲ ਰਸ਼ੀਦਾ ਤਲੈਬ ਤੇ ਡੇਲੀਆ ਰਾਮੀਰੇਜ਼ ਨੇ ਪੇਸ਼ ਕੀਤਾ ਹੈ। ਇਸ ਦਾ ਮੰਤਵ ਅਮਰੀਕਾ ਵਿਚ ਸਿਹਤ-ਸੰਭਾਲ ਖੇਤਰ ਵਿਚ ਕਾਮਿਆਂ ਦੀ ਕਮੀ ਨੂੰ ਘਟਾਉਣਾ ਹੈ।




ਕਮੀ ਨੂੰ ਪੂਰਨ ਲਈ ਆਵਾਸੀ ਸਿਹਤ ਵਰਕਰਾਂ, ਜਿਨ੍ਹਾਂ ਕੋਲ ਐਚ-1ਬੀ ਵੀਜ਼ਾ ਹੈ, ਨੂੰ ਸਾਬਕਾ ਫ਼ੌਜੀਆਂ ਨਾਲ ਸਬੰਧਤ ਇਨ੍ਹਾਂ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਐਚ-1ਬੀ ਵੀਜ਼ਾ ਦੀ ਗਿਣਤੀ ਸੀਮਤ ਹੋਣ ਕਾਰਨ ਅਜਿਹੀਆਂ ਸੇਵਾਵਾਂ ਲਈ ਵਿਭਾਗ ਨੂੰ ਕਾਮੇ ਰੱਖਣ ਵਿਚ ਮੁਸ਼ਕਲ ਆ ਰਹੀ ਹੈ।

# ਪੰਜਾਬ ਦੀ .ਫਸਲ ਐਕਸਪੋਰਟ ਕਰਨ ਲਈ ਉਪਰਾਲੇ ਜਾਰੀ : ਬਾਲਮਕੰਦ ਸ਼ਰਮਾ

ਫਰਿਜਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ ਕੁਲਵੰਤ ਧਾਲੀਆਂ) : ਬੁੱਧਵਾਰ ਰਾਤੀਂ ਸਥਾਨਕ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਵਿਖੇ ਕਰੋਬਾਰੀ ਨੀਟੂ ਵਡਿਆਲ ਵੱਲੋ ਕਮੇਡੀਅਨ ਅਤੇ ਮਾਰਕਫਿੱਡ ਦੇ ਅਡੀਸ਼ਨਲ MD ਰਹੇ ਬਾਲ ਮਕੰਦ ਸ਼ਰਮਾ ਜੀ ਦੇ ਸਨਮਾਨ ਹਿੱਤ ਇੱਕ ਸ਼ਾਨਦਾਰ ਸਮਾਗਮ ਦਾ ਅਯੋਜਨ ਕੀਤਾ ਗਿਆ। ਜਿੱਥੇ ਸ਼ਹਿਰ ਦੀਆਂ ਸਿਰਕੱਢ ਸਖਸ਼ੀਅਤਾਂ ਨੇ ਸ਼ਿਰਕਤ ਕਰਕੇ ਪ੍ਰੋਗਰਾਮ ਨੂੰ ਹੋਰ ਵੀ ਚਾਰ ਚੰਨ ਲਾਏ। ਇਸ ਮੌਕੇ ਸ਼੍ਰੀ ਬਾਲ ਮਕੰਦ ਸ਼ਰਮਾ ਨੇ ਪੰਜਾਬ ਦੀ ਕਿਰਸਾਨੀ ਦੀ ਗੱਲ ਕੀਤੀ। ਉਹਨਾਂ ਕਿਹ ਕਿ ਸਾਡੀ ਟੀਮ ਇਸ ਕੋਸ਼ਿਸ਼ ਵਿੱਚ ਹੈ ਕਿ ਕਿਸੇ ਤਰੀਕੇ ਪੰਜਾਬ ਦੇ ਕਿਸਾਨ ਦੀ ਫਸਲ ਅਮਰੀਕਾ, ਕਨੇਡਾ, ਇੰਗਲੈਂਡ ਜਾਂ ਆਸਟਰੇਲੀਆ ਵਰਗੇ ਦੇਸ਼ਾਂ ਨੂੰ ਹਵਾਈ ਜਹਾਜ਼ਾਂ ਰਾਹੀਂ Export ਹੋਣ ਲੱਗ ਜਾਵੇ, ਉਹਨਾਂ ਇਹ ਵੀ ਕਿਹਾ ਕਿ ਇਸ ਪ੍ਰੋਜੈਕਟ ਲਈ ਸਾਡੀ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੂਰੀ ਮੱਦਦ ਕਰ ਰਹੇ ਹਨ। ਉਹਨਾਂ ਕਿਹਾ ਕਿ ਇਸ ਦੀ ਸ਼ੁਰੂਆਤ ਬਾਹਰ ਖੁੱਲ੍ਹੇ ਵੱਡੇ ਪੰਜਾਬੀ ਗਰੌਸਰੀ ਸਟੋਰਾਂ ਦੇ ਸਹਿਯੋਗ ਨਾਲ ਹੋਵੇਗੀ, ਅਤੇ ਉਹਨਾਂ ਕਿਹਾ ਕਿ ਨੀਟੂ ਵਡਿਆਲ ਜਿਹੜੇ ਬੇ-ਲੀਫ਼ ਇੰਡੀਅਨ ਰੈਸਟੋਰੈਂਟ ਦੇ ਨਾਲ "ਗਰੌਸਰੀ ਡੀਪੂ" ਨਾਮੀ ਵੱਡਾ ਪੰਜਾਬੀ ਗਰੌਸਰੀ ਅਤੇ ਹਰੀਆ ਸਬਜ਼ੀਆਂ ਦਾ ਸਟੋਰ ਵੀ ਚਲਾ ਰਹੇ ਹਨ, ਅਗਰ ਏਦਾਂ ਦੇ ਸੱਜਣ ਸਾਡੇ ਇਸ ਪ੍ਰੋਜੈਕਟ ਲਈ ਮੱਦਦ ਕਰਨ ਤਾਂ ਇਹ ਕੰਮ ਕੋਈ ਔਖਾ ਵੀ ਨਹੀਂ। ਉਹਨਾਂ ਕਿਹਾ ਕਿ ਅੱਜਕੱਲ ਤਕਨੀਕੀ ਯੁੱਗ ਵਿੱਚ ਹਵਾਈ ਜਹਾਜ਼ ਇੰਡੀਆ ਤੋਂ ਉੱਡਕੇ ਸਿੱਧੇ ਪੰਦਰਾਂ ਘੰਟਿਆਂ 'ਚ ਅਮਰੀਕਾ ਆ ਜਾਂਦੇ ਨੇ, ਅਗਰ ਬਾਹਰ ਵਸਦੇ ਪੰਜਾਬੀ ਤੇ ਸਰਕਾਰਾਂ ਸਾਥ ਦੇਣ ਤਾਂ ਕੁਝ ਵੀ ਅਸੰਭਵ ਨਹੀਂ। ਇਸ ਮੌਕੇ ਜੋਤ ਰਣਜੀਤ ਕੌਰ, ਸੰਜੀਵ ਕੁਮਾਰ, ਡਾ. ਮੋਮੀ ਆਦਿ ਨੇ ਆਪਣੇ ਵਿਚਾਰ ਰੱਖੇ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਕੀਤਾ। ਗਾਇਕ ਕਮਲਜੀਤ ਬੈਨੀਪਾਲ ਨੇ ਇੱਕ ਗੀਤ ਨਾਲ ਹਾਜ਼ਰੀ ਲਵਾਈ। ਅਖੀਰ ਬੇ-ਲੀਫ਼ ਦੇ ਸੁਆਦਿਸ਼ਟ ਖਾਣੇ ਤੋਂ ਬਾਅਦ ਇਹ ਪ੍ਰੋਗ੍ਰਾਮ ਅਮਿੱਟ ਪੈੜ੍ਹਾਂ ਛੱਡਦਾ ਸਮਾਪਤ ਹੋਇਆ।







## ਸ੍ਰ. ਰਣਜੀਤ ਸਿੰਘ ਮਾਂਗਟ ਰੀਅਲ ਇਸਟੇਟ 'ਚ 22000 ਏਜੰਟਾਂ ਵਿਚੋਂ ਅਮਰੀਕਾ 'ਚ ਪਹਿਲੇ ਨੰਬਰ 'ਤੇ




ਲੈਥਰੋਪ/ਕੈਲੀਫੋਰਨੀਆ, (ਸਾਡੇ ਲੋਕ) : ਸ੍ਰ. ਰਣਜੀਤ ਸਿੰਘ ਮਾਂਗਟ ਰੀਅਲ ਇਸਟੇਟ ਕਾਰੋਬਾਰ 'ਚ ਅਮਰੀਕਾ 'ਚ ਇਕ ਜਾਣਿਆ-ਪਹਿਚਾਣਿਆ ਨਾਮ ਹੈ ਅਤੇ ਇਥੇ ਇਹ ਜ਼ਿਕਰਯੋਗ ਹੈ ਕਿ 2021-22 ਦੇ ਸਾਲ 'ਚ 22000 ਏਜੰਟਾਂ ਵਿਚ ਸ੍ਰ. ਰਣਜੀਤ ਸਿੰਘ ਪਹਿਲੇ ਨੰਬਰ ਉਪਰ ਆਏ ਹਨ। ਸ੍ਰ. ਰਣਜੀਤ ਸਿੰਘ ਜਿਥੇ ਸਿੱਖੀ ਦੇ ਅਨਿਨ ਸੇਵਾਦਾਰ ਅਤੇ ਪੰਥ ਦੇ ਨਿਸ਼ਕਾਮ ਸੇਵਕ ਹਨ, ਉਥੇ ਆਪਣੇ ਕਾਰੋਬਾਰ ਪ੍ਰਤੀ ਸਖ਼ਤ ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਹਨ। ਇਹ ਮੁਕਾਮ ਹਾਸਲ ਕਰਨ ਵਾਲੇ ਉਹ ਪਹਿਲੇ ਸਿੱਖ ਹਨ ਸ੍ਰ. ਮਾਂਗਟ ਜਾਇਦਾਦ ਕਾਰੋਬਾਰ ਦੇ ਨਾਲ-ਨਾਲ ਇੰਸ਼ੋਰੈਂਸ ਦਾ ਕੰਮ ਵੀ ਕਰਦੇ ਹਨ ਅਤੇ ਆਪਣੀ ਪੰਜਾਬੀ ਕਮਿਊਨਿਟੀ ਤੋਂ ਬਾਹਰ ਦੂਜੀਆਂ ਕਮਿਊਨਿਟੀਆਂ 'ਚ ਵੀ ਉਨ੍ਹਾਂ ਦੀ ਉਨੀ ਹੀ ਪੈਠ ਹੈ ਉਨ੍ਹਾਂ ਵਲੋਂ ਇਹ ਮੁਕਾਮ ਹਾਸਲ ਕਰਨ ਉਪਰ ਉਨ੍ਹਾਂ ਨੂੰ ਹਰ ਪਾਸੇ ਤੋਂ ਵਧਾਈਆਂ ਮਿਲ ਰਹੀਆਂ ਹਨ ਅਤੇ ਕਮਿਊਨਿਟੀ ਲਈ ਇਹ ਮਾਣ ਵਾਲੀ ਗੱਲ ਹੈ। ਅਸੀਂ 'ਸਾਡੇ ਲੋਕ', ਖਾਲਸਾ ਅਫੇਅਰ ਚੈਨਲ' ਅਤੇ ਰੇਡੀਓ ਗੱਲਬਾਤ ਦੇ ਸਮੂਹ ਪਰਿਵਾਰ ਉਨ੍ਹਾਂ ਨੂੰ ਮੁਬਾਰਕ ਦਿੰਦੇ ਹਾਂ।

# ਮਹਾਰਾਸ਼ਟਰ 'ਚ ਭੀੜ ਵਲੋਂ 3 ਸਿੱਖ ਬੱਚਿਆਂ ਦੀ ਬੁਰੀ ਤਰ੍ਹਾਂ ਕੁੱਟਮਾਰ-1 ਦੀ ਮੌਤ

ਮੁੰਬਈ : ਮਹਾਰਾਸ਼ਟਰ ਦੇ ਪਰਭਣੀ ਜ਼ਿਲ੍ਹੇ ਦੇ ਉਖਲਦ ਪਿੰਡ ਵਿਚ ਭੀੜ ਵਲੋਂ 3 ਸਿੱਖ ਨੌਜਵਾਨਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ, ਜਿਸ ਕਾਰਨ ਇਨ੍ਹਾਂ 'ਚ ਇਕ 14 ਸਾਲ ਦੇ ਸਿੱਖ ਬੱਚੇ ਦੀ ਮੌਤ ਹੋ ਗਈ ਹੈ, ਜਦਕਿ 2 ਹੋਰ ਸਿੱਖ ਬੱਚੇ ਗੰਭੀਰ ਜ਼ਖ਼ਮੀ ਹੋ ਗਏ ਹਨ। ਜਿਨ੍ਹਾਂ ਨੂੰ ਪੁਲਿਸ ਨੇ ਭੀੜ ਤੋਂ ਬਚਾ ਕੇ ਹਸਪਤਾਲ ਦਾਖ਼ਲ ਕਰਵਾਇਆ ਹੈ। ਇਸ ਮਾਮਲੇ 'ਚ ਪੁਲਿਸ ਨੇ ਕੁੱਲ 9 ਵਿਅਕਤੀਆਂ 'ਤੇ ਕੇਸ ਦਰਜ ਕੀਤਾ ਹੈ ਅਤੇ ਜਿਨ੍ਹਾਂ 'ਚੋਂ 4 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਉਖਲਦ ਪਿੰਡ ਵਿਖੇ ਭੀੜ ਨੇ ਸਿੱਖ ਬੱਚਿਆਂ ਨੂੰ ਬੱਕਰੀ ਚੋਰ ਸਮਝ ਕੇ ਬੁਰੀ ਤਰ੍ਹਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਸੂਚਨਾ ਮਿਲਣ 'ਤੇ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਉਨ੍ਹਾਂ ਨੇ 3 ਸਿੱਖ ਬੱਚਿਆਂ ਨੂੰ ਭੀੜ ਤੋਂ ਛੁਡਵਾਇਆ। ਇਨ੍ਹਾਂ ਤਿੰਨ ਸਿੱਖ ਬੱਚਿਆਂ ਦੀ ਪਛਾਣ ਕ੍ਰਿਪਾਨ ਸਿੰਘ ਭੌਂਦ, ਗੋਰਾ ਸਿੰਘ ਟਾਕ ਅਤੇ ਅਰੁਣ ਸਿੰਘ ਟਾਕ ਵਜੋਂ ਹੋਈ ਹੈ।



ਬੁਰੀ ਤਰ੍ਹਾਂ ਕੁੱਟਮਾਰ ਕਰਨ ਕਾਰਨ ਕ੍ਰਿਪਾਨ ਸਿੰਘ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਤਿੰਨੋਂ ਸਿੱਖ ਬੱਚੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਜਾ ਰਹੇ ਸਨ ਕਿ ਭੀੜ ਨੇ ਬੱਕਰੀ ਚੋਰ ਸਮਝ ਕੇ 3 ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ।



FIRST INFORMATION REPORT
(Under Section 154 Cr.P.C.)

# ਮਹਾਰਾਸ਼ਟਰ 'ਚ ਤਿੰਨ ਸਿੱਖ ਬੱਚਿਆਂ ਦੀ ਕੁੱਟਮਾਰ ਦੇ ਮਾਮਲੇ 'ਚ ਕਾਰਵਾਈ ਲਈ ਮੰਗ ਪੱਤਰ ਸੌਂਪਿਆ

ਇੰਦੌਰ : ਮਹਾਰਾਸ਼ਟਰ ਦੇ ਪਰਬਣੀ ਜ਼ਿਲ੍ਹੇ ਦੇ ਇਕ ਪਿੰਡ 'ਚ ਤਿੰਨ ਸਿੱਖ ਬੱਚਿਆਂ ਦੀ ਬੇਰਹਿਮੀ ਨਾਲ ਕੀਤੀ ਕੁੱਟਮਾਰ ਤੋਂ ਬਾਅਦ ਇਕ ਬੱਚੇ ਦੀ ਮੌਤ ਤੇ ਬਾਕੀਆਂ ਦੇ ਜ਼ਖ਼ਮੀ ਹੋਣ ਦੇ ਮਾਮਲੇ 'ਚ ਦੋਸ਼ੀਆਂ 'ਤੇ ਤੁਰੰਤ ਕਾਰਵਾਈ ਦੀ ਮੰਗ ਲਈ ਸਿੱਖ ਜਥੇਬੰਦੀਆਂ ਨੇ ਮਹਾਰਾਸ਼ਟਰ ਦੇ ਪੁਲਿਸ ਤੇ ਸਿਵਲ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪਿਆ। ਇਸ ਮਾਮਲੇ 'ਚ ਸਚਖੰਡ ਬੋਰਡ ਦੇ ਪ੍ਰਧਾਨ ਡਾ. ਪਰਵਿੰਦਰ ਸਿੰਘ ਪਸਰੀਚਾ ਨੇ ਤੁਰੰਤ ਕਾਰਵਾਈ ਕਰਦਿਆਂ ਇਕ ਪ੍ਰਤੀਨਿਧੀ ਮੰਡਲ ਘਟਨਾ ਸਥਾਨ 'ਤੇ ਭੇਜਿਆ, ਜਿਨ੍ਹਾਂ ਇਸ ਮਾਮਲੇ 'ਚ ਪਰਬਣੀ ਜ਼ਿਲ੍ਹੇ ਦੇ ਡੀ.ਸੀ. ਤੇ ਆਈ.ਜੀ. ਨੂੰ ਮਾਮਲੇ 'ਚ ਕਾਰਵਾਈ ਲਈ ਮੰਗ ਪੱਤਰ ਸੌਂਪਿਆ। ਇਸ ਮਾਮਲੇ 'ਚ ਪਿੰਡ ਉਖਲਦ ਦੇ ਸਰਪੰਚ



ਸਮੇਤ 5 ਦੋਸ਼ੀਆਂ 'ਤੇ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮਾਮਲੇ ਦੀ ਮੱਧ ਪ੍ਰਦੇਸ਼-ਛੱਤੀਸਗੜ੍ਹ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਤੇ ਸੱਚਖੰਡ ਬੋਰਡ ਦੇ ਮੈਂਬਰ ਹਰਪਾਲ ਸਿੰਘ ਭਾਟੀਆ ਸਮੇਤ ਕਈ ਸਿੱਖ ਸ਼ਖਸੀਅਤਾਂ ਨੇ ਨਿੰਦਾ ਕੀਤੀ ਹੈ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਇੰਦੌਰ ਯੂਨਿਟ ਦੀ ਪ੍ਰਧਾਨ ਬੀਬੀ ਦਲਜੀਤ ਕੌਰ ਬਿੰਦਰਾ ਨੇ ਵੀ ਇਸ ਘਟਨਾ ਦੀ ਕਰੜੇ ਸ਼ਬਦਾਂ 'ਚ ਨਿੰਦਾ ਕੀਤੀ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਮਹਾਰਾਸ਼ਟਰ ਦੇ ਪਰਭਣੀ ਜ਼ਿਲ੍ਹੇ ਦੇ ਉਖਲਦ ਪਿੰਡ ਵਿਚ ਭੀੜ ਵਲੋਂ 3 ਸਿੱਖ ਨੌਜਵਾਨਾਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ ਸੀ, ਜਿਸ ਕਾਰਨ ਇਨ੍ਹਾਂ 'ਚ ਇਕ 14 ਸਾਲ ਦੇ ਸਿੱਖ ਬੱਚੇ ਦੀ ਮੌਤ ਹੋ ਗਈ ਸੀ ਜਦਕਿ 2 ਹੋਰ ਸਿੱਖ ਬੱਚੇ ਗੰਭੀਰ ਜ਼ਖ਼ਮੀ ਹੋ ਗਏ ਸਨ। ਜਿਨ੍ਹਾਂ ਨੂੰ ਪੁਲਿਸ ਨੇ ਭੀੜ ਤੋਂ ਬਚਾ ਕੇ ਹਸਪਤਾਲ ਦਾਖ਼ਲ ਕਰਵਾਇਆ ਹੈ। ਇਸ ਮਾਮਲੇ 'ਚ ਪੁਲਿਸ ਨੇ ਕੁੱਲ 9 ਵਿਅਕਤੀਆਂ 'ਤੇ ਕੇਸ ਦਰਜ ਕੀਤਾ ਹੈ ਅਤੇ ਜਿਨ੍ਹਾਂ 'ਚੋਂ 4 ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਖਲਦ ਪਿੰਡ ਵਿਖੇ ਭੀੜ ਨੇ ਸਿੱਖ ਬੱਚਿਆਂ ਨੂੰ ਬੱਕਰੀ ਚੋਰ ਸਮਝ ਕੇ ਬੁਰੀ ਤਰ੍ਹਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ।


American Freight Corp.

ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ

ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)

ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ

ਡਰਾਈਵਰਾਂ ਦੀ ਜ਼ਰੂਰਤ ਹੈ

Need Team & Solo Driver With 2 Year Experience




(209) 405-1544

127 Darcy Parkway, Lathrop, CA 95330

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

# ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਦੀਵਾਲੀਆ ਹੋਣ ਤੋਂ ਬਚਿਆ ਅਮਰੀਕਾ! ਰਾਸ਼ਟਰਪਤੀ ਬਾਈਡੇਨ ਅਤੇ ਕੇਵਿਨ ਵਿਚਾਲੇ ਹੋਇਆ ਕਰਜ਼ਾ ਸਮਝੌਤਾ



ਵਾਸ਼ਿੰਗਟਨ : ਅਮਰੀਕਾ ਸਮੇਤ ਪੂਰੀ ਦੁਨੀਆ ਲਈ ਰਾਹਤ ਦੀ ਖ਼ਬਰ ਹੈ। ਕਰਜ਼ੇ ਦੇ ਸੰਕਟ ਨਾਲ ਜੂਝ ਰਿਹਾ ਅਮਰੀਕਾ ਦੀਵਾਲੀਆ ਹੋਣ ਦੀ ਕਗਾਰ ’ਤੇ ਪਹੁੰਚ ਗਿਆ ਸੀ ਪਰ ਹੁਣ ਲੱਗਦਾ ਹੈ ਕਿ ਜਲਦੀ ਹੀ ਅਮਰੀਕਾ ਇਸ ਸੰਕਟ ’ਤੇ ਕਾਬੂ ਪਾ ਲਵੇਗਾ। ਦਰਅਸਲ ਰਾਸ਼ਟਰਪਤੀ ਜੋਅ ਬਾਈਡੇਨ, ਰਿਪਬਲਿਕਨ ਸੰਸਦ ਮੈਂਬਰ ਅਤੇ ਅਮਰੀਕੀ ਕਾਂਗਰਸ ਦੇ ਸਪੀਕਰ ਕੇਵਿਨ ਮੈਕਕਾਰਥੀ ਵਿਚਕਾਰ ਕਰਜ਼ੇ ਦੀ ਸੀਮਾ ਨੂੰ ਲੈ ਕੇ ਲਗਭਗ ਸਮਝੌਤਾ ਹੋ ਚੁੱਕਾ ਹੈ। ਇਸ ਸਮਝੌਤੇ ਤਹਿਤ ਕਰਜ਼ੇ ਦੀ ਸੀਮਾ ਵਧਾ ਕੇ 31.4 ਟ੍ਰਿਲੀਅਨ ਡਾਲਰ ਕਰਨ ’ਤੇ ਸਹਿਮਤੀ ਬਣੀ ਹੈ। ਇਸ ਦੇ ਨਾਲ ਹੀ ਅਮਰੀਕਾ ’ਚ ਕਰੀਬ ਇਕ ਮਹੀਨੇ ਤੋਂ ਚੱਲ ਰਿਹਾ ਟਕਰਾਅ ਵੀ ਖ਼ਤਮ ਹੋ ਜਾਵੇਗਾ।


ਮੀਡੀਆ ਰਿਪੋਰਟਾਂ ਮੁਤਾਬਕ ਦੋਵਾਂ ਸਿਖਰਲੇ ਨੇਤਾਵਾਂ ਵਿਚਾਲੇ ਅਜੇ ਤੱਕ ਪੂਰਾ ਸਮਝੌਤਾ ਨਹੀਂ ਹੋਇਆ ਹੈ ਪਰ ਲਗਭਗ ਸਹਿਮਤੀ ਬਣ ਗਈ ਹੈ। ਅਜੇ ਕੁਝ ਚੀਜ਼ਾਂ ’ਤੇ ਗੱਲਬਾਤ ਬਾਕੀ ਹੈ ਅਤੇ ਜਲਦੀ ਹੀ ਦੋਵੇਂ ਨੇਤਾ ਸਮਝੌਤੇ ’ਤੇ ਅੰਤਿਮ ਮੋਹਰ ਲਗਾਉਣਗੇ। ਰਿਪੋਰਟਾਂ ਮੁਤਾਬਕ ਸ਼ਨੀਵਾਰ ਸ਼ਾਮ ਰਾਸ਼ਟਰਪਤੀ ਬਾਈਡੇਨ ਅਤੇ ਕੇਵਿਨ ਮੈਕਕਾਰਥੀ ਵਿਚਾਲੇ 90 ਮਿੰਟ ਤੱਕ ਫੋਨ ’ਤੇ ਗੱਲਬਾਤ ਹੋਈ। ਇਸ ਡੀਲ ਨਾਲ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਅਮਰੀਕਾ ਨੂੰ ਰਾਹਤ ਮਿਲੇਗੀ। ਤੁਹਾਨੂੰ ਦੱਸ ਦੇਈਏ ਕਿ ਜੇਕਰ ਜਲਦ ਹੀ ਕਰਜ਼ ਸੀਮਾ ’ਤੇ ਕੋਈ ਸਮਝੌਤਾ ਨਾ ਹੁੰਦਾ ਤਾਂ ਅਮਰੀਕਾ ਦਾ ਖਜ਼ਾਨਾ ਖਾਲੀ ਹੋ ਸਕਦਾ ਸੀ, ਜਿਸ ਕਾਰਨ ਅਮਰੀਕਾ ’ਤੇ ਦੀਵਾਲੀਏਪਣ ਦਾ ਖਤਰਾ ਸੀ। ਇਸ ਨਾਲ ਨਾ ਸਿਰਫ ਅਮਰੀਕਾ ਬਲਕਿ ਪੂਰੀ ਵਿਸ਼ਵ ਅਰਥਵਿਵਸਥਾ ਪ੍ਰਭਾਵਿਤ ਹੁੰਦੀ।

ਅਮਰੀਕੀ ਸਰਕਾਰ ਆਪਣੇ ਖਰਚਿਆਂ ਅਤੇ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਕਾਨੂੰਨੀ ਤੌਰ ’ਤੇ ਪੈਸੇ ਉਧਾਰ ਲੈਂਦੀ ਹੈ। ਅਮਰੀਕਾ ਦੀ ਸੰਸਦ ਨੇ ਇੱਕ ਕਾਨੂੰਨ ਬਣਾ ਕੇ ਇਸ ਕਰਜ਼ੇ ਨੂੰ ਲੈਣ ਦੀ ਹੱਦ ਤੈਅ ਕੀਤੀ ਹੈ, ਜਿਸ ਨੂੰ ’ਕਰਜ਼ਾ ਸੀਲਿੰਗ’ ਕਿਹਾ ਜਾਂਦਾ ਹੈ। ਅਮਰੀਕੀ ਸੰਵਿਧਾਨ ਮੁਤਾਬਕ ਕਾਂਗਰਸ ਨੂੰ ਸਰਕਾਰੀ ਖਰਚਿਆਂ ਨੂੰ ਕੰਟਰੋਲ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਸਰਕਾਰ ਤੈਅ ਕਰਜ਼ਾ ਸੀਮਾ ਤੋਂ ਵੱਧ ਕਰਜ਼ਾ ਨਹੀਂ ਲੈ ਸਕਦੀ। ਅਮਰੀਕੀ ਪ੍ਰਤੀਨਿਧੀ ਸਭਾ ਵਿੱਚ ਵਿਰੋਧੀ ਰਿਪਬਲਿਕਨ ਪਾਰਟੀ ਨੂੰ ਬਹੁਮਤ ਹਾਸਲ ਹੈ। ਰਿਪਬਲਿਕਨ ਸੰਸਦ ਮੈਂਬਰ ਕਰਜ਼ੇ ਦੀ ਸੀਮਾ ਵਧਾਉਣ ਦੇ ਹੱਕ ਵਿੱਚ ਨਹੀਂ ਸਨ, ਜਿਸ ਕਾਰਨ ਵਿਵਾਦ ਖੜ੍ਹਾ ਹੋ ਗਿਆ ਸੀ।

ਮੈਕਕਾਰਥੀ ਨੇ ਕਿਹਾ ਕਿ ਉਹ ਐਤਵਾਰ ਨੂੰ ਦੁਬਾਰਾ ਬਾਈਡੇਨ ਨਾਲ ਸਲਾਹ-ਮਸ਼ਵਰਾ ਕਰੇਗਾ ਅਤੇ ਸ਼ਨੀਵਾਰ ਨੂੰ ਉਸ ਨਾਲ ਗੱਲ ਕਰਨ ਤੋਂ ਬਾਅਦ ਬਿੱਲ ਦੇ ਅੰਤਮ ਖਰੜੇ ਦੀ ਨਿਗਰਾਨੀ ਕਰੇਗਾ। ਸਦਨ ਬੁੱਧਵਾਰ ਨੂੰ ਇਸ ’ਤੇ ਦੁਬਾਰਾ ਵੋਟਿੰਗ ਕਰੇਗਾ। ਸੰਕਟ ਦੀ ਇਸ ਘੜੀ ਵਿੱਚ ਇਸ ਸਮਝੌਤੇ ਨੂੰ ਵੱਡੀ ਕਾਮਯਾਬੀ ਮੰਨਿਆ ਜਾ ਰਿਹਾ ਹੈ। ਇਸ ਸਮਝੌਤੇ ਨੂੰ 5 ਜੂਨ ਤੋਂ ਪਹਿਲਾਂ ਪ੍ਰਤੀਨਿਧ ਸਦਨ ਵਿੱਚ ਪਾਸ ਕਰਨਾ ਜ਼ਰੂਰੀ ਹੈ। ਜੇਕਰ ਇਹ ਕਦਮ ਨਾ ਚੁੱਕਿਆ ਜਾਂਦਾ ਤਾਂ ਦੁਨੀਆ ਦੀ ਸਭ ਤੋਂ ਵੱਡੀ ਅਰਥਵਿਵਸਥਾ ’ਤੇ ਮੰਦੀ ਦਾ ਖ਼ਤਰਾ ਸੀ।

# ਫਿਲਾਡੇਲਫੀਆ ’ਚ 21 ਸਾਲਾ ਭਾਰਤੀ ਮੂਲ ਦੇ ਵਿਦਿਆਰਥੀ ਦੀ ਹੱਤਿਆ

ਫਿਲਾਡੇਲਫੀਆ : ਅਮਰੀਕਾ ਤੋਂ ਇਕ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ ਫਿਲਾਡੇਲਫੀਆ ਵਿੱਚ ਇੱਕ 21 ਸਾਲਾ ਭਾਰਤੀ ਮੂਲ ਦੇ ਵਿਦਿਆਰਥੀ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਖਲੀਜ ਟਾਈਮਜ਼ ਨੇ ਇਸ ਸਬੰਧੀ ਜਾਣਕਾਰੀ ਦਿੱਤੀ। ਮ੍ਰਿਤਕ ਵਿਦਿਆਰਥੀ ਦੀ ਪਛਾਣ ਜੂਡ ਚਾਕੋ ਵਜੋਂ ਹੋਈ ਹੈ। ਖਲੀਜ ਟਾਈਮਜ਼ ਨੇ ਅੱਗੇ ਦੱਸਿਆ ਕਿ ਐਤਵਾਰ (ਸਥਾਨਕ ਸਮੇਂ ਮੁਤਾਬਕ) ਨੂੰ ਕੰਮ ਤੋਂ ਵਾਪਸ ਆਉਂਦੇ ਸਮੇਂ ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ।



ਖਲੀਜ ਟਾਈਮਜ਼ ਅਪ੍ਰੈਲ 1978 ਵਿੱਚ ਸ਼ੁਰੂ ਕੀਤਾ ਗਿਆ ਇੱਕ ਯੂਏਈ-ਅਧਾਰਤ ਅੰਗਰੇਜ਼ੀ ਰੋਜ਼ਾਨਾ ਅਖ਼ਬਾਰ ਹੈ। ਖਲੀਜ ਟਾਈਮਜ਼ ਨੇ ਭਾਰਤੀ ਮੀਡੀਆ ਦੇ ਹਵਾਲੇ ਨਾਲ ਦੱਸਿਆ ਕਿ ‘ਪੀੜਤ ਦੇ ਮਾਤਾ-ਪਿਤਾ ਲਗਭਗ 30 ਸਾਲ ਪਹਿਲਾਂ ਕੇਰਲਾ ਦੇ ਕੋਲਮ ਜ਼ਿਲ੍ਹੇ ਤੋਂ ਅਮਰੀਕਾ ਚਲੇ ਗਏ ਸਨ।’ ਜੂਡ ਚਾਕੋ ਇੱਕ ਵਿਦਿਆਰਥੀ ਸੀ, ਜੋ ਪਾਰਟ-ਟਾਈਮ ਵੀ ਕੰਮ ਕਰਦਾ ਸੀ। ਖਲੀਜ ਟਾਈਮਜ਼ ਦੀ ਰਿਪੋਰਟ ਅਨੁਸਾਰ ਲੁੱਟ ਦੀ ਕੋਸ਼ਿਸ਼ ਦੌਰਾਨ ਦੋ ਵਿਅਕਤੀਆਂ ਨੇ ਉਸ ’ਤੇ ਹਮਲਾ ਕੀਤਾ ਸੀ।

ਇਸ ਸਾਲ ਸਾਹਮਣੇ ਆਈ ਇਹ ਦੂਜੀ ਘਟਨਾ ਹੈ, ਜਿਸ ਵਿੱਚ ਅਮਰੀਕਾ ਵਿੱਚ ਭਾਰਤੀ ਮੂਲ ਦੇ ਵਿਦਿਆਰਥੀ ਨੂੰ ਨਿਸ਼ਾਨਾ ਬਣਾ ਕੇ ਮਾਰਿਆ ਗਿਆ। ਇਸ ਤੋਂ ਪਹਿਲਾਂ ਆਂਧਰਾ ਪ੍ਰਦੇਸ਼ ਦੇ ਇੱਕ 24 ਸਾਲਾ ਵਿਦਿਆਰਥੀ ਦੀ 21 ਅਪ੍ਰੈਲ, 2023 ਨੂੰ ਅਮਰੀਕਾ ਦੇ ਇੱਕ ਬਾਲਣ ਸਟੇਸ਼ਨ ’ਤੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ, ਪੁਲਸ ਦੇ ਕੋਲੰਬਸ ਡਿਵੀਜ਼ਨ ਨੇ ਇਸ ਸਬੰਧੀ ਜਾਣਕਾਰੀ ਦਿੱਤੀ ਸੀ। ਪੀੜਤ ਦੀ ਪਛਾਣ ਸਾਈਸ਼ ਵੀਰਾ ਵਜੋਂ ਹੋਈ, ਉਹ ਓਹੀਓ ਦੇ ਇੱਕ ਪੈਟਰੋਲ ਸਟੇਸ਼ਨ ’ਤੇ ਕੰਮ ਕਰਦਾ ਸੀ। ਪੁਲਸ ਨੇ ਦੱਸਿਆ ਕਿ ਨੌਕਰੀ ਦੌਰਾਨ ਅਣਪਛਾਤੇ ਹਮਲਾਵਰਾਂ ਨੇ ਉਸ ਨੂੰ ਗੋਲੀ ਮਾਰ ਦਿੱਤੀ ਸੀ। ਪੁਲਸ ਨੇ ਸ਼ੱਕੀ ਦੀ ਤਸਵੀਰ ਵੀ ਜਾਰੀ ਕੀਤੀ ਸੀ ਅਤੇ ਦੋਸ਼ੀ ਦੀ ਪਛਾਣ ਕਰਨ ’ਚ ਮਦਦ ਮੰਗੀ ਸੀ।

# ਸਿਨਸਿਨਾਟੀ ਵਿਖੇ ਕਰਵਾਇਆ ਰੀਜਨਲ ਸਿੱਖ ਯੂਥ ਸਿਮਪੋਜ਼ੀਅਮ 2023

ਸਿਨਸਿਨਾਟੀ, ਓਹਾਇਓ : ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਵੱਲੋਂ ਕਰਵਾਏ ਜਾਂਦੇ ਸਲਾਨਾ ਸਿੱਖ ਯੂਥ ਸਿਮਪੋਜ਼ੀਅਮ 2023 ਸੰਬੰਧੀ ਖੇਤਰੀ (ਰੀਜਨਲ) ਪੱਧਰ ਦੇ ਭਾਸ਼ਣ ਮੁਕਾਬਲੇ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ ਕਰਵਾਏ ਗਏ। ਓਹਾਇਓ ਅਤੇ ਪੈਨਸਿਲਵੇਨੀਆ ਸੂਬੇ ਦੇ ਇਸ ਰੀਜਨਲ ਸਿਮਪੋਜ਼ੀਅਮ ਵਿੱਚ ਸਿਨਸਿਨਾਟੀ, ਕਲੀਵਲੈਂਡ ਅਤੇ ਪਿਟਸਬਰਗ ਸ਼ਹਿਰਾਂ ਦੇ 6 ਤੋਂ 23 ਸਾਲ ਤੱਕ ਦੇ 26 ਬੱਚਿਆਂ ਨੇ ਭਾਗ ਲਿਆ। ਇਸ ਤੋਂ ਪਹਿਲਾਂ ਅਪ੍ਰੈਲ ਮਹੀਨੇ ਵਿੱਚ ਇਹਨਾਂ ਤਿੰਨਾ ਸ਼ਹਿਰਾਂ ਦੇ ਸਥਾਨਕ ਪੱਧਰ ਦੇ ਸਿਮਪੋਜ਼ੀਅਮ ਮੁਕਾਬਲੇ ਕਰਵਾਏ ਗਏ ਸਨ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਸਿਮਪੋਜ਼ੀਅਮ ਲਈ ਸਿਨਸਿਨਾਟੀ ਅਤੇ ਡੇਟਨ ਖੇਤਰ ਦੇ ਸਥਾਨਕ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਅਪ੍ਰੈਲ ਦੇ ਮਹੀਨੇ ਵਿੱਚ ਤਿੰਨਾ ਸ਼ਹਿਰਾਂ ਦੇ ਸਥਾਨਕ ਪੱਧਰ ‘ਤੇ ਹੋਏ ਸਿਮਪੋਜ਼ੀਅਮ ਦੇ ਜੇਤੂ ਬੱਚੇ ਰੀਜਨਲ ਸਿਮਪੋਜ਼ੀਅਮ ਵਿੱਚ ਭਾਗ ਲੈਂਦੇ ਹਨ।

ਗੁਮਟਾਲਾ ਨੇ ਦੱਸਿਆ ਕਿ ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਹਰੇਕ ਗਰੁੱਪ ਨੂੰ ਪਹਿਲਾਂ ਜਨਵਰੀ ਦੇ ਮਹੀਨੇ ਇਕ ਕਿਤਾਬ ਦਿੱਤੀ ਜਾਂਦੀ ਹੈ ਤੇ ਭਾਗ ਲੈਣ ਵਾਲਿਆਂ ਨੇ ਉਸ ਦੇ ਵਿਚੋਂ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ 5 ਤੋਂ 7 ਮਿੰਟ ਵਿਚ ਭਾਸ਼ਣ ਦੇ ਰੂਪ ਵਿਚ ਦੇਣੇ ਹੁੰਦੇ ਹਨ। ਇਸ ਸਾਲ ਪਹਿਲੇ ਗਰੁੱਪ ਨੂੰ “ਬੇਸਿਕ ਨੋਲੇਜ ਆਫ ਸਿੱਖਇਜ਼ਮ, ਦੂਜੇ ਨੂੰ “ਸਿੱਖ ਸਾਖੀਜ਼ ਫਾਰ ਯੂਥ, ਤੀਜੇ ਨੂੰ “ਦੀ ਟਰਬਨ, ਅਤੇ ਚੌਥੇ ਨੂੰ “ਗੁਰੂ ਗ੍ਰੰਥ ਸਾਹਿਬ - ਸੁਪਰੀਮ ਟਰੇਜ਼ਰ” ਕਿਤਾਬ ਦਿੱਤੀ ਗਈ, ਜਿਸ ਵਿੱਚੋਂ ਉਹਨਾਂ ਦਿੱਤੇ ਗਏ ਸਵਾਲਾਂ ਦੇ ਜਵਾਬ ਵਿੱਚ ਭਾਸਣ ਦਿੱਤੇ। ਗਰੁਪ 5 ਨੂੰ “ਸਿੱਖ ਜੀਵਨ ਜਾਚ/ਸਿੱਖ ਰਹਿਤ ਮਰਿਆਦਾ ਅਤੇ ਗੁਰਬਾਣੀ”ਦਾ ਵਿਸ਼ਾ ਦਿੱਤਾ ਗਿਆ ਸੀ।



ਇਸ ਸਾਲ ਸਿਨਸਿਨਾਟੀ ਤੋਂ 11, ਕਲੀਵਲੈਂਡ ਤੋਂ 10 ਅਤੇ ਪਿਟਸਬਰਗ ਤੋਂ 6 ਨੌਜਵਾਨਾਂ ਨੇ ਰੀਜਨਲ ਲਈ ਭਾਗ ਲਿੱਤਾ। ਸਿਮਪੋਜ਼ੀਅਮ ਦੀ ਅਰੰਭਤਾ ਅਤੇ ਸਮਾਪਤੀ ਅਰਦਾਸ ਅਤੇ ਹੁਕਮਨਾਮਾ ਲੈ ਕੇ ਹੋਈ। ਬੱਚਿਆਂ ਨੇ ਭਾਸ਼ਣ ਤਿਆਰ ਕਰਨ ਲਈ ਬਹੁਤ ਮਿਹਨਤ ਕੀਤੀ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਇਨਾਮ ਵਿੱਚ ਟਰੋਫੀਆਂ ਦਿੱਤੀਆਂ ਗਈਆਂ। ਪੰਜਾਬੀ ਵਿੱਚ ਭਾਸ਼ਣ ਦੇਣ ਵਾਲੇ ਬੱਚਿਆਂ ਨੂੰ ਵੱਖਰਾ ਵਿਸ਼ੇਸ਼ ਅਵਾਰਡ ਵੀ ਦਿੱਤਾ ਗਿਆ। ਗਰੁੱਪ 1 ਵਿੱਚ ਜਸਦੀਪ ਸਿੰਘ, ਗਰੁੱਪ 2 ਵਿੱਚ ਤ੍ਰਿਸ਼ਾ ਕੌਰ, ਗਰੁੱਪ 3 ਵਿੱਚ ਬਰਨਤ ਕੌਰ, ਗਰੁੱਪ 4 ਵਿੱਚ ਮਾਨਿਤ ਸਿੰਘ ਅਤੇ ਗਰੁੱਪ 5 ਵਿੱਚ ਹਰਜੋਤ ਕੌਰ ਪਹਿਲੇ ਸਥਾਨ ‘ਤੇ ਆਏ। ਇਹ ਜੇਤੂ ਬੱਚੇ 3 ਤੋਂ 6 ਅਗਸਤ, 2023 ਵਿੱਚ ਸ਼ਾਰਲੈਟ, ਨਾਰਥ ਕੈਰੋਲਾਈਨਾ ਵਿਖੇ ਹੋਣ ਵਾਲੇ ਅੰਤਰਰਾਸ਼ਟਰੀ ਸਿਮਪੋਜ਼ੀਅਮ ਵਿੱਚ ਭਾਗ ਲੈਣਗੇ।

ਸਿੱਖ ਯੂਥ ਅਲਾਇੰਸ ਆਫ ਨਾਰਥ ਅਮਰੀਕਾ (ਸਿਆਨਾ) ਸੰਸਥਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਅਨੁਸਾਰ ਸੰਸਥਾ ਵਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪ੍ਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ, ਫਿਰ ਰਾਜ ਪੱਧਰੀ ਤੇ ਅੰਤ ਵਿਚ ਅਗਸਤ ਦੇ ਮਹੀਨੇ ਵਿਚ ਅੰਤਰ-ਰਾਸ਼ਟਰੀ ਪੱਧਰ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਇਸ ਵਿਚ ਰਾਜ ਪੱਧਰੀ ਮੁਕਾਬਲਿਆਂ ਦੇ ਜੇਤੂ ਬੱਚੇ ਭਾਗ ਲੈਂਦੇ ਹਨ। ਰਾਜ ਪੱਧਰੀ ਮੁਕਾਬਲਿਆਂ ਲਈ ਅਮਰੀਕਾ ਅਤੇ ਕੈਨੇਡਾ ਨੂੰ 13 ਹਿੱਸਿਆਂ ਵਿਚ ਵੰਡਿਆ ਗਿਆ ਹੈ ਤੇ ਹਰ ਖਿੱਤੇ ਤੋਂ ਜੇਤੂ ਬੱਚੇ ਫਾਈਨਲ ਮੁਕਾਬਲਿਆਂ ਵਿਚ ਜਾਂਦੇ ਹਨ। ਉਹਨਾਂ ਕਿਹਾ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਨਾਲ ਹੀ ਉਹਨਾਂ ਨੂੰ ਭਾਸ਼ਣ ਲਿਖਣ ਅਤੇ ਬੋਲਣ ਦਾ ਵੀ ਪਤਾ ਲੱਗਦਾ ਹੈ।

# ਅਮਰੀਕਾ ਦੀਵਾਲੀਆ ਹੋਇਆ ਤਾਂ ਡੁੱਬ ਜਾਵੇਗੀ ਦੁਨੀਆ, 78 ਲੱਖ ਨੌਕਰੀਆਂ ਅਤੇ 10 ਲੱਖ ਕਰੋੜ ਡਾਲਰ ਹੋ ਜਾਣਗੇ ਤਬਾਹ

ਨਵੀਂ ਦਿੱਲੀ : ਪਿਛਲੇ ਤਿੰਨ ਸਾਲਾਂ ’ਚ ਗਲੋਬਲ ਅਰਥਵਿਵਸਥਾ ਨੂੰ 2 ਕਾਫੀ ਵੱਡੇ ਝਟਕੇ ਲੱਗੇ ਹਨ। ਹੁਣ ਅਮਰੀਕਾ ਦੇ ਕਰਜ਼ੇ ਦੇ ਸੰਕਟ ਵਜੋਂ ਦੁਨੀਆ ਨੂੰ ਤੀਜਾ ਵੱਡਾ ਝਟਕਾ ਲੱਗਣ ਦਾ ਖਦਸ਼ਾ ਕਾਫੀ ਵਧ ਗਿਆ ਹੈ। ਪਹਿਲਾਂ ਕੋਰੋਨਾ ਮਹਾਮਾਰੀ ਅਤੇ ਫਿਰ ਯੂਰਪ ’ਚ 1945 ਤੋਂ ਬਾਅਦ ਦੀ ਸਭ ਤੋਂ ਵੱਡੀ ਜੰਗ ਨਾਲ ਗਲੋਬਲ ਅਰਥਵਿਵਸਥਾ ਜੂਝੀ ਹੈ। ਇਸ ਤੋਂ ਬਾਅਦ ਹੁਣ ਅਮਰੀਕੀ ਸਰਕਾਰ ਦੇ ਆਪਣੇ ਬਿੱਲਾਂ ਦਾ ਭੁਗਤਾਨ ਨਾ ਕਰ ਸਕਣ ਦਾ ਡਰ ਵਿੱਤੀ ਮਾਰਕੀਟ ’ਤੇ ਭਾਰੀ ਪੈ ਰਿਹਾ ਹੈ। ਜ਼ਿਆਦਾਤਰ ਲੋਕਾਂ ਲਈ ਇਹ ਇਕ ਕਲਪਨਾਯੋਗ ਗੱਲ ਹੈ। ਕੀ ਕਦੀ ਕਿਸੇ ਨੇ ਸੋਚਿਆ ਸੀ ਕਿ ਅਮਰੀਕੀ ਸਰਕਾਰ ਨਕਦੀ ਸੰਕਟ ਨਾਲ ਜੂਝੇਗੀ। ਉਹ ਆਪਣੇ ਬਿੱਲਾਂ ਦੀ ਪੇਮੈਂਟ ਨਹੀਂ ਕਰ ਸਕੇਗੀ ਅਤੇ ਉਸ ’ਤੇ ਦਿਵਾਲੀਆ ਹੋਣ ਦਾ ਖਤਰਾ ਮੰਡਰਾ ਰਿਹਾ ਹੋਵੇਗਾ। ਸ਼ਾਇਦ ਕਦੀ ਨਹੀਂ ਪਰ ਸੱਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਸ਼ੁੱਕਰਵਾਰ ਨੂੰ ਅਜਿਹੇ ਸੰਕੇਤ ਮਿਲੇ ਸਨ ਕਿ ਅਮਰੀਕੀ ਸਰਕਾਰ ਦੀ ਕਰਜ਼ੇ ਦੀ ਲਿਮਟ ਨੂੰ ਵਧਾਉਣ ਦੀ ਗੱਲਬਾਤ ਜ਼ੋਰ ਫੜ ਰਹੀ ਹੈ। ਜੇ ਅਜਿਹਾ ਹੁੰਦਾ ਹੈ ਤਾਂ ਇਹ 2008 ਦੇ ਗਲੋਬਲ ਵਿੱਤੀ ਸੰਕਟ ਨੂੰ ਸੱਦਾ ਦੇਣਾ ਹੋਵੇਗਾ। ਉੱਥੇ ਹੀ ਡਿਫਾਲਟ ਹੋ ਜਾਣਾ ਇਕ ਲੱਖ ਗੁਣਾ ਜ਼ਿਆਦਾ ਖਰਾਬ ਹੋਵੇਗਾ। ਡਾਰਟਮਾਊਥ ਯੂਨੀਵਰਸਿਟੀ ਵਿਚ ਇਕੋਨੋਮੀ ਦੇ ਪ੍ਰੋਫੈਸਰ ਅਤੇ ਬੈਂਕ ਆਫ ਇੰਗਲੈਂਡ ’ਚ ਸਾਬਕਾ ਵਿਆਜ ਦਰ ਸੈਟਰ ਡੈਨੀ ਬਲੈਂਚਫਲਾਵਰ ਨੇ ਇਹ ਗੱਲ ਕਹੀ ਹੈ। ਉਨ੍ਹਾਂ ਨੇ ਕਿਹਾ ਕਿ ਕੀ ਹੋਵੇਗਾ ਜੇ ਦੁਨੀਆ ’ਚ ਮਹਾਸ਼ਕਤੀ ਸਮਝਿਆ ਜਾਣ ਵਾਲਾ ਦੇਸ਼ ਆਪਣੇ ਬਿੱਲਾਂ ਦਾ ਭੁਗਤਾਨ ਨਾ ਕਰ ਸਕੇ? ਇਸ ਦੇ ਭਿਆਨਕ ਨਤੀਜੇ ਹੋਣਗੇ।



ਮੂਡੀਜ਼ ਐਨਾਲਿਟਿਕਸ ਦੇ ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਇਕ ਹਫਤੇ ਤੱਕ ਦੇ ਨਕਦੀ ਸੰਕਟ ਨਾਲ ਹੀ ਅਮਰੀਕਾ ਦੀ ਜੀ. ਡੀ. ਪੀ. 0.7 ਫੀਸਦੀ ਤੱਕ ਡਿਗ ਸਕਦੀ ਹੈ ਅਤੇ 15 ਲੱਖ ਨੌਕਰੀਆਂ ਜਾ ਸਕਦੀਆਂ ਹਨ। ਜੇ ਸਿਆਸੀ ਡੈੱਡਲਾਕ ਹੋਰ ਅੱਗੇ ਵਧਦਾ ਹੈ, ਟ ?ਰੇਜਰੀ ਦੂਜੇ ਬਿੱਲਾਂ ’ਤੇ ਡੇਟ ਪੇਮੈਂਟ ਨੂੰ ਤਰਜੀਹ ਦਿੰਦਾ ਹੈ ਤਾਂ ਅਮਰੀਕੀ ਅਰਥਵਿਵਸਥਾ ਲਈ ਇਹ ਝਟਕਾ ਖਤਰਨਾਕ ਹੋਵੇਗਾ। ਇਸ ਨਾਲ ਜੀ. ਡੀ. ਪੀ. ਵਿਚ 4.6 ਫੀਸਦੀ ਦੀ ਗਿਰਾਵਟ ਆਏਗੀ। ਇਸ ਨਾਲ 78 ਲੱਖ ਨੌਕਰੀਆਂ ਚਲੀਆਂ ਜਾਣਗੀਆਂ। ਸ਼ੇਅਰ ਬਾਜ਼ਾਰ ਡਿਗ ਜਾਣਗੇ। ਕਰੀਬ 10 ਲੱਖ ਕਰੋੜ ਡਾਲਰ ਦੀ ਘਰੇਲੂ ਜਾਇਦਾਦ ਦਾ ਸਫਾਇਆ ਹੋ ਜਾਏਗਾ ਅਤੇ ਕਰਜ਼ਾ ਕਾਫੀ ਮਹਿੰਗਾ ਹੋ ਜਾਏਗਾ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਦੇ ਡਿਫਾਲਟ ਹੋਣ ਨਾਲ ਇਸ ਦੇਸ਼ ’ਚ ਵੱਡੀ ਮੰਦੀ ਆਏਗੀ। ਇਹ ਗਲੋਬਲ ਅਰਥਵਿਵਸਥਾ ਨੂੰ ਡੋਬ ਦੇਵੇਗੀ।

**ਗਲੋਬਲ ਮਾਰਕੀਟਸ ’ਤੇ ਵਰ੍ਹੇਗਾ ਕਹਿਰ :** ਇਹ ਵਿਸ਼ਵਾਸ ਕਿ ਅਮਰੀਕਾ ਦੀ ਸਰਕਾਰ ਆਪਣੇ ਲੈਣਦਾਰਾਂ ਨੂੰ ਸਮੇਂ ਸਿਰ ਪੇਮੈਂਟ ਕਰੇਗੀ, ਗਲੋਬਲ ਵਿੱਤੀ ਪ੍ਰਣਾਲੀ ਦੇ ਸੁਚਾਰੂ ਸੰਚਾਲਨ ਦਾ ਆਧਾਰ ਹੈ। ਇਹ ਡਾਲਰ ਨੂੰ ਦੁਨੀਆ ਦੀ ਰਿਜ਼ਰਵ ਕਰੰਸੀ ਅਤੇ ਯੂ. ਐੱਸ. ਟ ?ਰੇਜਰੀ ਸਕਿਓਰਿਟੀਜ਼ ਨੂੰ ਦੁਨੀਆ ਭਰ ’ਚ ਬਾਂਡ ਮਾਰਕੀਟਸ ਦਾ ਆਧਾਰ ਬਣਾਉਂਦਾ ਹੈ। ਵਾਸ਼ਿੰਗਟਨ ਵਿਚ ਇਕ ਥਿੰਕ ਟੈਂਕ, ਪੀਟਰਸਨ ਇੰਸਟੀਚਿਊਟ ਫਾਰ ਇੰਟਰਨੈਸ਼ਨਲੇ ਇਕਨੌਮਿਕਸ ਦੇ ਸੀਨੀਅਰ ਫੇਲੋ ਮੌਰਿਸ ਓਬਸਟਫੇਲਡ ਨੇ ਕਿਹਾ ਕਿ ਜੇ ਟਰੇਜਰੀ ਦੇ ਪੇਮੈਂਟ ਕਰਨ ਦੇ ਕਮਿਟਮੈਂਟ ਦੀ ਕ੍ਰੇਡੀਬਿਲਿਟੀ ’ਤੇ ਸਵਾਲ ਉੱਠਦਾ ਹੈ ਤਾਂ ਇਹ ਗਲੋਬਲ ਮਾਰਕੀਟ ’ਚ ਤਬਾਹੀ ਮਚਾ ਸਕਦਾ ਹੈ।

**2011 ’ਚ 15 ਫੀਸਦੀ ਡਿਗਿਆ ਸੀ ਐੱਸ. ਐਂਡ ਪੀ.-500 :** ਸਾਲ 2011 ’ਚ ਅਮਰੀਕੀ ਕਰਜ਼ਾ ਲਿਮਟ ਨੂੰ ਵਧਾਉਣ ਲਈ ਡੈੱਡਲਾਕ ਦੌਰਾਨ ਪ੍ਰਮੁੱਖ ਅਮਰੀਕੀ ਇੰਡੈਕਸ ਐੱਸ. ਐਂਡ ਪੀ.-500 15 ਫੀਸਦੀ ਤੋਂ ਵੱਧ ਡਿਗ ਗਿਆ ਸੀ। ਡੀਲ ਹੋਣ ਤੋਂ ਬਾਅਦ ਵੀ ਇੰਡੈਕਸ ਡਿਗਦਾ ਰਿਹਾ ਸੀ। ਡੇਟ ਸੀਲਿੰਗ ਕ੍ਰਾਈਸਿਸ ਦੀ ਅਨਿਸ਼ਚਿਤਤਾ ਖਤਮ ਹੋਣ ਤੋਂ ਬਾਅਦ ਤੁਰੰਤ ਬਾਜ਼ਾਰ ਰਿਕਵਰ ਹੋ ਜਾਏ, ਅਜਿਹਾ ਨਹੀਂ ਹੈ। ਸਾਲ 2011 ਵਿਚ ਸਮਝੌਤਾ ਹੋਣ ਤੋਂ ਬਾਅਦ ਵੀ ਐੱਸ. ਐਂਡ ਪੀ.-500 ਵਿਚ ਗਿਰਾਵਟ ਜਾਰੀ ਰਹੀ ਸੀ। 5 ਜੂਨ ਦੀ ਅਖੌਤੀ ਐਕਸ ਡੇਟ ਨੇੜੇ ਆਉਣ ਦੇ ਬਾਵਜੂਦ ਸ਼ੇਅਰ ਬਾਜ਼ਾਰਾਂ ਨੇ ਹੁਣ ਤੱਕ ਸੰਭਾਵਿਤ ਡਿਫਾਲਟ ਤੋਂ ਕਾਫੀ ਹੱਦ ਤੱਕ ਕਿਨਾਰਾ ਕੀਤਾ ਹੋਇਆ ਹੈ। ਟ ?ਰੇਜਰੀ ਸਕੱਤਰ ਜੇਨੇਟ ਯੇਲੇਨ ਨੂੰ ਹੁਣ ਵੀ ਵਿਸ਼ਵਾਸ ਹੈ ਕਿ ਸਮਝੌਤਾ ਸਮੇਂ ਸਿਰ ਹੋ ਜਾਏਗਾ।

**ਅਮਰੀਕੀ ਇਤਿਹਾਸ ’ਚ ਕਦੀ ਵੀ ਡਿਫਾਲਟ ਨਹੀਂ ਹੋਇਆ :** ਜੇਨੇਟ ਨੇ ਕਿਹਾ ਸੀ ਕਿ ਮੇਰੀਆਂ ਚਿੰਤਾਵਾਂ ’ਚੋਂ ਇਕ ਇਹ ਹੈ ਕਿ ਸਮਝੌਤੇ ਦੇ ਹੋ ਜਾਣ ’ਤੇ ਵੀ ਵਿੱਤੀ ਬਾਜ਼ਾਰ ’ਚ ਲੋੜੀਂਦਾ ਸੰਕਟ ਹੋ ਸਕਦਾ ਹੈ। ਰੇਟਿੰਗ ਏਜੰਸੀ ਫਿੱਚ ਨੇ ਪਹਿਲਾਂ ਨੇ ਅਮਰੀਕਾ ਦੀ ਟ੍ਰਿਪਲ ਏ ਕ੍ਰੈਡਿਟ ਰੇਟਿੰਗ ਨੂੰ ਸੰਭਾਵਿਤ ਗਿਰਾਵਟ ਕਾਰਣ ਨਿਗਰਾਨੀ ’ਚ ਰੱਖ ਦਿੱਤਾ ਹੈ। ਰੇਟਿੰਗ ’ਚ ਛੋਟੀ ਜਿਹੀ ਵੀ ਗਿਰਾਵਟ ਅਮਰੀਕਾ ਸਰਕਾਰ ਦੇ ਖਰਬਾਂ ਡਾਲਰ ਦੇ ਕਰਜ਼ੇ ਦੀ ਪ੍ਰਾਈਸਿੰਗ ਨੂੰ ਪ੍ਰਭਾਵਿਤ ਕਰੇਗੀ ਅਤੇ ਇਸ ਨਾਲ ਅਮਰੀਕਾ ਲਈ ਭਵਿੱਖ ’ਚ ਕਰਜ਼ਾ ਮਹਿੰਗਾ ਹੋ ਜਾਏਗਾ। ਅਮਰੀਕੀ ਇਤਿਹਾਸ ’ਚ ਕਦੀ ਵੀ ਡਿਫਾਲਟ ਨਹੀਂ ਹੋਇਆ ਹੈ। ਇਸ ਤੋਂ ਇਹ ਅਨੁਮਾਨ ਲਗਾਉਣਾ ਅਸੰਭਵ ਹੋ ਜਾਂਦਾ ਹੈ ਕਿ ਇਸ ਦਾ ਨਤੀਜਾ ਕਿੰਨਾ ਭਿਆਨਕ ਹੋਵੇਗਾ ਅਤੇ ਇਸ ਨਾਲ ਨਜਿੱਠਣ ਲਈ ਕੀ ਤਿਆਰੀ ਕੀਤੀ ਜਾਏ। ਹਾਲ ਹੀ ਵਿਚ ਵਿਸ਼ਵ ਬੈਂਕ ਦੇ ਮੁਖੀ ਡੇਵਿਡ ਮਲਪਾਸ ਨੇ ਦੱਸਿਆ ਸੀ ਕਿ ਸੰਸਥਾਵਾਂ ਕੋਲ ਇਸ ਖਤਰੇ ਨੂੰ ਮੈਨੇਜ ਕਰਨ ਲਈ ਕੋਈ ਸਪੈਸ਼ਲ ਵਾਰ ਰੂਮ ਨਹੀਂ ਹੈ। ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੂੰ ਡਿਫਾਲਟ ਦੀ ਉਮੀਦ ਨਹੀਂ ਹੈ।




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**
**510-472-0608**
**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਯਾਦ ਕਰ ਕੇ ਵੰਡ ਦੇ ਦੁੱਖੜੇ ਅੱਖੀਆਂ 'ਚੋਂ ਹੰਝੂ ਕਿਰਦੇ

ਮੈਂ ਆਪਣੇ ਸਵਰਗੀ ਪਿਤਾ ਜੀ ਗਿਆਨੀ ਹਜ਼ਾਰਾ ਸਿੰਘ ਪਰੇਮੀ ਤੋਂ ਬਹੁਤ ਕੁਝ ਜਾਣਿਆ ਹੈ ਪਰ ਬਹੁਤ ਕੁਝ ਜਾਣਨ ਤੋਂ ਰਹਿ ਵੀ ਗਿਆ ਹਾਂ। ਉਨ੍ਹਾਂ ਦਾ ਜਨਮ 1926 ਦਾ ਸੀ। ਦੇਸ਼ ਦੀ ਵੰਡ ਅਤੇ 1947 ਦੇ ਸੰਤਾਪ ਬਾਰੇ ਉਹ ਬਹੁਤ ਚੰਗੀ ਤਰ੍ਹਾਂ ਜਾਣਦੇ ਸਨ ਪਰ ਮੈਂ ਉਸ ਸਮੇਂ ਦੇ ਹਾਲਾਤ ਬਾਰੇ ਉਨ੍ਹਾਂ ਤੋਂ ਜਾਣ ਨਾ ਸਕਿਆ। ਮੇਰੇ ਪਿਤਾ ਜੀ, ਭੂਆ ਜੀ ਅਤੇ ਵੱਡਾ ਚਾਚਾ ਇਸ ਜਹਾਨ ਤੋਂ ਕੂਚ ਕਰ ਗਏ ਹਨ। ਮੇਰਾ ਛੋਟਾ ਚਾਚਾ ਕਿਰਪਾਲ ਸਿੰਘ ਅਕਾਲ ਪੁਰਖ ਵੱਲੋਂ ਮਿਲੀ ਸਵਾਸਾਂ ਦੀ ਪੂੰਜੀ ਖ਼ਰਚ ਕਰ ਰਹੇ ਹਨ। ਮੇਰੇ ਚਾਚੇ ਦੀ ਉਮਰ ਇਸ ਸਮੇਂ 90 ਸਾਲਾਂ ਨੂੰ ਪਾਰ ਕਰ ਗਈ ਹੈ ਤੇ ਸੁਣਨਾ ਘੱਟ ਹੋ ਗਿਆ ਹੈ। ਮੇਰਾ ਚਾਚਾ ਜਵਾਨੀ ਵੇਲੇ ਅੱਥਰੇ ਵਹਿੜਕੇ ਵਰਗਾ ਹੁੰਦਾ ਸੀ। ਥਾਣੇਦਾਰ ਨੂੰ ਅੱਗੋਂ ਬਰੋਬਰ ਗਾਲ੍ਹਾਂ ਕੱਢਦਾ ਰਿਹਾ ਪਰ ਢਲਦੀ ਉਮਰ ਬੰਦੇ ਨੂੰ ਵੀ ਢਲਣ ਲਈ ਮਜਬੂਰ ਕਰ ਦੇਂਦੀ ਹੈ। ਪਿਤਾ ਜੀ ਤੋਂ ਜਿਉਂਦੇ-ਜੀਅ ਮੈਂ ਰੌਲਿਆਂ ਬਾਰੇ ਜਾਣ ਨਾ ਸਕਿਆ ਜੋ ਮੈਨੂੰ ਜਾਣਨਾ ਚਾਹੀਦਾ ਸੀ। ਮੇਰੀ ਮਾਂ ਨੇ ਤਾਂ ਇਕ ਵਾਰ ਗੱਲਬਾਤ ਦੌਰਾਨ ਦੱਸਿਆ ਸੀ ਕਿ ਮੇਰੇ ਪੇਕੇ ਪਾਕਿਸਤਾਨ ਦੇ ਜੰਡਿਆਲੇ ਦੇ ਸਨ। ਹਿੰਦ-ਪਾਕਿ ਦੀ ਵੰਡ ਵੇਲੇ ਭਰੇ-ਭਰਾਏ ਘਰ ਛੱਡ ਕੇ ਇੱਧਰ ਆਉਣਾ ਪਿਆ ਸੀ। ਓਧਰੋਂ ਕੇਵਲ ਗਹਿਣੇ ਅਤੇ ਚਾਂਦੀ ਦੇ ਰੁਪਏ ਹੀ ਲਿਆ ਸਕੇ ਸੀ। ਮਾਂ ਇਹ ਵੀ ਦੱਸਦੀ ਹੁੰਦੀ ਸੀ ਕਿ ਏਥੇ ਆ ਕੇ ਜ਼ਿੰਦਗੀ ਇਕ ਕਿਸਮ ਦੀ ਨਵੇਂ ਸਿਰਿਓਂ ਸ਼ੁਰੂ ਕੀਤੀ ਸੀ। ਪਾਕਿਸਤਾਨ ਵਿਚਲੇ ਘਰ ਦੇ ਬਦਲੇ ਏਧਰ ਪੰਜ ਕੁ ਮਰਲਿਆਂ ਦਾ ਬਣਿਆ ਘਰ ਅੰਮ੍ਰਿਤਸਰ ਦੇ ਇਸਲਾਮਾਬਾਦ 'ਚ ਅਲਾਟ ਹੋਇਆ ਸੀ। ਮੈਨੂੰ ਪਿਤਾ ਜੀ ਦੀ ਘਾਟ ਉਦੋਂ ਹੋਰ ਮਹਿਸੂਸ ਹੋਈ ਜਦੋਂ ਇਕ ਟੀਵੀ ਚੈਨਲ ਵਾਲਿਆਂ ਨੇ ਹਿੰਦ-ਪਾਕਿ ਦੀ ਵੰਡ ਸਬੰਧੀ ਹਾਲਾਤ ਬਿਆਨ ਕਰਨ ਲਈ ਕਿਸੇ ਬਜ਼ੁਰਗ ਨਾਲ ਗੱਲਬਾਤ ਕਰਨ ਲਈ ਮੇਰੇ ਤੋਂ ਸਹਿਯੋਗ ਮੰਗਿਆ। ਪਿਤਾ ਜੀ ਤਾਂ ਇਸ ਜਹਾਨ ਤੋਂ ਜਾ ਚੁੱਕੇ ਸਨ। ਮੈਂ ਹਿੰਦ-ਪਾਕਿ ਦੀ ਵੰਡ ਬਾਰੇ ਕੀ ਜਾਣਨਾ ਸੀ ? ਮੈਂ ਪਹਿਲਾਂ ਆਪਣੇ-ਆਪ ਨੂੰ ਸਵਾਲ। ਮੈਂ ਤਾਂ ਆਪਣੇ ਖਾਨਦਾਨ ਬਾਰੇ ਪੂਰੀ ਜਾਣਕਾਰੀ ਵੀ ਪਿਤਾ ਜੀ ਤੋਂ ਨਹੀਂ ਲੈ ਸਕਿਆ ਸਾਂ। ਇਹ ਮੇਰੀ ਖ਼ੁਸ਼ਕਿਸਮਤੀ ਸਮਝੋ ਕਿ ਉਸ ਸਮੇਂ ਮੇਰੀ ਭੂਆ ਜੀ ਸਾਡੇ ਵਿਚ ਸਨ। ਜੇਕਰ ਉਹ ਵੀ ਨਾ ਹੁੰਦੇ ਤਾਂ ਮੈਂ ਕੇਵਲ ਇਹ ਹੀ ਜਾਣਦਾ ਹੁੰਦਾ ਕਿ ਮੇਰੇ ਪਿਤਾ ਜੀ ਦਾ ਨਾਂ ਗਿਆਨੀ ਹਜ਼ਾਰਾ ਸਿੰਘ ਪਰੇਮੀ ਅਤੇ ਦਾਦੇ ਦਾ ਨਾਂ ਰਲਾ ਸਿੰਘ ਸੀ ਪਰ ਭੂਆ ਜੀ ਨੇ ਦੱਸਿਆ ਕਿ ਤੇਰੇ ਪੜਦਾਦੇ ਦਾ ਨਾਂ ਜਵਾਹਰ ਸਿੰਘ ਅਤੇ ਜਵਾਹਰ ਸਿੰਘ ਦਾ ਇਕ ਭਰਾ ਹੋਰ ਬੂਟਾ ਸਿੰਘ ਸੀ। ਬੂਟਾ ਸਿੰਘ ਦੀ ਔਲਾਦ ਨਹੀਂ ਸੀ।

ਮੈਂ ਇਹ ਸੋਚ ਕੇ ਕਿ ਸਾਡੀਆਂ ਅਗਲੀਆਂ ਪੀੜ੍ਹੀਆਂ ਨੂੰ ਸਾਡੇ ਖਾਨਦਾਨ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ, ਮੈਂ ਆਪਣਾ ਕੁਰਸੀਨਾਮਾ ਆਪਣੀ ਲਿਖੀ ਪੁਸਤਕ 'ਇਤਿਹਾਸਕ ਪਿੰਡ ਬਾਸਰਕੇ ਗਿੱਲਾਂ' ਵਿਚ ਅੰਕਿਤ ਕਰ ਦਿੱਤਾ। ਇਕ ਟੀਵੀ ਚੈਨਲ ਨੇ ਜਦੋਂ ਹਿੰਦ-ਪਾਕਿ ਦੀ ਵੰਡ ਦੀਆਂ ਯਾਦਾਂ ਨੂੰ ਸੰਭਾਲਣ ਦੀ ਮਨਸ਼ਾ ਨਾਲ ਬਜ਼ੁਰਗਾਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਚਲਾਇਆ ਤਾਂ ਇਸ ਮੰਤਵ ਦੀ ਪੂਰਤੀ ਲਈ ਮੇਰੇ ਨਾਲ ਸੰਪਰਕ ਕੀਤਾ। ਇਸ ਸਬੰਧੀ ਜਦੋਂ ਹੋਸਟ ਨੇ ਮੇਰੇ ਚਾਚੇ ਨਾਲ ਮੁਲਾਕਾਤ ਦੌਰਾਨ ਹਿੰਦ-ਪਾਕਿ ਦੀ ਵੰਡ ਦੇ ਹਾਲਾਤ ਬਿਆਨ ਕਰਨ ਲਈ ਕਿਹਾ ਤਾਂ ਚਾਚਾ ਫੁੱਟ-ਫੁੱਟ ਕੇ ਰੋ ਪਿਆ। ਉਹ ਉਸ ਵੇਲੇ ਦੇ ਮੁਸਲਮਾਨਾਂ ਖ਼ਾਸ ਕਰਕੇ ਬਦਰੂ ਅਤੇ ਬਰਕਤ ਨੂੰ ਯਾਦ ਕਰਦਿਆਂ ਰੋਇਆ ਸੀ। ਉਹ ਅਸਲ ਵਿਚ ਇਕੱਠੇ ਖੇਡਦੇ ਰਹੇ ਸਨ। ਉਹ ਵਾਰ-ਵਾਰ ਪਰਨੇ ਨਾਲ ਆਪਣੀਆਂ ਅੱਖਾਂ ਪੂੰਝਦਾ ਰਿਹਾ।

ਚਾਚੇ ਨੇ ਦੱਸਿਆ ਕਿ ਸਾਡੇ ਪਿੰਡ (ਬਾਸਰਕੇ ਗਿੱਲਾਂ) ਦੇ ਕਿਸੇ ਵੀ ਵਿਅਕਤੀ ਨੇ ਮੁਸਲਮਾਨਾਂ ਨੂੰ ਨੁਕਸਾਨ ਨਹੀਂ ਪਹੁੰਚਾਇਆ ਸੀ ਸਗੋਂ ਜਦੋਂ ਚੱਲਦੀ-ਫਿਰਦੀ ਇਹ ਖ਼ਬਰ ਪੁੱਜੀ ਸੀ ਕਿ ਪਾਕਿਸਤਾਨ ਤੋਂ ਵੱਢੇ-ਟੁੱਕੇ ਸਿੱਖਾਂ ਤੇ ਹਿੰਦੂਆਂ ਨਾਲ ਭਰੀ ਗੱਡੀ ਛੇਹਰਟਾ ਰੇਲਵੇ ਸਟੇਸ਼ਨ 'ਤੇ ਪੁੱਜੀ ਸੀ ਤਾਂ ਕੁਝ ਬਾਹਰਲੇ ਪਿੰਡਾਂ ਦੇ ਲੋਕਾਂ ਨੇ ਇਸ ਪਿੰਡ ਦੇ ਮੁਸਲਮਾਨਾਂ 'ਤੇ ਹਮਲਾ ਕਰਨਾ ਚਾਹਿਆ ਪਰ ਪਿੰਡੋਂ ਸਾਰੇ ਮੁਸਲਮਾਨ ਬਚ-ਬਚਾ ਕੇ ਨਿਕਲ ਗਏ। ਚਾਚੇ ਨੇ ਰੋਂਦਿਆਂ ਫਿਰ ਦੱਸਿਆ ਕਿ ਸੁਣਨ ਵਿਚ ਆਇਆ ਕਿ ਬਦਰੂ ਦਾ ਪਰਿਵਾਰ ਇੱਥੋਂ ਤਾਂ ਸਹੀ-ਸਲਾਮਤ ਨਿਕਲ ਗਿਆ ਪਰ ਭੁਸੇ ਪਿੰਡ ਨਜ਼ਦੀਕ ਉਨ੍ਹਾਂ 'ਤੇ ਸ਼ਰਾਰਤੀਆਂ ਨੇ ਹਮਲਾ ਕਰ ਦਿੱਤਾ। ਪਰਿਵਾਰ ਦੇ ਮੁਖੀ ਨੇ ਹੱਥ ਜੋੜੇ ਕਿ ਸਾਨੂੰ ਤੁਸੀਂ ਨਾ ਮਾਰੋ, ਅਸੀਂ ਆਪਣੇ-ਆਪ ਨੂੰ ਖ਼ੁਦ ਖ਼ਤਮ ਕਰ ਲੈਂਦੇ ਹਾਂ। ਉਹ ਪਹਿਲਾਂ ਕਬਰ ਪੁੱਟਦੇ ਫਿਰ ਆਪਣੇ ਪਰਿਵਾਰ ਦੇ ਮੈਂਬਰਾਂ ਦਾ ਆਪ ਹੀ ਗਾਟਾ ਵੱਢਦੇ ਅਤੇ ਕਬਰ ਵਿਚ ਪਾ ਕੇ ਉੱਤੇ ਮਿੱਟੀ ਪਾ ਦੇਂਦੇ। ਚਾਚਾ ਨਾਲ ਹੀ ਕਹਿੰਦਾ ਕਿ ਇਹ ਦੁਖਦਾਈ ਦ੍ਰਿਸ਼ ਭਾਵੇਂ ਅਸੀਂ ਅੱਖੀਂ ਤਾਂ ਨਹੀਂ ਵੇਖਿਆ ਪਰ ਸੁਣਿਆ ਹੈ। ਚਾਚੇ ਨੇ ਇਹ ਵੀ ਦੱਸਿਆ ਕਿ ਜਦੋਂ ਪਾਕਿਸਤਾਨ ਬਣਿਆ ਉਦੋਂ ਸਾਡੇ ਪਿੰਡ ਤੀਸਰਾ ਹਿੱਸਾ ਮੁਸਲਮਾਨਾਂ ਦੀ ਵਸੋਂ ਸੀ। ਉਨ੍ਹਾਂ 'ਚ ਤੇਲੀ ਵੀ ਸਨ, ਘੁਮਿਆਰ ਵੀ ਅਤੇ ਹੋਰ ਵੀ। ਪਿੱਛੇ ਜਿਹੇ ਇਕ ਮੁਸਲਮਾਨ ਘੁਮਿਆਰ ਆਪਣੀ ਨੂੰਹ ਨਾਲ ਸਾਡੇ ਪਿੰਡ ਆਇਆ ਵੀ ਸੀ ਅਤੇ ਕਹਿੰਦਾ ਸੀ ਕਿ ਅਸੀਂ ਉੱਥੇ ਸੌਖੀ ਰੋਟੀ ਖਾਂਦੇ ਹਾਂ ਅਤੇ ਮੇਰਾ ਕੱਪੜੇ ਦਾ ਕਾਰੋਬਾਰ ਹੈ। ਚਾਚੇ ਨੇ ਕਿਹਾ ਕਿ ਉਨ੍ਹਾਂ ਦੀ ਉਮਰ ਆਗਿਆ ਨਹੀਂ ਦੇਂਦੀ ਕਿ ਉਹ ਪਾਕਿਸਤਾਨ ਜਾਣ। ਮੈਂ ਕਿਰਪਾਲ ਸਿੰਘ ਪੁੱਤਰ ਰਲਾ ਸਿੰਘ ਬੋਲਦਾਂ ਹਾਂ, ਮੇਰੇ ਵੱਡੇ ਭਰਾ ਦਾ ਨਾਂ ਗਿਆਨੀ ਹਜ਼ਾਰਾ ਸਿੰਘ ਸੀ। ਜਿਨ੍ਹਾਂ ਮੁਸਲਮਾਨ ਭਰਾਵਾਂ ਦੇ ਮੈਂ ਨਾਂ ਲੈ ਰਿਹਾ ਹਾਂ, ਉਹ ਜੀਅ ਸਦਕੇ ਭਾਰਤ ਆ ਕੇ ਆਪਣੇ ਪਿੰਡ ਦੀ ਮਿੱਟੀ ਦੀ ਖ਼ੁਸ਼ਬੋ ਮਾਣ ਸਕਦੇ ਹਨ।

ਜਦੋਂ ਚੈਨਲ 'ਤੇ ਪਾਕਿਸਤਾਨ ਵਾਲਿਆਂ ਇਹ ਪ੍ਰੋਗਰਾਮ ਵੇਖਿਆ ਤਾਂ ਬਰਕਤ ਦੇ ਭਤੀਜੇ ਨੇ ਪਾਕਿਸਤਾਨ ਯਾਤਰਾ ਤੇ ਗਏ ਯਾਤਰੂਆਂ ਨਾਲ ਸੰਪਰਕ ਕਰ ਕੇ ਪੁੱਛਿਆ ਕਿ ਕੋਈ ਯਾਤਰੂ ਬਾਸਰਕੇ ਦਾ ਹੈ ਤਾਂ ਚੰਡੀਗੜ੍ਹ ਤੋਂ ਮੇਰੇ ਲੇਖਕ ਮਿੱਤਰ ਡਾ. ਮਨਜੀਤ ਸਿੰਘ ਬੱਲ ਨੇ ਦੱਸਿਆ ਕਿ ਬਾਸਰਕੇ ਤੋਂ ਤਾਂ ਕੋਈ ਯਾਤਰੂ ਨਹੀਂ ਆਇਆ ਪਰ ਪਿੰਡ ਬਾਸਰਕੇ ਦਾ ਮਨਮੋਹਨ ਸਿੰਘ ਬਾਸਰਕੇ ਮੇਰਾ ਮਿੱਤਰ ਹੈ। ਜੇਕਰ ਕੋਈ ਸੁਨੇਹਾ ਦੇਣਾ ਚਾਹੋ ਤਾਂ ਦੇ ਸਕਦੇ ਹੋ। ਉਹ ਅੱਗੋਂ ਬੋਲਿਆ ਕਿ ਚੈਨਲ 'ਤੇ ਮੁਲਾਕਾਤ ਕਰਨ ਵਾਲੇ ਕਿਰਪਾਲ ਸਿੰਘ ਨੂੰ ਕਹਿਓ ਕਿ ਮੈਂ ਬਰਕਤ ਦਾ ਭਤੀਜਾ ਹਾਂ। ਜੇਕਰ ਕਿਰਪਾਲ ਸਿੰਘ ਗੱਲ ਕਰਨੀ ਚਾਹੇ ਤਾਂ ਗੱਲ ਕਰ ਲਵੇ। ਉਸ ਨੇ ਨਾਲ ਹੀ ਕਿਹਾ ਕਿ ਪ੍ਰੋਗਰਾਮ ਵਿਚ ਮੈਂ ਗੁਰਦੁਆਰਾ ਸੰਨ੍ਹ ਸਾਹਿਬ ਅਤੇ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਕਰ ਲਏ ਹਨ। ਜਦੋਂ ਅਸੀਂ ਪਾਕਿਸਤਾਨ ਆਏ ਸੀ ਉਦੋਂ ਅਜੇ ਗੁਰਦੁਆਰਾ ਜਨਮ ਅਸਥਾਨ ਦੀ ਤਾਮੀਰ ਨਹੀਂ ਹੋਈ ਸੀ ਅਤੇ ਨਾ ਹੀ ਗੁਰਦੁਆਰਾ ਸੰਨ੍ਹ ਸਾਹਿਬ ਦੀ ਨਵੀਂ ਬਿਲਡਿੰਗ ਦੀ ਤਾਮੀਰ ਹੋਈ ਸੀ।

ਪਿੰਡ ਬਾਸਰਕੇ ਗਿੱਲਾਂ ਵਿਖੇ ਇਕ ਮੁਸਲਮਾਨ ਫਕੀਰ ਜੰਡ ਪੀਰ ਦੀ ਕਬਰ ਸੀ। ਜੇ ਹੋ ਸਕੇ ਤਾਂ ਉਸ ਦੀ ਵੀਡੀਓ ਬਣਾ ਕੇ ਭੇਜੀ ਜਾਵੇ ਪਰ ਅਫ਼ਸੋਸ ਕਿ ਇਕ ਤਾਂ ਚਾਚੇ ਨੂੰ ਉੱਚਾ ਸੁਣਦਾ ਹੈ, ਉਹ ਫੋਨ 'ਤੇ ਗੱਲ ਕਰਨ ਦੇ ਸਮਰੱਥ ਨਹੀਂ, ਦੂਸਰਾ ਜਵਾਨੀ ਵੇਲੇ ਅੱਥਰੇ ਵਹਿੜਕੇ ਦੇ ਸੁਭਾਅ ਵਾਲਾ ਚਾਚਾ ਮੈਨੂੰ ਸੰਬੋਧਨ ਹੁੰਦਿਆਂ ਬੋਲਿਆ, "ਬੱਲਿਆ, ਹਿੰਦੁਸਤਾਨ ਦੇ ਸਬੰਧ ਪਾਕਿਸਤਾਨ ਨਾਲ ਸੁਖਾਵੇਂ ਨਹੀਂ ਹਨ। ਇਸ ਲਈ ਉਨ੍ਹਾਂ ਨਾਲ ਗੱਲ ਨਹੀਂ ਕਰਨੀ। ਐਵੇ ਏਜੰਸੀਆਂ ਵਾਲੇ ਗਧੀ-ਗੇੜ ਪਾਈ ਫਿਰਨਗੇ।" ਮੈਂ ਇਹ ਸੁਣ ਕੇ ਸੁੰਨ ਜਿਹਾ ਹੋ ਗਿਆ। ਦੋਹਾਂ ਦੇਸ਼ਾਂ ਦਾ ਅਵਾਮ ਤਾਂ ਮਿਲਣਾ ਚਾਹੁੰਦਾ ਹੈ ਪਰ ਹਕੂਮਤਾਂ ਨੂੰ ਇਹ ਗੱਲ ਰਾਸ ਕਿਉਂ ਨਹੀਂ ਆ ਰਹੀ ?

-ਮਨਮੋਹਨ ਸਿੰਘ ਬਾਸਰਕੇ

# ਮੁਫ਼ਤ ਤੋਹਫ਼ਿਆਂ ਦੇ ਨਾਂ 'ਤੇ ਬੰਦ ਹੋਵੇ ਖ਼ਜ਼ਾਨੇ ਨਾਲ ਖਿਲਵਾੜ

-ਰਾਹੁਲ ਵਰਮਾ



ਕਰਨਾਟਕ 'ਚ ਨਵੀਂ ਬਣੀ ਕਾਂਗਰਸ ਸਰਕਾਰ ਨੇ ਸੱਤਾ ਸੰਭਾਲਦਿਆਂ ਹੀ ਚੋਣਾਂ 'ਚ ਕੀਤੇ ਗਏ ਪੰਜ ਵਾਅਦਿਆਂ ਨੂੰ ਸਿਧਾਂਤਕ ਮਨਜ਼ੂਰੀ ਪ੍ਰਦਾਨ ਕੀਤੀ ਹੈ। ਇਨ੍ਹਾਂ ਪੰਜ ਵਾਅਦਿਆਂ 'ਚ ਹਰ ਔਰਤ ਨੂੰ 2,000 ਰੁਪਏ ਪ੍ਰਤੀ ਮਹੀਨਾ ਭੱਤਾ ਅਤੇ ਘਰ ਨੂੰ 200 ਯੂਨਿਟ ਬਿਜਲੀ ਮੁਫ਼ਤ ਦਿੱਤੀ ਜਾਣੀ ਹੈ। ਗ਼ਰੀਬ ਪਰਿਵਾਰਾਂ ਨੂੰ ਹਰ ਮਹੀਨੇ 10 ਕਿੱਲੋ ਚੌਲ ਅਤੇ ਔਰਤਾਂ ਨੂੰ ਮੁਫ਼ਤ ਬੱਸ ਯਾਤਰਾ ਦੀ ਸਹੂਲਤ ਮਿਲੇਗੀ। ਉੱਥੇ ਹੀ ਡਿਪਲੋਮਾ ਹੋਲਡਰ ਬੇਰੁਜ਼ਗਾਰਾਂ ਨੂੰ ਹਰ ਮਹੀਨੇ 1,500 ਅਤੇ ਡਿਗਰੀ ਹੋਲਡਰਾਂ ਨੂੰ 3,000 ਰੁਪਏ ਦਾ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ।

ਇਕ ਮੋਟੇ ਅਨੁਮਾਨ ਅਨੁਸਾਰ ਇਨ੍ਹਾਂ ਪੰਜ ਵਾਅਦਿਆਂ ਦੀ ਪੂਰਤੀ ਕਰਨ ਲਈ ਸੂਬਾ ਸਰਕਾਰ ਦੇ ਖ਼ਜ਼ਾਨੇ 'ਤੇ ਹਰ ਸਾਲ ਕਰੀਬ 50,000 ਕਰੋੜ ਰੁਪਏ ਦਾ ਬੋਝ ਪਵੇਗਾ। ਵਿੱਤੀ ਵਰ੍ਹੇ 2022-23 ਲਈ ਕਰਨਾਟਕ ਦੇ ਬਜਟ 'ਚ 61,564 ਕਰੋੜ ਰੁਪਏ ਦੇ ਵਿੱਤੀ ਘਾਟੇ ਦਾ ਅਨੁਮਾਨ ਲਾਇਆ ਗਿਆ, ਜੋ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀਐੱਸਡੀਪੀ) ਦੇ 3.26 ਫ਼ੀਸਦੀ ਦੇ ਬਰਾਬਰ ਹੈ। ਇਸ ਸੂਰਤ 'ਚ 50,000 ਕਰੋੜ ਦੇ ਵਾਧੂ ਖ਼ਰਚ ਨਾਲ ਸੂਬੇ ਦੇ ਖ਼ਜ਼ਾਨੇ 'ਤੇ ਪੈਣ ਵਾਲੇ ਭਾਰੀ ਬੋਝ ਦਾ ਸਹਿਜੇ ਹੀ ਮੁਲਾਂਕਣ ਕੀਤਾ ਜਾ ਸਕਦਾ ਹੈ।

ਫ਼ਿਲਹਾਲ ਕਾਂਗਰਸ ਨੂੰ ਕਰਨਾਟਕ ਚੋਣਾਂ 'ਚ ਮਿਲੀ ਕਾਮਯਾਬੀ ਤੋਂ ਬਾਅਦ ਹੋਰਨਾਂ ਸੂਬਿਆਂ 'ਚ ਵੀ ਸਿਆਸੀ ਪਾਰਟੀਆਂ ਨੇ ਇਸ ਤਰ੍ਹਾਂ ਦੀ ਲੋਕਲੁਭਾਊ ਪੇਸ਼ਕਸ਼ ਸ਼ੁਰੂ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਦਿੱਲੀ ਅਤੇ ਪੰਜਾਬ 'ਚ ਆਮ ਆਦਮੀ ਪਾਰਟੀ ਨੇ ਇਸ ਨੂੰ ਸਫਲਤਾ ਦਾ ਸਿਆਸੀ ਸੂਤਰ ਬਣਾ ਲਿਆ। ਉੱਥੇ ਹੀ, ਹੁਣ ਕਰਨਾਟਕ ਦੀ ਕਾਮਯਾਬੀ ਤੋਂ ਉਤਸ਼ਾਹਿਤ ਹੋ ਕੇ ਕਾਂਗਰਸ ਨੇ ਮੱਧ ਪ੍ਰਦੇਸ਼ ਤੋਂ ਲੈ ਕੇ ਹਰਿਆਣੇ 'ਚ ਇਸ ਤਰ੍ਹਾਂ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਹੈ। ਹਰਿਆਣਾ 'ਚ ਤਾਂ ਕਾਂਗਰਸ ਨੇ 100 ਗਜ਼ ਦੇ ਪਲਾਟ ਤੱਕ ਦੇਣ ਦਾ ਐਲਾਨ ਕੀਤਾ ਹੈ। ਆਖ਼ਰ ਜ਼ਮੀਨ ਜਿਹੇ ਦੁਰਲੱਭ ਵਸੀਲੇ ਨੂੰ ਲੈ ਕੇ ਕੋਈ ਪਾਰਟੀ ਕਿਸ ਤਰ੍ਹਾਂ ਅਜਿਹਾ ਵਾਅਦਾ ਕਰ ਸਕਦੀ ਹੈ ਖ਼ਾਸ ਤੌਰ 'ਤੇ ਸ਼ਹਿਰੀ ਇਲਾਕਿਆਂ 'ਚ।

ਆਉਣ ਵਾਲੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਤਰ੍ਹਾਂ ਦੇ ਐਲਾਨਾਂ ਦਾ ਹੜ੍ਹ ਆ ਸਕਦਾ ਹੈ। ਇਹ ਦੇਸ਼ ਦੀ ਆਰਥਿਕ ਸਥਿਤੀ ਲਈ ਸ਼ੁਭ ਸੰਕੇਤ ਨਹੀਂ। ਭਾਰਤੀ ਰਿਜ਼ਰਵ ਬੈਂਕ ਪਹਿਲਾਂ ਵੀ ਕਈ ਸੂਬਿਆਂ ਨੂੰ ਗ਼ੈਰ-ਜ਼ਰੂਰੀ ਖ਼ਰਚਿਆਂ ਲਈ ਚੇਤੰਨ ਕਰ ਚੁੱਕਿਆ ਹੈ। ਇਸ ਸੂਰਤ 'ਚ ਕੀ ਇਹ ਨਹੀਂ ਸੋਚਿਆ ਜਾਣਾ ਚਾਹੀਦਾ ਕਿ ਚੋਣ ਮਨੋਰਥ ਪੱਤਰ ਨੂੰ ਵਿਵਹਾਰਕ ਬਣਾਉਣ ਦੀ ਦਿਸ਼ਾ 'ਚ ਮੰਥਨ ਸ਼ੁਰੂ ਕੀਤਾ ਜਾਵੇ। ਰਿਓੜੀਆਂ ਵੰਡਣ 'ਚ ਕੋਈ ਵੀ ਪਾਰਟੀ ਕਿਸੇ ਤੋਂ ਪਿੱਛੇ ਨਹੀਂ ਹੈ ਤਾਂ ਇਸ 'ਚ ਕੋਈ ਅਜਿਹਾ ਹੱਲ ਆਸਾਨੀ ਨਾਲ ਨਿਕਲਦਾ ਹੋਇਆ ਨਹੀਂ ਦਿਸਦਾ, ਜੋ ਸਭ ਨੂੰ ਮਨਜ਼ੂਰ ਹੋਵੇ।

ਇਸ ਮਾਮਲੇ 'ਚ ਚੋਣ ਕਮਿਸ਼ਨ ਵੀ ਪਾਰਟੀਆਂ ਲਈ ਕੋਈ ਲਾਜ਼ਮੀ ਤਜਵੀਜ਼ ਨਹੀਂ ਬਣਾ ਸਕਦਾ। ਸੁਪਰੀਮ ਕੋਰਟ ਨੇ ਵੀ 2013 'ਚ ਕਹਿ ਦਿੱਤਾ ਕਿ ਉਹ ਇਸ 'ਚ ਕੋਈ ਵਿਵਸਥਾ ਨਹੀਂ ਬਣਾ ਸਕਦਾ ਅਤੇ ਉਸ ਨੇ ਗੇਂਦ ਸਿਆਸੀ ਪਾਰਟੀਆਂ ਦੇ ਪਾਲੇ 'ਚ ਸੁੱਟ ਦਿੱਤੀ ਪਰ ਪਾਰਟੀਆਂ ਦੇ ਪੱਧਰ 'ਤੇ ਇਸ ਵਿਸ਼ੇ 'ਚ ਕੋਈ ਗੰਭੀਰਤਾ ਨਹੀਂ ਦਿਸਦੀ। ਕਾਂਗਰਸ ਵੱਲੋਂ ਪੁਰਾਣੀ ਪੈਨਸ਼ਨ ਯੋਜਨਾ ਦੇ ਜਿੰਨ ਨੂੰ ਬੋਤਲ 'ਚੋਂ ਬਾਹਰ ਕੱਢਣਾ ਇਸ ਦੀ ਇਕ ਵੱਡੀ ਉਦਾਹਰਨ ਹੈ, ਜਿਸ ਦੀ ਆਲੋਚਨਾ ਕਾਂਗਰਸ ਵੱਲ ਝੁਕਾਅ ਰੱਖਣ ਵਾਲੇ ਬੁੱਧੀਜੀਵੀ ਵੀ ਕਰ ਚੁੱਕੇ ਹਨ।

ਕੀ ਮੁਫ਼ਤ ਤੋਹਫ਼ਿਆਂ ਦੀ ਪੇਸ਼ਕਸ਼ ਹੀ ਚੋਣਾਂ 'ਚ ਫ਼ੈਸਲਾਕੁੰਨ ਸਿੱਧ ਹੋ ਕੇ ਕਿਸੇ ਪਾਰਟੀ ਨੂੰ ਸੱਤਾ ਦਿਵਾਉਣ 'ਚ ਸਹਾਇਕ ਹੁੰਦੀ ਹੈ। ਕਰਨਾਟਕ ਦੀ ਹਾਲੀਆ ਉਦਾਹਰਨ ਨੂੰ ਹੀ ਦੇਖੀਏ ਤਾਂ ਉੱਥੇ ਕੇਵਲ ਕਾਂਗਰਸ ਨੇ ਹੀ ਨਹੀਂ ਸਗੋਂ ਭਾਜਪਾ ਅਤੇ ਜਨਤਾ ਦਲ-ਸੈਕੂਲਰ ਨੇ ਵੀ ਤਕਰੀਬਨ ਇਸੇ ਤਰ੍ਹਾਂ ਦੇ ਵਾਅਦੇ ਕੀਤੇ ਸਨ। ਸਪੱਸ਼ਟ ਹੈ ਕਿ ਚੋਣਾਂ 'ਚ ਕੇਵਲ ਇਹੋ ਯੋਜਨਾਵਾਂ ਹੀ ਮਾਅਨੇ ਨਹੀਂ ਰੱਖਦੀਆਂ। ਇਸ ਸਿਲਸਿਲੇ 'ਚ 2015 'ਚ ਅਸੀਂ ਦਿੱਲੀ 'ਚ ਇਕ ਅਧਿਐਨ ਕਰਵਾਇਆ ਸੀ।

ਅਧਿਐਨ 'ਚ ਸ਼ਾਮਲ ਇਕ ਸਮੂਹ ਨੇ ਮੰਨਿਆ ਕਿ ਬਿਜਲੀ ਅਤੇ ਪਾਣੀ ਜਿਹੀਆਂ ਬੁਨਿਆਦੀ ਸਹੂਲਤਾਂ ਉਨ੍ਹਾਂ ਨੂੰ ਮੁਫ਼ਤ 'ਚ ਮਿਲਣਗੀਆਂ ਤਾਂ ਚੰਗਾ ਹੈ। ਜਦੋਂ ਉਨ੍ਹਾਂ ਨੂੰ ਇਹ ਦੱਸਿਆ ਗਿਆ ਕਿ ਇਨ੍ਹਾਂ ਸਹੂਲਤਾਂ ਨਾਲ ਸਰਕਾਰੀ ਖ਼ਜ਼ਾਨੇ 'ਤੇ ਕਰੀਬ 500 ਕਰੋੜ ਰੁਪਏ ਦਾ ਬੋਝ ਵਧੇਗਾ ਤਾਂ ਮੁਫ਼ਤ ਸਹੂਲਤਾਂ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ 'ਚ ਲਗਭਗ 20 ਫ਼ੀਸਦੀ ਦੀ ਕਮੀ ਆ ਗਈ। ਸਪੱਸ਼ਟ ਹੈ ਕਿ ਜੇ ਜਨਤਾ 'ਚ ਇਸ ਨੂੰ ਲੈ ਕੇ ਜਾਗਰੂਕਤਾ ਦਾ ਪ੍ਰਸਾਰ ਹੋਵੇਗਾ ਤਾਂ ਸੰਭਵ ਹੈ ਕਿ ਸਿਆਸੀ ਪਾਰਟੀਆਂ ਨੂੰ ਵੀ ਆਪਣੀ ਰਣਨੀਤੀ ਬਦਲਣੀ ਪਵੇਗੀ।

ਭਾਵੇਂ ਹੀ ਇਸ ਮਾਮਲੇ 'ਚ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਨੇ ਆਪਣੇ ਲਈ ਲਛਮਣ ਰੇਖਾ ਖਿੱਚ ਦਿੱਤੀ ਹੋਵੇ ਪਰ ਕਿਤੇ ਨਾ ਕਿਤੇ ਜਨਤਾ, ਸਮਾਜ ਅਤੇ ਸਿਆਸੀ ਪਾਰਟੀਆਂ ਸਮੇਤ ਸਮੁੱਚੇ ਸਿਸਟਮ ਨਾਲ ਜੁੜੇ ਹਿੱਸੇਦਾਰਾਂ ਨੂੰ ਇਸ ਮੁੱਦੇ ਦਾ ਕੋਈ ਕਾਰਗਰ ਹੱਲ ਕੱਢਣਾ ਹੋਵੇਗਾ। ਜਨਤਾ ਨੂੰ ਸਿਆਸੀ ਪਾਰਟੀਆਂ ਨੂੰ ਇਹ ਸਵਾਲ ਕਰਨਾ ਚਾਹੀਦਾ ਹੈ ਕਿ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਵਿੱਤੀ ਵਸੀਲੇ ਕਿੱਥੋਂ ਆਉਣਗੇ ਕਿਉਂਕਿ ਇਸ 'ਚ ਸਿਰਫ਼ ਵਰਤਮਾਨ ਦੀ ਰਾਜਨੀਤੀ ਦਾ ਹੀ ਨਹੀਂ ਸਗੋਂ ਭਵਿੱਖ ਦੇ ਆਰਥਿਕ ਸੰਤੁਲਨ ਦਾ ਵੀ ਸਵਾਲ ਹੈ। ਉਦੋਂ ਸ਼ਾਇਦ ਪਾਰਟੀਆਂ ਨੂੰ ਇਨ੍ਹਾਂ ਵਾਅਦਿਆਂ ਦੇ ਨਾਲ ਹੀ ਇਨ੍ਹਾਂ ਨੂੰ ਪੂਰਾ ਕਰਨ ਦੀ ਯੋਜਨਾ ਵੀ ਪੇਸ਼ ਕਰਨੀ ਪਵੇ ਅਤੇ ਫਿਰ ਜਨਤਾ ਉਸੇ ਆਧਾਰ 'ਤੇ ਫ਼ੈਸਲਾ ਕਰੇ।

ਫ਼ਿਲਹਾਲ ਲੋਕ ਲੁਭਾਊਵਾਦ ਨੂੰ ਲੈ ਕੇ ਮੁਕਾਬਲੇਬਾਜ਼ੀ ਜਾਰੀ ਹੈ, ਜਿਸ 'ਚ ਸਾਰੀਆਂ ਪਾਰਟੀਆਂ ਵੱਡੇ-ਵੱਡੇ ਵਾਅਦੇ ਕਰ ਰਹੀਆਂ ਹਨ ਪਰ ਵਿੱਤੀ ਵਸੀਲਿਆਂ ਦੀ ਕਮੀ 'ਚ ਸੂਬੇ ਇਨ੍ਹਾਂ ਨੂੰ ਪੂਰਾ ਕਰਨ ਲਈ ਕੇਂਦਰ ਸਰਕਾਰ ਤੋਂ ਮਦਦ ਦੀ ਅਪੀਲ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਜਿਵੇਂ ਪੰਜਾਬ ਦੀ ਕਮਾਨ ਸੰਭਾਲਦਿਆਂ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਤੋਂ 50,000 ਕਰੋੜ ਰੁਪਏ ਦਾ ਪੈਕੇਜ ਮੰਗਿਆ। ਸੀਮਤ ਵਸੀਲਿਆਂ ਅਤੇ ਵਿੱਤੀ ਅਨੁਸ਼ਾਸਨ ਨੂੰ ਦੇਖਦਿਆਂ ਕੇਂਦਰ ਸਰਕਾਰ ਦਾ ਅਜਿਹੇ ਪ੍ਰਸਤਾਵਾਂ ਤੋਂ ਇਨਕਾਰ ਸੁਭਾਵਿਕ ਹੈ। ਕੇਂਦਰ ਸਰਕਾਰ ਦੀ ਅਜਿਹੀ ਪ੍ਰਤੀਕਿਰਿਆ ਨੂੰ ਲੈ ਕੇ ਵੀ ਕੁਝ ਸੂਬਿਆਂ 'ਚ ਗੁੱਸਾ ਹੈ ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਜੀਐੱਸਟੀ ਤੋਂ ਬਾਅਦ ਕਰਾਂ ਦੇ ਮੋਰਚੇ 'ਤੇ ਉਨ੍ਹਾਂ ਕੋਲ ਅਧਿਕਾਰ ਨਹੀਂ ਬਚੇ। ਉਨ੍ਹਾਂ ਨੂੰ ਕਰਾਂ 'ਚ ਉਨ੍ਹਾਂ ਦੇ ਯੋਗਦਾਨ ਦੇ ਅਨੁਪਾਤ 'ਚ ਮਾਲੀਆ ਸਾਂਝੇਦਾਰੀ 'ਚ ਹਿੱਸੇਦਾਰੀ ਨਹੀਂ ਮਿਲਦੀ। ਇਸ ਮਾਮਲੇ 'ਚ ਦੱਖਣ ਦੇ ਸੂਬਿਆਂ ਦੀ ਸ਼ਿਕਾਇਤ ਹੈ ਕਿ ਕਰ ਵਸੂਲੀ 'ਚ ਉਨ੍ਹਾਂ ਦਾ ਯੋਗਦਾਨ ਜ਼ਿਆਦਾ ਹੋਣ ਦੇ ਬਾਵਜੂਦ ਵਸੀਲਿਆਂ ਦੀ ਵੰਡ ਉੱਤਰ ਪ੍ਰਦੇਸ਼ ਅਤੇ ਬਿਹਾਰ ਜਿਹੇ ਸੂਬਿਆਂ ਨੂੰ ਜ਼ਿਆਦਾ ਹੁੰਦੀ ਹੈ। ਵਸੀਲਿਆਂ ਦੀ ਸਾਂਝੇਦਾਰੀ ਨੂੰ ਲੈ ਕੇ ਤਾਮਿਲਨਾਡੂ ਦੇ ਸਾਬਕਾ ਵਿੱਤ ਮੰਤਰੀ ਰਸਮੀ ਤੌਰ 'ਤੇ ਆਪਣਾ ਪੱਖ ਵੀ ਰੱਖ ਚੁੱਕੇ ਹਨ।

ਸਪੱਸ਼ਟ ਹੈ ਕਿ ਜੇ ਰਿਓੜੀ ਸੱਭਿਆਚਾਰ 'ਤੇ ਰੋਕ ਲਾਉਣੀ ਹੈ ਤਾ ਸਿਆਸੀ ਪਾਰਟੀਆਂ ਨੂੰ ਆਪਣਾ ਸੁਵਿਧਾਵਾਦੀ ਨਜ਼ਰੀਆ ਤਿਆਗਣਾ ਪਵੇਗਾ। ਇਕ ਸਿਆਸੀ ਪਾਰਟੀ ਨੂੰ ਮੁਫ਼ਤ ਤੋਹਫ਼ਿਆਂ ਨਾਲ ਜੁੜੀ ਆਪਣੀ ਯੋਜਨਾ ਤਾਂ ਕਲਿਆਣਕਾਰੀ ਲੱਗਦੀ ਹੈ ਪਰ ਦੂਜੀ ਪਾਰਟੀ ਦੀ ਯੋਜਨਾ ਰਿਓੜੀ ਨਜ਼ਰ ਆਉਂਦੀ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖ਼ੁਦ ਇਕ ਪਾਸੇ ਰਿਓੜੀ ਸੱਭਿਆਚਾਰ ਤੋਂ ਮੁਕਤੀ ਦੀ ਗੱਲ ਕਰਦੇ ਹਨ ਪਰ ਅਜਿਹੀਆਂ ਪੇਸ਼ਕਸ਼ਾਂ ਦੇ ਮਾਮਲੇ 'ਚ ਉਨ੍ਹਾਂ ਦੀ ਪਾਰਟੀ ਭਾਜਪਾ ਵੀ ਪਿੱਛੇ ਨਹੀਂ ਰਹਿੰਦੀ। ਇਸ 'ਚ ਕੋਈ ਸ਼ੱਕ ਨਹੀਂ ਕਿ ਰਿਓੜੀ ਸੱਭਿਆਚਾਰ 'ਤੇ ਰੋਕ ਲਾਉਣਾ ਸਮੇਂ ਦੀ ਮੰਗ ਹੈ ਪਰ ਇਸ ਲਈ ਸਾਰਿਆਂ ਨੂੰ ਜ਼ਿੰਮੇਵਾਰੀ ਅਤੇ ਸੰਵੇਦਨਸ਼ੀਲਤਾ ਦਾ ਸਬੂਤ ਦੇਣਾ ਪਵੇਗਾ ਨਹੀਂ ਤਾਂ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਦਾ ਜੋ ਸੁਪਨਾ ਅਸੀਂ ਦੇਖਦੇ ਹਾਂ, ਉਹ ਪੂਰਾ ਹੋਣਾ ਮੁਸ਼ਕਲ ਹੁੰਦਾ ਜਾਵੇਗਾ।

ਸਾਡੇ ਲੋਕ
SADE LOK

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



**Gurdip Singh Sandhu** Homeopathic Consultant

Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.

ਸਿਹਤ ਵਿਗਿਆਨ
ਡਾ. ਗੁਰਦੀਪ ਸਿੰਘ ਸੰਧੂ

Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com




**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਮਰਦਾ ਵਿੱਚ ਨਿਪੁੰਨਸਿਕਤਾ ਦੇ ਕਾਰਨ**

ਬੀਤੇ ਕੁਝ ਹਫਤਿਆਂ ਤੋਂ ਅਸੀਂ ਮਰਦਾਂ ਵਿੱਚ ਨਾ ਮਰਦਗੀ ਯਾਨੀ ਨਿਪੁੰਨਸਿਕਤਾ ਬਾਰੇ ਵਿਚਾਰ ਕਰ ਰਹੇ ਹਾਂ। ਪਹਿਲੇ ਲੈਕਚਰ ਵਿੱਚ ਅਸੀਂ ਵਿਚਾਰਿਆ ਸੀ ਸਰੀਰ ਬਣਤਰ ਦੇ ਹਿਸਾਬ ਕੀ ਕੀ ਕਮੀਆਂ ਪੇਸ਼ੀਆਂ ਸਰੀਰਕ ਤੌਰ ’ਤੇ ਹੋ ਸਕਦੀਆਂ ਹਨ। ਜਿਹਨਾਂ ਕਰਕੇ ਸਰੀਰ ਦਾ ਕੁਦਰਤੀ ਸਰੀਰਕ ਨਿਜਾਮ ਕਮੀ ਪੇਸ਼ੀ ਦਾ ਸ਼ਿਕਾਰ ਹੋ ਕੇ ਸਹੀ ਕਾਰਕਰਦਗੀ ਨਹੀਂ ਕਰਦਾ। ਜ਼ਿਆਦਾ ਕਾਰਵਾਈ ਵੀ ਹੋ ਸਕਦੀ ਹੈ ਤੇ ਘੱਟ ਕਾਰਵਾਈ ਵੀ ਹੋ ਸਕਦੀ ਹੈ। ਅਸੀਂ ਘੱਟ ਕਾਰਵਾਈ ਯਾਨੀ ਨਿਪੁੰਸਿਕਤਾ ਦੇ ਕਾਰਨਾਂ ਦਾ ਵਿਸਥਾਰ ਕਰ ਰਹੇ ਹਾਂ। ਉਸ ਤੋਂ ਬਾਅਦ ਵੱਧ ਜਾਂ ਤੇਜ਼ ਕਾਰਵਾਈਆਂ ਦੀ ਗੱਲ ਕਰਾਂਗੇ। ਜਿਸਨੂੰ ਮਰਦਾਂ ਵਿੱਚ ਜਾਂ ਉਨਮਾਦ ਕਹਿੰਦੇ ਹਨ। ਉਸ ਬਾਰੇ ਬਾਅਦ ਵਿੱਚ ਵਿਚਾਰ ਕਰਾਂਗੇ।

ਸਰੀਰਕ ਬਣਤਰ ਦੀਆਂ ਕਮੀਆਂ ਤੋਂ ਬਾਅਦ ਅਸਾਂ ਵਿਚਾਰਿਆ ਸੀ ਮਰਦਾ ਵਿੱਚ ਕਾਰਕਰਦਗੀ ਦੀ ਕਮੀ ਪੇਸ਼ੀ ਨਾਲ ਸੰਬੰਧਿਤ ਨਿਪੁੰਨਸਿਕਤਾ ਦੇ ਕਾਰਨ। ਅੰਦਰੂਨੀ ਅੰਗਾਂ ਦੀ ਅਗਰ ਬਣਤਰ ਸਹੀ ਹੈ ਤਾ ਸੰਬੰਧਿਤ ਅੰਗਾਂ ਵਿੱਚ ਕਿਸ ਕਿਸ ਤਰ੍ਹਾਂ ਦੀ ਕਮੀ ਪੇਸ਼ੀ ਨਿਪੁੰਨਸਿਕਤਾ ਲਈ ਜ਼ੁੰਮੇਵਾਰ ਹੋ ਸਕਦੀ ਹੈ। ਪਿਛਲੇ ਲੈਕਚਰ ਵਿੱਚ ਅਸਾਂ ਵਿਚਾਰਿਆ ਸੀ ਕਿ ਬਾਹਰੀ ਦਿਸਦੇ ਮਰਦ ਦੇ ਸੈਕਸ ਅੰਗਾਂ ਦੀ ਬਣਤਰ ਦੇ ਲਿਹਾਜ ਨਾਲ ਉਹਨਾਂ ਵਿੱਚ ਕਿਹੜੀ ਕਿਹੜੀ ਕਮੀ ਪੇਸ਼ੀ ਨਿਪੁੰਸਿਕਤਾ ਲਈ ਜ਼ੁੰਮੇਵਾਰ ਹੋ ਸਕਦੀ ਹੈ। ਸੈਕਸ ਕਿਰਿਆ ਦੀ ਉਤੇਜਨਾ ਯਾਨੀ ਖਾਹਸ ਦਾ ਵੱਧ ਘੱਟ ਹੋਣਾ ਬਰੇਨ ਦਾ ਕੰਮ ਹੈ। ਭਾਵ ਬਰੇਨ ਵਿੱਚ ਮੌਜੂਦ ਹਾਰਮੋਨਜ ਪੈਦਾ ਕਰਨ ਵਾਲੇ ਅੰਗਾਂ ਦਾ ਕੰਮ ਹੈ। ਜਿਹਨਾਂ ਉੱਪਰ ਮਾਨਸਿਕ ਤਣਾਉ ਜਿਸ ਨੂੰ ਅਸੀਂ ਐਗਜਾਈਟੀ ਜਾਂ ਬਾਅਦ ਵਿੱਚ ਡਿਪਰੈਸ਼ਨ ਕਹਿੰਦੇ ਹਾਂ। ਮਨ ਦਾ ਕਿਸੇ ਹੋਰ ਪਾਸੇ ਖਿਆਲਾ ਵਿੱਚ ਉਲਝੇ ਹੋਣਾ ਚਾਹ ਕੇਵੀ ਸੈਕਸ ਸੰਬੰਧਾਂ ਦੀ ਖਿੱਚ ਮਹਿਸੂਸ ਨਾ ਕਰ ਸਕਣਾ ਜਾਂ ਪੈਦਾ ਨਾ ਕਰ ਸਕਣਾ। ਇਹ ਠੀਕ ਇੰਜ ਦੀ ਹੀ ਕਹਾਣੀ ਹੈ ਜਿਵੇਂ ਤੁਸੀਂ ਕਿਸੇ ਪਾਰਟੀ ਤੇ ਗਏ ਹੋ ਜਿਥੇ ਬਹੁਤ ਸਵਾਦਿਸਟ ਪਕਵਾਨ ਬਣੇ ਹਨ। ਅਜੇ ਖਾਣ ਦੀ ਸ਼ੁਰੂਆਤ ਹੋਣੀ ਹੈ ਪਰ ਕੋਈ ਆ ਕੇ ਖਬਰ ਦਿੰਦਾ ਹੈ ਕਿ ਤੁਹਾਡੇ ਘਰ ਅੱਗ ਲੱਗ ਗਈ ਹੈ। ਤੁਸੀਂ ਫੱਟਾ ਫਟ ਘਰ ਪਰਤਣ ਦੀ ਕਾਹਲ ਵਿੱਚ ਹੋ ਪਰ ਤੁਹਾਡੀ ਮਹਿਮਾਨ ਨਵਾਜੀ ਕਰ ਰਿਹਾ ਸਖਸ ਕਹਿੰਦਾ ਹੈ ਕਿ ਦੂਰ ਜਾਣਾ ਹੈ ਤੇ ਖਾਣ ਦਾ ਸਮਾਂ ਵੀ ਹੈ ਖਾਣਾ ਖਾ ਲਉ। ਤੁਸੀਂ ਮਜਬੂਰੀ ਵੱਸ ਖਾਣਾ ਖਾਂਦੇ ਹੋ ਪਰ ਸਵਾਦਿਸਟ ਖਾਣੇ ਦਾ ਵੀ ਕੋਈ ਸੁਆਦ ਮਹਿਸੂਸ ਨਹੀਂ ਹੁੰਦਾ ਪਰ ਤੁਸੀ ਮਜਬੂਰਨ ਕੁਝ ਗਰਾਹੀਆਂ ਮੂੰਹ ਵਿੱਚ ਪਾਕੇ ਤੁਰ ਪੈਂਦੇ ਹੋ ਉਸ ਵਕਤ ਕੋਈ ਪੁੱਛੇ ਕਿ ਖਾਣਾ ਕਿਸ ਤਰ੍ਹਾਂ ਦਾ ਸੀ ਤਾ ਕੀਹ ਜਵਾਬ ਦਿਉਗੇ ਠੀਕ ਉਸੇ ਤਰ੍ਹਾਂ ਸੈਕਸ ਕਿਰਿਆ ਦੀ ਕੋਸ਼ਿਸ ਕਰਦੇ ਸਮੇਂ ਮਾਨਸਿਕ ਪ੍ਰੇਸ਼ਾਨੀ ਵਿਚੋ ਗੁਜਰ ਰਹੇ ਹੋ ਤਾਂ ਸੈਕਸ ਅਨੰਦ ਆ ਹੀ ਨਹੀਂ ਸਕਦਾ। ਕਿਉਂਕਿ ਸੈਕਸ ਕਰਨਾ ਤੇ ਸੈਕਸ ਅਨੰਦ ਲੈਣਾ ਦੋ ਵੱਖ ਵੱਖ ਕਿਰਿਆਵਾ ਹਨ। ਸੋ ਮਾਨਸਿਕ ਪ੍ਰਸਥਿਤੀਆ ਦਾ ਹਾਲਾਤ ਦੇ ਅਨੁਕੂਲ ਹੋਣਾ ਜੇ ਖਾਣਾ ਖਾ ਰਹੇ ਹੋ ਤਾਂ ਧਿਆਨ ਖਾਣੇ ਤੇ ਕੇਂਦਰਤ ਹੋਵੇ ਫਿਰ ਲੂਣ ਮਿਰਚ ਮਸਾਲੇ ਦੀ ਵਾਧ ਘਾਟ ਮਹਿਸੂਸ ਕਰਦਿਆਂ ਅਨੰਦ ਲੈ ਸਕਦੇ ਹੋ। ਠੀਕ ਇਵੇ ਹੀ ਸੈਕਸ ਕਿਰਿਆ ਦਾ ਅਨੰਦ ਹੈ।

ਦੂਸਰੀ ਗੱਲ ਭੋਜਣ ਤਿਆਰ ਹੈ ਪਰ ਭੁੱਖ ਨਹੀਂ ਖਾਣ ਨੂੰ ਮਨ ਨਹੀਂ ਕਰ ਰਿਹਾ ਜਾ ਮਨ ਤਾ ਕਰ ਰਿਹਾ ਹੈ ਪਰ ਖਾਣ ਦੀ ਕਿਸੇ ਕਾਰਨ ਸਮਰੱਥਾ ਨਹੀਂ ਹੈ ਮੂੰਹ ਵਿੱਚ ਛਾਲੇ ਹਨ ਜਾ ਮੂੰਹ ਵਿੱਚ ਲਾਰ ਯਾਨੀ ਸਲਾਈਵਾ ਜੋ ਭੁੱਖ ਸਮੇਂ ਖਾਣੇ ਵੱਲ ਵੇਖਦਿਆਂ ਮੂੰਹ ਵਿੱਚ ਪੈਦਾ ਹੋਣੀ ਚਾਹੀਦੀ ਹੈ ਉਹ ਨਹੀਂ ਹੁੰਦੀ। ਠੀਕ ਇਸੇ ਤਰ੍ਹਾਂ ਹੀ ਭੁੱਖ ਹੈ ਖਾਣ ਦੀ ਇੱਛਾ ਵੀ ਹੈ ਪਰ ਸਰੀਰ ਅੰਗ ਸਾਥ ਨਹੀਂ ਦੇ ਰਹੇ। ਸੋ ਕਿਉਂ ਸਾਥ ਨਹੀਂ ਦੇ ਰਹੇ ਉਹਨਾਂ ਕਾਰਨਾਂ ਦੀ ਸਨਾਖਤ ਅਸੀ ਅੱਜ ਕਰਾਂਗੇ। ਜਿਸ ਤਰ੍ਹਾਂ ਕਿ ਅਸੀਂ ਵਿਚਾਰਿਆ ਸੀ ਕਿ ਮਰਦ ਇੰਦਰੀ ਮਾਸ ਪੇਸੀਆ ਦੀ ਬਣੀ ਹੋਈ ਹੈ ਅਤੇ ਮਾਨਸਿਕ ਉਤੇਜਨਾ ਸਮੇਂ ਉਹਨਾ ਵਿੱਚ ਖ਼ੂਨ ਭਰ ਜਾਂਦਾ। ਜਿਸ ਨਾਲ ਮਰਦ ਇੰਦਰੀ ਵਿੱਚ ਅਕੜਾਅ ਆ ਜਾਦਾ ਹੈ। ਇੱਥੇ ਪਹੁੰਚਕੇ ਸਰੀਰਕ ਫਿਜਿਆਲੋਜੀ ਅਨੁਸਾਰ ਅਸਾਂ ਦੋ ਕਿਰਿਆਵਾ ਦਾ ਜ਼ਿਕਰ ਕੀਤਾ ਸੀ ਵੈਸੋਡਾਇਲਾਟੇਸਨ ਤੇ ਵੈਸੋ ਕੁਨਸਟਰਿਕਸਨ ਯਾਨੀ ਪਹਿਲਾਂ ਮਰਦ ਇੰਦਰੀ ਦੀਆਂ ਖ਼ੂਨ ਦੀਆਂ ਨਾੜੀਆਂ ਦਾ ਖ਼ੂਨ ਨਾਲ ਭਰ ਕੇ ਇੰਦਰੀ ਦੀਆ ਮਾਸਪੇਸ਼ੀਆ ਵਿੱਚ ਇਕੱਠਾ ਹੋਣਾ ਭਾਵ ਮਰਦ ਇੰਦਰੀ ਦਾ ਫੈਲਾਓ ਅਤੇ ਦੂਸਰੀ ਕਿਰਿਆ ਰਾਹੀਂ ਖ਼ੂਨ ਦਾ ਆਮ ਰੁਟੀਨ ਵਾਂਗ ਵਾਪਸ ਨਾ ਜਾ ਸਕਣਾ। ਭਾਵ ਵਾਪਸੀ ਖ਼ੂਨ ਦੀਆਂ ਨਾੜੀਆਂ ਦਾ ਇੰਦਰੀ ਦੇ ਖ਼ੂਨ ਦੇ ਭਾਰ ਨਾਲ ਸਖਤ ਹੋਣ ਕਰਕੇ ਘੁਟਿਆ ਜਾਣਾ ਜਿਸ ਨਾਲ ਅਕੜਾਅ ਹੋਰ ਸਖਤ ਹੁੰਦਾ ਜਾਂਦਾ ਹੈ।

ਅਗਰ ਇਹਨਾਂ ਦੋਹਾਂ ਹੀ ਕਿਰਿਆਵਾ ਵਿੱਚ ਕੋਈ ਰੁਕਾਵਟ ਹੈ ਤਾਂ ਇੰਦਰੀ ਲੋੜ ਅਨੁਸਾਰ ਸਖਤ ਨਹੀਂ ਹੁੰਦੀ ਇੱਛਾ ਹੁੰਦਿਆਂ ਵੀ ਸਖਤ ਨਹੀਂ ਹੁੰਦੀ। ਅਗਰ ਸ਼ੁਰੂਆਤੀ ਮਾਨਸਿਕ ਉਤੇਜਨਾ ਸਮੇਂ ਕੁਝ ਅਕੜਾਅ ਆ ਵੀ ਗਿਆ ਤਾਂ ਇੰਦਰੀ ਪੂਰੀ ਤਰ੍ਹਾਂ ਸਖਤ ਨਹੀਂ ਹੁੰਦੀ ਜੇ ਉਤੇਜਨਾ ਹੁੰਦਿਆਂ ਵੀ ਇੰਦਰੀ ਵਿਚ ਖੂਨ ਭਰਨ ਵਿੱਚ ਕੋਈ ਰੁਕਾਵਟ ਹੈ ਤਾਂ ਜਾਂ ਅਗਰ ਉਤੇਜਨਾ ਸਮੇਂ ਇੰਦਰੀ ਵਿਚ ਕੁਝ ਖੂਨ ਭਰਿਆ ਵੀ ਪਰ ਵਾਪਸੀ ਵੇਨਜ ਦਾ ਰਸਤਾ ਪੂਰੀ ਤਰ੍ਹਾਂ ਘੁੱਟ ਕੇ ਉਸਨੂੰ ਵਾਪਸ ਜਾਣ ਤੋ ਰੋਕ ਨਹੀਂ ਸਕਿਆ ਤਾਂ ਵੀ ਇੰਦਰੀ ਵਿੱਚ ਪੂਰੀ ਸਖਤਾਈ ਨਹੀਂ ਹੁੰਦੀ ਜਿਸ ਨੂੰ ਫਲੈਸਿਡੀਟੀ ਆਫ ਪੇਨਿਸ ਯਾਨੀ ਇੰਦਰੀ ਦੀ ਛਿਥਲਤਾ ਕਹਿੰਦੇ ਹਾਂ

**ਮਰਦ ਇੰਦਰੀ ਦੀ ਸਥਿਲਤਾ ਦੇ ਕਾਰਨ**

1 ਡਿਪਰੈਸ਼ਨ ਵਰਗੇ ਮਾਨਸਿਕ ਕਾਰਨਾਂ ਤੋ ਇਲਾਵਾ ਸਧਾਰਨ ਤੇ ਵਕਤੀ ਕਾਰਨ ਵਕਤੀ ਪ੍ਰੇਸ਼ਾਨੀ ਵੀ ਹੋ ਸਕਦੀ ਹੈ।

2 ਹਾਈ ਬਲੱਡ ਪਰੈਸਰ ਤੇ ਇਸਦਾ ਲਗਾਤਾਰ ਬਣਿਆ ਰਹਿਣਾ।

3 ਆਰਟਰੀਆ ਦੇ ਅੰਦਰ ਫੈਂਟ ਚਰਬੀ ਵਗੈਰਾ ਦਾ ਜੰਮਣਾ ਜਾਂ ਆਰਟਰੀਆਂ ਦਾ ਸਖਤ ਹੋ ਜਾਣਾ ਲੋੜ ਅਨੁਸਾਰ ਫੈਲ ਨਾ ਸਕਣਾ ਜਿਸ ਕਰਕੇ ਇੰਦਰੀ ਨੂੰ ਖ਼ੂਨ ਦੀ ਘੱਟ ਸਪਲਾਈ ਹੋਣਾ ਵੀ ਹੋ ਸਕਦਾ ਹੈ। ਅਜਿਹਾ ਲਗਾਤਾਰ ਬਲੱਡ ਪ੍ਰੈਸ਼ਰ ਦੀਆਂ ਦਵਾਈਆਂ ਖਾਣ ਨਾਲ ਜਾਂ ਬੁਢੇਪੇ ਵਿਚ ਹੋ ਹੀ ਜਾਂਦਾ ਹੈ ਜਿਸ ਨੂੰ ਆਰਟੇਰੀਓ ਸਕਲੇਰੋਸਿਸ ਕਹਿੰਦੇ ਹਨ।

4 ਮੁਟਾਪਾ ਵੀ ਇਸ ਦਾ ਕਾਰਨ ਹੋ ਸਕਦਾ ਹੈ ਜਿਵੇਂਕਿ ਉੱਪਰ ਅਸੀਂ ਦਸ ਆਏ ਹਾਂ ਕਿ ਜਿਸ ਹਿਸਾਬ ਸਰੀਰ ਵਿੱਚ ਫੈਂਟ ਜਮਾ ਹੋਵੇਗਾ ਉਸੇ ਹਿਸਾਬ ਹਰ ਅੰਗ ਵਿੱਚ ਤੇ ਆਰਟਰੀਆ ਅਤੇ ਵੇਨਜ ਵਿੱਚ ਵੀ ਚਰਬੀ ਜਮਾ ਹੋਵੇਗੀ ਕਿਉਂਕਿ ਕੁਦਰਤੀ ਨਿਯਮ ਅਨੁਸਾਰ ਅਗਰ ਸਰੀਰਕ ਚੱਲਣ ਸਹੀ ਚਲ ਰਿਹਾ ਹੈ ਤਾਂ ਹਰ ਥਾਂ ਖੁਰਾਕੀ ਤੱਤਾਂ ਦੀ ਸਪਲਾਈ ਬਰਾਬਰ ਹੀ ਹੁੰਦੀ ਹੈ। ਸੋ ਬਾਹਰੀ ਮੁਟਾਪੇ ਦਾ ਅੰਦਰੂਨੀ ਅੰਗਾਂ ਯਾਨੀ ਖ਼ੂਨ ਦੀਆਂ ਨਾੜੀਆਂ ’ਤੇ ਵੀ ਅਜਿਹਾ ਅਸਰ ਹੁੰਦਾ ਕਿ ਉਹਨਾਂ ਦੀ ਅੰਦਰ ਦੀ ਗੋਲਾਈ ਘੱਟ ਜਾਂਦੀ ਹੈ।

(ਚੱਲਦਾ)


HOMEOPATHIC NATURAL MEDICINES

When Tired of All Treatments, For any Disease, At any Age
Try Alternative Treatment
Safe and Effective Medicines without any Side Effects



Consultant/Physician
Since 1973
DHMS-Gold Medalist,
BAMS, MDEH
Ex Prof, Principal, &
CMO Medical
Colleges/Hospitals in
India

GURDIP S SANDHU
(408) 687-1899 (925) 999-8278
7021 Village Parkway, Dublin, CA 94568
PRACTICE UNDER PROVISION OF ACT SB_-577 STATE OF CA



CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਅਮਰੀਕਾ 'ਚ 11 ਸਾਲਾ ਮੁੰਡੇ ਨੇ ਮੰਗੀ ਮਦਦ, ਪੁਲਸ ਨੇ ਮਾਰ ਦਿੱਤੀ ਗੋਲੀ



ਵਾਸ਼ਿੰਗਟਨ : ਅਮਰੀਕੀ ਰਾਜ ਮਿਸੀਸਿਪੀ ਦੇ ਅਧਿਕਾਰੀਆਂ ਨੇ ਇੱਕ 11 ਸਾਲਾ ਮੁੰਡੇ ਦੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ, ਜਿਸ ਨੂੰ ਇੱਕ ਪੁਲਸ ਅਧਿਕਾਰੀ ਦੁਆਰਾ ਗੋਲੀ ਮਾਰ ਦਿੱਤੀ ਗਈ ਸੀ। ਪੁਲਸ ਨੇ ਮੁੰਡੇ ਨੂੰ ਉਦੋਂ ਗੋਲੀ ਮਾਰੀ, ਜਦੋਂ ਉਸ ਨੇ ਮਦਦ ਲਈ 911 'ਤੇ ਕਾਲ ਕੀਤੀ ਸੀ। ਮੀਡੀਆ ਰਿਪੋਰਟਾਂ ਵਿੱਚ ਇਹ ਜਾਣਕਾਰੀ ਦਿੱਤੀ ਗਈ। ਮਿਸੀਸਿਪੀ ਬਿਊਰੋ ਆਫ ਇਨਵੈਸਟੀਗੇਸ਼ਨ ਅਨੁਸਾਰ 20 ਮਈ ਦੀ ਸਵੇਰ ਨੂੰ ਇੰਡੀਅਨੋਲਾ ਪੁਲਸ ਵਿਭਾਗ ਦੁਆਰਾ ਐਡਰੀਅਨ ਮੁਰੀ ਨੂੰ ਛਾਤੀ ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਪੁਲਸ ਵਾਲੇ ਮੁੰਡੇ ਦੇ ਘਰ ਵਿੱਚ ਘਰੇਲੂ ਗੜਬੜੀ ਕਾਲ ਦਾ ਜਵਾਬ ਦੇ ਰਹੇ ਸਨ। ਗੋਲੀਬਾਰੀ ਦੇ ਨਤੀਜੇ ਵਜੋਂ ਮੁੰਡੇ ਦੇ ਫੇਫੜੇ, ਪਸਲੀਆਂ ਅਤੇ ਜਿਗਰ ਗੰਭੀਰ ਜ਼ਖਮੀ ਹੋ ਗਿਆ। NBC ਨਿਊਜ਼ ਦੀ ਰਿਪੋਰਟ ਮੁਤਾਬਕ ਜਾਂਚ ਸ਼ੁਰੂ ਕਰਨ ਦੀ ਪੁਸ਼ਟੀ ਕਰਦੇ ਹੋਏ ਮਿਸੀਸਿਪੀ ਬਿਊਰੋ ਆਫ਼ ਇਨਵੈਸਟੀਗੇਸ਼ਨ (MBI) ਨੇ ਕਿਹਾ ਕਿ 'ਘਟਨਾ ਦੌਰਾਨ ਕੋਈ ਅਧਿਕਾਰੀ ਜ਼ਖਮੀ ਨਹੀਂ ਹੋਇਆ। ਰਿਹਾਇਸ਼ ਦੇ ਇੱਕ ਮਾਮੂਲੀ ਨਿਵਾਸੀ ਨੂੰ ਗੰਭੀਰ ਸੱਟਾਂ ਲੱਗੀਆਂ ਹਨ ਅਤੇ ਉਸਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ'। MBI ਇਸ ਸਮੇਂ ਇਸ ਨਾਜ਼ੁਕ ਘਟਨਾ ਦਾ ਮੁਲਾਂਕਣ ਕਰ ਰਿਹਾ ਹੈ ਅਤੇ ਸਬੂਤ ਇਕੱਠੇ ਕਰ ਰਿਹਾ ਹੈ। ਜਾਂਚ ਪੂਰੀ ਕਰਨ ਤੋਂ ਬਾਅਦ ਏਜੰਟ ਅਟਾਰਨੀ ਜਨਰਲ ਦੇ ਦਫ਼ਤਰ ਨਾਲ ਆਪਣੇ ਨਤੀਜੇ ਸਾਂਝੇ ਕਰਨਗੇ। ਏਜੰਸੀ ਨੇ ਹੋਰ ਵੇਰਵੇ ਨਹੀਂ ਦਿੱਤੇ। ਇਸ ਦੌਰਾਨ ਪਰਿਵਾਰ ਦੇ ਵਕੀਲ ਕਾਰਲੋਸ ਮੂਰ ਨੇ ਕਿਹਾ ਕਿ ਮੁਰੀ ਹਸਪਤਾਲ ਤੋਂ ਰਿਹਾਅ ਹੋਣ ਤੋਂ ਬਾਅਦ ਠੀਕ ਹੋ ਰਿਹਾ ਹੈ, ਪਰ ਉਹ ਸਦਮੇ ਵਿਚ ਹੈ ਅਤੇ ਉਸ ਨੂੰ ਕਾਊਂਸਲਿੰਗ ਦੀ ਜ਼ਰੂਰਤ ਹੋਵੇਗੀ। ਵਕੀਲ ਨੇ ਇੱਕ ਵੱਖਰੇ ਬਿਆਨ ਵਿੱਚ ਕਿਹਾ ਕਿ 'ਕਿਸੇ ਵੀ ਬੱਚੇ ਨੂੰ ਕਦੇ ਵੀ ਉਹਨਾਂ ਲੋਕਾਂ ਦੇ ਹੱਥੋਂ ਅਜਿਹੀ ਹਿੰਸਾ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਜੋ ਸੁਰੱਖਿਆ ਅਤੇ ਸੇਵਾ ਕਰਨ ਦੀ ਸਹੁੰ ਚੁੱਕਦੇ ਹਨ। ਸਾਨੂੰ ਇਸ ਨੌਜਵਾਨ ਮੁੰਡੇ ਅਤੇ ਉਸਦੇ ਪਰਿਵਾਰ ਲਈ ਨਿਆਂ ਦੀ ਮੰਗ ਕਰਨੀ ਚਾਹੀਦੀ ਹੈ। ਅਸੀਂ ਇਸ ਤਰ੍ਹਾਂ ਦੀ ਇੱਕ ਹੋਰ ਬੇਤੁਕੀ ਦੁਖਾਂਤ ਨੂੰ ਵਾਪਰਨ ਦੀ ਇਜਾਜ਼ਤ ਨਹੀਂ ਦੇ ਸਕਦੇ। ਸਾਨੂੰ ਆਪਣੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਤੋਂ ਬਦਲਾਅ ਅਤੇ ਜਵਾਬਦੇਹੀ ਦੀ ਮੰਗ ਕਰਨ ਲਈ ਇੱਕ ਭਾਈਚਾਰੇ ਵਜੋਂ ਇਕੱਠੇ ਹੋਣਾ ਚਾਹੀਦਾ ਹੈ।÷ਮੂਰ, ਮੁੰਡੇ ਦੀ ਮਾਂ ਨਕਾਲਾ ਮੁਰੀ ਅਤੇ ਹੋਰਾਂ ਨੇ ਵੀਰਵਾਰ ਸਵੇਰੇ ਇੰਡੀਅਨੋਲਾ ਸਿਟੀ ਹਾਲ ਵਿਖੇ ਧਰਨਾ ਦਿੱਤਾ। ਅਧਿਕਾਰੀ ਨੂੰ ਬਰਖਾਸਤ ਕਰਨ ਅਤੇ ਬਾਡੀ-ਕੈਮਰਿਆਂ ਦੀ ਫੁਟੇਜ ਜਾਰੀ ਕਰਨ ਦੀ ਮੰਗ ਲਈ ਸ਼ਨੀਵਾਰ ਨੂੰ ਇੱਕ ਮਾਰਚ ਅਤੇ ਰੈਲੀ ਦੀ ਯੋਜਨਾ ਹੈ।

# ਵਿਸ਼ਵ ਪੰਜਾਬੀ ਸਹਿਤ ਅਕਾਦਮੀ ਵੱਲੋ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਵਿੱਚ ਫਰਿਜਨੋ ਵਿਖੇ ਵਿਸ਼ੇਸ਼ ਸਮਾਗਮ





ਫਰਿਜਨੋ (ਕੈਲੀਫੋਰਨੀਆਂ) (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ) : ਉੱਘੇ ਲੇਖਕ, ਚਿੰਤਕ, ਸ਼ਾਇਰ ਅਤੇ ਵਿਸ਼ਲੇਸ਼ਕ ਮਰਹੂਮ ਡਾ. ਗੁਰੂਮੇਲ ਸਿੱਧੂ ਦੀ ਯਾਦ ਨੂੰ ਸਮਰਪਿਤ "ਵਿਸ਼ਵ ਪੰਜਾਬੀ ਸਹਿਤ ਅਕਾਦਮੀ" ਵੱਲੋ ਉਨ੍ਹਾਂ ਦੇ ਫਾਰਮ ਹਾਊਸ ਤੇ ਫਰਿਜਨੋ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਿੱਥੇ ਸ਼ਾਇਰ, ਲੇਖਕ, ਸਹਿਤਕਾਰ, ਪੱਤਰਕਾਰ ਪਹੁੰਚੇ ਹੋਏ ਸਨ। ਇਸ ਸਮੇਂ ਜਿੱਥੇ ਕਵੀ ਦਰਬਾਰ ਹੋਇਆ, ਓਥੇ ਗਾਇਕ ਸੁਖਦੇਵ ਸਾਹਿਲ ਨੇ ਗਾਇਕੀ ਦੇ ਐਸੇ ਸੁਰ ਲਾਏ ਕਿ ਹਰ-ਕੋਈ ਅਸ਼ ਅਸ਼ ਕਰ ਉੱਠਿਆ। ਇਸ ਮੌਕੇ ਸਟੇਜ ਦੀ ਸ਼ੁਰੂਆਤ ਸ਼ਾਇਰ ਹਰਜਿੰਦਰ ਕੰਗ ਨੇ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ, ਉਪਰੰਤ ਕਰਨਲ ਹਰਦੇਵ ਸਿੰਘ ਗਿੱਲ ਨੇ ਬੋਲਦਿਆਂ ਕਿਹਾ ਕਿ ਡਾ. ਗੁਰਮੇਲ ਸਿੱਧੂ ਇੱਕ ਬਹੁਪੱਖੀ ਸ਼ਖਸੀਅਤ ਸਨ, ਉਹਨਾਂ ਲੰਮਾ ਸਮਾਂ ਫਰਿਜਨੋ ਸਟੇਟ ਯੂਨੀਵਰਸਿਟੀ ਵਿੱਚ ਪੜ੍ਹਾਇਆ ਅਤੇ ਬਹੁਤ ਖੋਜ ਭਰਪੂਰ ਕਾਰਜ ਕੀਤੇ। ਡਾ. ਗੁਰੂਮੇਲ ਸਿੱਧੂ ਨੇ ਤਕਰੀਬਨ ਚਾਰ ਪੰਜ ਸ਼ਾਇਰੋ ਸ਼ਾਇਰੀ ਦੀਆਂ ਕਿਤਾਬਾਂ ਲਿਖੀਆਂ। ਕੁਝ ਕੁ ਵਾਰਤਿਕ ਦੀਆਂ ਪੁਸਤਕਾਂ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸ਼ਿੰਗਾਰ ਬਣਾਈਆ। ਗਦਰ ਦਾ ਦੂਜਾ ਪੱਖ ਉਹਨਾਂ ਦੀਆਂ ਸ਼ਾਹਕਾਰ ਰਚਨਾਵਾਂ ਵਿੱਚੋ ਇੱਕ ਹੈ। ਸੰਤੋਖ ਮਨਿਹਾਸ ਨੇ ਰੇਖਾ ਚਿੱਤਰ ਨਾਮੀ ਕਵਿਤਾ ਪੜਕੇ ਉਹਨਾਂ ਦੇ ਜੀਵਨ ਤੇ ਪੰਛੀ ਝਾਤ ਪਵਾਈ। ਕਹਾਣੀਕਾਰ ਕਰਮ ਸਿੰਘ ਮਾਨ ਨੇ ਉਹਨਾਂ ਨਾਲ ਆਪਣੀਆਂ ਸਾਂਝਾਂ ਸਾਂਝੀਆਂ ਕੀਤੀਆਂ। ਇਸ ਮੌਕੇ ਇੰਡੋ ਅਮੈਰਕਿਨ ਹੈਰੀਟੇਜ਼ ਅਤੇ ਇੰਡੋ ਯੂ. ਐਸ. ਐਸੋਸ਼ੀਏਸ਼ਨ ਦੇ ਮੈਂਬਰਾਂ ਤੋਂ ਬਿਨਾਂ ਡਾ. ਹਰਮੇ ?ਸ਼ ਕੁਮਾਰ ਅਤੇ ਸ਼ਾਇਰ ਦਲਜੀਤ ਰਿਆੜ ਉਚੇਚੇ ਤੌਰ 'ਤੇ ਪਹੁੰਚੇ ਹੋਏ ਸਨ। ਬੋਲਣ ਵਾਲੇ ਬੁਲਾਰਿਆਂ ਅਤੇ ਸ਼ਾਇਰਾਂ ਵਿੱਚ ਨੀਲਮ ਲਾਜ ਸੈਣੀ, ਗੁਲਸ਼ਨ ਦਿਆਲ, ਬਲਜਿੰਦਰ ਸਿੰਘ ਸੰਧੂ, ਸੁੱਚਾ ਸਿੰਘ ਥਿੰਦ, ਹਰਜਿੰਦਰ ਢੇਸੀ, ਜਗਜੀਤ ਨੌਸ਼ਿਹਰਬੀ, ਅਸ਼ਰਫ ਗਿੱਲ, ਅਵਤਾਰਾ ਗੋਦਾਰਾ, ਕੁਲਵਿੰਦਰ, ਸਾਧੂ ਸਿੰਘ ਸੰਘਾ, ਪ੍ਰੀਤ, ਇੰਦਰਜੀਤ ਜੀਤ ਚੁੰਗਾਵਾ, ਬਲਜੀਤ ਕੌਰ ਸਿੱਧੂ, ਅਰਜਨ ਸਿੰਘ ਜੋਸ਼ਨ ਆਦਿ ਦੇ ਨਾਮ ਜ਼ਿਕਰਯੋਗ ਹਨ।

# ਨਿਊਯਾਰਕ ਸਿਟੀ ਨੇ ਭਾਰ ਅਤੇ ਲੰਬਾਈ ਦੇ ਆਧਾਰ ਤੇ ਭੇਦਭਾਵ ਤੇ ਲਗਾਈ ਪਾਬੰਦੀ



ਨਿਊਯਾਰਕ : ਨਿਊਯਾਰਕ ਸਿਟੀ ਦੇ ਮੇਅਰ ਐਰਿਕ ਐਡਮਜ਼ ਨੇ ਸ਼ੁੱਕਰਵਾਰ ਨੂੰ ਇਕ ਕਾਨੂੰਨ 'ਤੇ ਹਸਤਾਖ਼ਰ ਕੀਤੇ, ਜੋ ਭਾਰ ਅਤੇ ਲੰਬਾਈ ਵਰਗੇ ਸਰੀਰਕ ਮਾਪਦੰਡਾਂ ਦੇ ਆਧਾਰ 'ਤੇ ਭੇਦਭਾਵ 'ਤੇ ਪਾਬੰਦੀ ਲਗਾਏਗਾ। ਭਾਰ ਅਤੇ ਲੰਬਾਈ ਹੁਣ ਨਸਲ, ਲਿੰਗ ਅਤੇ ਧਰਮ ਵਰਗੀਆਂ ਸੁਰੱਖਿਅਤ ਸ਼੍ਰੇਣੀਆਂ ਦੀ ਸੂਚੀ ਵਿਚ ਸ਼ਾਮਲ ਹੋ ਗਏ ਹਨ। 'ਸਿਟੀ ਹਾਲ' ਬਿੱਲ ਹਸਤਾਖ਼ਰ ਸਮਾਰੋਹ ਵਿਚ ਮੇਅਰ ਨੇ ਕਿਹਾ, ਅਸੀਂ ਸਾਰੇਂ ਰੁਜ਼ਗਾਰ ਅਤੇ ਰਿਹਾਇਸ਼ ਤੱਕ ਬਰਾਬਰ ਪਹੁੰਚ ਦੇ ਪਾਤਰ ਹਾਂ, ਭਾਵੇਂ ਅਸੀਂ ਕਿਹੋ ਜਿਹੇ ਦਿਖਦੇ ਹੋਈਏ ਅਤੇ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿੰਨੇ ਲੰਬੇ ਹੋ ਜਾਂ ਤੁਹਾਡਾ ਭਾਰ ਕਿੰਨਾ ਹੈ। ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਐਡਮਜ਼ ਨੇ ਕਿਹਾ ਕਿ ਆਰਡੀਨੈਂਸ ਸਾਰੇ ਨਿਊਯਾਰਕ ਵਾਸੀਆਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਵਿਚ ਮਦਦ ਕਰੇਗਾ। ਇਹ ਵਧੇਰੇ ਸੰਮਲਿਤ ਕੰਮ ਵਾਲੀ ਥਾਂ ਅਤੇ ਰਹਿਣ ਲਈ ਅਨੁਕੂਲ ਵਾਤਾਵਰਣ ਬਣਾਏਗਾ ਅਤੇ ਭੇਦਭਾਵ ਤੋਂ ਰੱਖਿਆ ਕਰੇਗਾ। ਨਗਰ ਕੌਂਸਲ ਨੇ ਇਸ ਮਹੀਨੇ ਆਰਡੀਨੈਂਸ ਨੂੰ ਪਾਸ ਕੀਤਾ ਸੀ। ਕੁੱਝ ਕਾਰੋਬਾਰੀ ਨੇਤਾਵਾਂ ਨੇ ਕੌਂਸਲ ਦੇ ਸਾਹਮਣੇ ਕਾਨੂੰਨ ਨੂੰ ਰੱਖੇ ਜਾਣ ਦੌਰਾਨ ਇਸ ਦਾ ਵਿਰੋਧ ਕੀਤਾ ਸੀ। ਨਿਊਯਾਰਕ ਸਿਟੀ ਪਾਰਟਨਰਸ਼ਿਪ ਦੀ ਪ੍ਰਧਾਨ ਅਤੇ ਸੀ.ਈ.ਓ. ਕੈਥੀ ਵਾਈਲਡ ਨੇ ਇਕ ਬਿਆਨ ਵਿਚ ਕਿਹਾ ਕਿ ਇਸ ਕਾਨੂੰਨ ਦੇ ਪ੍ਰਭਾਵ ਅਤੇ ਲਾਗਤ ਦੀ ਮਿਆਦ 'ਤੇ ਪੂਰੀ ਤਰ੍ਹਾਂ ਨਾਲ ਵਿਚਾਰ ਨਹੀਂ ਕੀਤਾ ਗਿਆ ਹੈ।

# ਅਧਿਆਪਕ ਨੇ ਖੋਹਿਆ ਮੋਬਾਇਲ ਤਾਂ ਗੁੱਸੇ ਨਾਲ ਭੜਕ ਉੱਠੀ ਵਿਦਿਆਰਥਣ, ਫੂਕ ਦਿੱਤਾ ਸਕੂਲ, 20 ਦੀ ਮੌਤ



ਗੁਆਨਾ : ਦੱਖਣੀ ਅਮਰੀਕਾ ਦੇ ਦੇਸ਼ ਗੁਆਨਾ ਤੋਂ ਇਕ ਬਹੁਤ ਹੀ ਦਰਦਨਾਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇਕ ਲੜਕੀ ਨੇ ਆਪਣੇ ਹੀ ਸਕੂਲ ਦੇ ਹੋਸਟਲ ਨੂੰ ਅੱਗ ਲਗਾ ਦਿੱਤੀ। ਵਿਦਿਆਰਥਣ ਵੱਲੋਂ ਲਗਾਈ ਅੱਗ ਵਿੱਚ ਹੋਸਟਲ ਸੜਨ ਲੱਗਾ ਤੇ ਕੁਝ ਹੀ ਸਮੇਂ ਵਿੱਚ ਸੜ ਕੇ ਖੰਡਰ 'ਚ ਤਬਦੀਲ ਹੋ ਗਿਆ। ਵਿਦਿਆਰਥਣ ਦੀ ਇਸ ਹਰਕਤ ਕਾਰਨ ਨਾ ਸਿਰਫ਼ ਹੋਸਟਲ ਸੜ ਗਿਆ, ਸਗੋਂ ਸਕੂਲ ਵਿੱਚ ਪੜ੍ਹਦੇ ਬੱਚਿਆਂ ਅਤੇ ਸਟਾਫ਼ ਸਮੇਤ ਕੁਲ 20 ਨਿਰਦੋਸ਼ ਲੋਕ ਅੱਗ ਦੀ ਲਪੇਟ ਵਿੱਚ ਆ ਗਏ, ਜਿਸ ਕਾਰਨ ਉਨ੍ਹਾਂ ਦੀ ਦਰਦਨਾਕ ਮੌਤ ਹੋ ਗਈ।

ਇਸ ਖੌਫਨਾਕ ਘਟਨਾ 'ਚ ਦੋਸ਼ੀ ਵਿਦਿਆਰਥਣ ਸਮੇਤ 10 ਲੋਕ ਵੀ ਬੁਰੀ ਤਰ੍ਹਾਂ ਨਾਲ ਝੁਲਸ ਗਏ ਹਨ। ਹਸਪਤਾਲ 'ਚ ਜ਼ੇਰੇ ਇਲਾਜ ਲੋਕਾਂ ਦੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਫਿਲਹਾਲ ਦੋਸ਼ੀ ਵਿਦਿਆਰਥਣ ਨੂੰ ਪੁਲਸ ਨੇ ਹਸਪਤਾਲ 'ਚੋਂ ਹੀ ਹਿਰਾਸਤ 'ਚ ਲੈ ਲਿਆ ਹੈ। ਜਿਸ ਨੇ ਵੀ ਇਹ ਗੱਲ ਸੁਣੀ, ਉਸ ਦੀ ਰੂਹ ਕੰਬ ਗਈ। ਇਸ ਤੋਂ ਪਹਿਲਾਂ ਕਿ ਤੁਸੀਂ ਲੜਕੀ ਦੇ ਪਾਗਲਪਨ ਦਾ ਅੰਦਾਜ਼ਾ ਲਗਾਓ, ਦੱਸ ਦੇਈਏ ਕਿ ਨਾਬਾਲਗ ਵਿਦਿਆਰਥਣ ਦੀ ਉਮਰ ਸਿਰਫ 14 ਸਾਲ ਹੈ।

ਡੇਲੀ ਮੇਲ 'ਚ ਛਪੀ ਖ਼ਬਰ ਮੁਤਾਬਕ ਗੁਆਨਾ ਦੇ ਇਕ ਸਕੂਲ ਦੇ ਲੜਕੀਆਂ ਦੇ ਹੋਸਟਲ 'ਚ ਸੋਮਵਾਰ ਰਾਤ ਨੂੰ ਅੱਗ ਲੱਗ ਗਈ। ਕੁਝ ਹੀ ਪਲਾਂ ਵਿੱਚ ਅੱਗ ਨੇ ਹੋਸਟਲ ਦੇ ਵੱਡੇ ਹਿੱਸੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਭਿਆਨਕ ਅੱਗ ਦੀ ਲਪੇਟ 'ਚ ਕਈ ਵਿਦਿਆਰਥਣਾਂ ਅਤੇ ਸਟਾਫ਼ ਫਸ ਗਏ। ਤੁਰੰਤ ਫਾਇਰ ਬ੍ਰਿਗੇਡ ਦੀ ਟੀਮ ਨੂੰ ਬੁਲਾਇਆ ਗਿਆ ਪਰ ਜਦੋਂ ਤੱਕ ਟੀਮ ਅੱਗ ਬੁਝਾ ਸਕੀ, ਉਦੋਂ ਤੱਕ ਅੱਗ ਦੀ ਲਪੇਟ ਵਿੱਚ ਆ ਕੇ 20 ਲੋਕਾਂ ਦੀ ਮੌਤ ਹੋ ਚੁੱਕੀ ਸੀ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਹੋਸਟਲ ਨੂੰ ਅੱਗ ਲਾਉਣ ਵਾਲੀ ਲੜਕੀ ਵੀ ਇਸ ਘਟਨਾ 'ਚ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ। ਇਸ ਸਾਰੀ ਘਟਨਾ ਦੀ ਜੜ੍ਹ ਇਕ ਮੋਬਾਇਲ ਹੈ। ਲੜਕੀ ਸਕੂਲ 'ਚ ਆਪਣਾ ਮੋਬਾਇਲ ਨਾਲ ਲੈ ਕੇ ਆਈ ਸੀ। ਅਧਿਆਪਕ ਵੱਲੋਂ ਉਸ ਦਾ ਮੋਬਾਇਲ ਜ਼ਬਤ ਕਰ ਲਿਆ ਗਿਆ ਸੀ। ਇਸ ਕਾਰਨ ਵਿਦਿਆਰਥਣ ਨੂੰ ਗੁੱਸਾ ਆ ਗਿਆ, ਜਿਸ ਤੋਂ ਬਾਅਦ ਉਸ ਨੇ ਇਸ ਘਿਨਾਉਣੀ ਘਟਨਾ ਨੂੰ ਅੰਜਾਮ ਦਿੱਤਾ। ਜ਼ਖ਼ਮੀ ਵਿਦਿਆਰਥਣ ਦਾ ਇਲਾਜ ਚੱਲ ਰਿਹਾ ਹੈ। ਇਸ ਤੋਂ ਇਲਾਵਾ 9 ਹੋਰ ਲੋਕਾਂ ਦਾ ਇਲਾਜ ਵੀ ਚੱਲ ਰਿਹਾ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਮਰਨ ਵਾਲੇ ਜ਼ਿਆਦਾਤਰ ਬੱਚਿਆਂ ਦੀ ਉਮਰ 12 ਤੋਂ 18 ਸਾਲ ਦੇ ਵਿਚਕਾਰ ਹੈ।

# ਭਾਰਤੀ ਮੂਲ ਦੀ ਪਾਰੁਲ ਚੌਧਰੀ ਨੇ ਨਿਊਯਾਰਕ ਚ ਜਿੱਤਿਆ ਸੀਜ਼ਨ ਦਾ ਪਹਿਲਾ ਖਿਤਾਬ



ਨਿਊਯਾਰਕ : ਭਾਰਤ ਦੀ ਪਾਰੁਲ ਚੌਧਰੀ ਜੋ ਅਮਰੀਕਾ ਵਿੱਚ ਸਿਖਲਾਈ ਲੈ ਰਹੀ ਹੈ ਉਸ ਨੇ ਬੀਤੇ ਦਿਨੀਂ ਨਿਊਯਾਰਕ ਸਿਟੀ ਵਿੱਚ ਟ ?ਰੈਕ ਨਾਈਟ ਵਿੱਚ ਮਹਿਲਾਵਾਂ ਦੀ 3000 ਮੀਟਰ ਸਟੀਪਲਚੇਜ਼ ਈਵੈਂਟ ਵਿੱਚ ਸੀਜ਼ਨ ਦਾ ਪਹਿਲਾ ਖਿਤਾਬ ਜਿੱਤਿਆ। 28 ਸਾਲਾ ਪਾਰੁਲ ਚੋਧਰੀ, ਜੋ ਇਸ ਸਮੇਂ ਅਮਰੀਕਾ ਵਿੱਚ ਸਿਖਲਾਈ ਲੈ ਰਹੀ ਹੈ, ਨੇ 9:41.88 ਦੇ ਸਮੇਂ ਨਾਲ ਦੌੜ ਜਿੱਤੀ, ਜੋ ਪਿਛਲੇ ਸਾਲ ਵਿਸ਼ਵ ਚੈਂਪੀਅਨਸ਼ਿਪ ਦੌਰਾਨ ਉਸ ਦੇ ਨਿੱਜੀ ਸਰਵੋਤਮ 9:38.09 ਤੋਂ ਤਿੰਨ ਸਕਿੰਟਾਂ ਤੋਂ ਵੱਧ ਹੈ। ਲਿਲੀ ਦਾਸ ਆਈਕਾਹਨ ਸਟੇਡੀਅਮ ਵਿੱਚ ਵਿਸ਼ਵ ਅਥਲੈਟਿਕਸ ਕਾਂਟੀਨੈਂਟਲ ਟੂਰ ਕਾਂਸੀ-ਪੱਧਰੀ ਈਵੈਂਟ ਦੀ ਮੀਟ ਵਿੱਚ 4:15.23 ਵਿੱਚ ਔਰਤਾਂ ਦੀ 1500 ਮੀਟਰ ਵਿੱਚ ਤੀਜੇ ਸਥਾਨ 'ਤੇ ਰਹੀ। ਵਿਸ਼ਵ ਅਥਲੈਟਿਕਸ ਕਾਂਸੀ ਟਰੈਕ ਨਾਈਟ ਵਿੱਚ ਪਾਰੁਲ ਚੌਧਰੀ ਔਰਤਾਂ ਦੀ 3000 ਮੀਟਰ ਸਟੀਪਲਚੇਜ਼ ਵਿੱਚ ਪਹਿਲੇ ਸਥਾਨ 'ਤੇ ਰਹੀ।

# ਖੇਡ ਜਗਤ 'ਚ ਸੋਗ ਦੀ ਲਹਿਰ, ਪੰਜਾਬ ਦੇ ਖਿਡਾਰੀ ਦੀ ਅਮਰੀਕਾ 'ਚ ਦਰਦਨਾਕ ਮੌਤ

ਈਸੜੂ : ਖੇਡ ਜਗਤ ਅਤੇ ਇਲਾਕੇ ਵਿੱਚ ਉਸ ਵੇਲੇ ਸੋਗ ਦੀ ਲਹਿਰ ਦੌੜ ਗਈ ਜਦੋਂ ਪੰਜਾਬੀ ਗੱਭਰੂ ਦੀ ਅਮਰੀਕਾ ਤੋਂ ਮੌਤ ਦੀ ਖ਼ਬਰ ਆਈ। ਅਮਰੀਕਾ ਦੇ ਸ਼ਹਿਰ ਫਲੋਰੀਡਾ 'ਚ ਪੰਜਾਬ ਦੇ ਈਸੜੂ ਕਸਬੇ ਲਾਗਲੇ ਪਿੰਡ ਜਰਗੜੀ ਦੇ ਸਮਾਜਸੇਵੀ ਅਵਤਾਰ ਸਿੰਘ ਦੇ ਭਤੀਜੇ ਹਰਮਨਜੋਤ ਸਿੰਘ ਗਿੱਲ (26) ਪੁੱਤਰ ਤਰਨਜੀਤ ਸਿੰਘ ਗਿੱਲ ਦੀ ਭੇਤਭਰੇ ਹਾਲਾਤ 'ਚ ਦਰਿਆ (ਬੇ) 'ਚ ਡੁੱਬਣ ਕਾਰਨ ਮੌਤ ਹੋ ਗਈ।

ਹਰਮਨਜੋਤ ਗਿੱਲ ਇਕ ਬਹੁਤ ਵਧੀਆ ਫੁੱਟਬਾਲ ਖਿਡਾਰੀ ਸੀ ਤੇ ਹੁਣ ਉਸ ਨੇ ਇੰਗਲੈਂਡ ਦੇ ਇਕ ਫੁੱਟਬਾਲ ਕਲੱਬ ਦੇ ਕੋਚ ਵਜੋਂ ਜ਼ਿੰਮੇਵਾਰੀ ਸੰਭਾਲਣੀ ਸੀ ਕਿ ਉਸੇ ਦਿਨ ਸਵੇਰੇ 5 ਵਜੇ ਦੇ ਕਰੀਬ ਇਹ ਮੰਦਭਾਗੀ ਘਟਨਾ ਵਾਪਰ ਗਈ। ਹਰਮਨਜੋਤ ਗਿੱਲ 2005 'ਚ ਆਪਣੇ ਪਿਤਾ-ਪਾਸ ਪੈਨਸਲਵੇਨੀਆ ਗਿਆ ਸੀ ਤੇ ਉਥੇ ਰਹਿ ਕੇ ਪੜ੍ਹਾਈ ਦੇ ਨਾਲ-ਨਾਲ ਫੁੱਟਬਾਲ ਜਗਤ 'ਚ ਆਪਣਾ ਚੰਗਾ ਨਾਂ ਬਣਾ ਲਿਆ ਸੀ। ਜਾਣਕਾਰੀ ਮੁਤਾਬਕ ਹਰਮਨਜੋਤ ਦਾ ਅੰਤਿਮ ਸੰਸਕਾਰ ਅਮਰੀਕਾ ਵਿੱਚ ਹੀ ਕੀਤਾ ਜਾਣਾ ਹੈ। ਉਧਰ ਪੁਲਸ ਜਾਂਚ ਪੜਤਾਲ ਵਿਚ ਜੁਟੀ ਹੋਈ ਹੈ।



ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਉਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ


ਕੈਪਟਨ ਅਮਰਜੀਤ ਸਿੰਘ ਕਾਲੇਕਾ

(**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**)

ਸਿੰਘਾਂ ਨੇ ਕਿਹਾ ਕਿ ਪਾਤਸ਼ਾਹ ਮੁਗਲਾਂ ਦੀ ਵੱਡੀ ਫੌਜ ਸਾਡੇ ਪਿੱਛੇ ਹੈ। ਕੁਝ ਸਿੰਘਾਂ ਨੂੰ ਪਹਿਰੇ 'ਤੇ ਲਾ ਦਿੱਤਾ ਅਤੇ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ। ਇਸ ਦੌਰਾਨ ਭਾਈ ਜੀਵਨ ਸਿੰਘ (ਭਾਈ ਜੈਤਾ ਜੀ) ਜੀ ਸ਼ਹੀਦ ਹੋ ਗਏ। ਗੁਰੂ ਸਾਹਿਬ ਨੇ ਖਾਲਸੇ ਵਿਚ ਇੰਨਾ ਜੋਸ਼ ਅਤੇ ਸਾਹਸ ਭਰ ਦਿੱਤਾ ਕਿ ਤਕਰੀਬਨ ਸਾਢੇ ਚਾਰ ਫੁੱਟ ਕੱਦ ਦਾ ਸਿੰਘ ਭਾਈ ਬਚਿੱਤਰ ਸਿੰਘ ਸ਼ਰਾਬੀ ਹਾਥੀ ਨਾਲ ਭਿੜ ਗਿਆ। ਚਮਕੌਰ ਦੀ ਲੜਾਈ ਜੋ ਕਿ ਇਤਿਹਾਸ ਵਿਚ ਆਪਣੇ ਆਪ ਵਿਚ ਇਤਿਹਾਸ ਹੈ। ਇਸ ਵਿਚ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਸਮੇਤ 40 ਸਿੰਘਾਂ ਨੇ 10 ਲੱਖ ਦੀ ਫੌਜ ਨਾਲ ਮੁਕਾਬਲਾ ਕੀਤਾ।

1708-1716 ਬਾਬਾ ਬੰਦਾ ਬਹਾਦਰ ਦਾ ਸਮਾਂ ਸੀ। ਜਦੋਂ ਦਿੱਲੀ ਵਿਚ ਮੁਗਲ ਰਾਜ ਸੀ, ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਆਮ ਸਿੰਘਾਂ ਨੇ ਸੋਟੀਆਂ, ਬਰਛਿਆਂ ਅਤੇ ਤਲਵਾਰਾਂ ਨਾਲ ਸੂਬਾ ਸਰਹਿੰਦ ਨੂੰ ਹਰਾ ਦਿੱਤਾ ਅਤੇ ਪੰਜਾਬ ਵਿਚ ਖਾਲਸੇ ਦਾ ਰਾਜ ਸਥਾਪਤ ਕਰ ਦਿੱਤਾ। ਉਸ ਨੇ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਕੇ ਵੀ ਚਲਾ ਦਿੱਤੇ। 8 ਸਾਲ ਪੰਜਾਬ ਵਿਚ ਖਾਲਸੇ ਦਾ ਰਾਜ ਰਿਹਾ। 1716 ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਹਨਾਂ ਦੇ ਸਾਥੀਆਂ ਨੂੰ ਮੁਗਲ ਫੌਜ ਨੇ ਘੇਰ ਲਿਆ। 8 ਮਹੀਨੇ ਦੇ ਘੇਰੇ ਪਿਛੋਂ ਉਹਨਾਂ ਨੂੰ 700 ਸਾਥੀਆਂ ਸਮੇਤ ਦਿੱਲੀ ਲਿਜਾਇਆ ਗਿਆ। ਕੁਤਬਮਿਨਾਰ ਦੇ ਨੇੜੇ ਉਹਨਾਂ ਨੂੰ ਇਕ-ਇਕ ਕਰ ਕੇ ਸ਼ਹੀਦ ਕੀਤਾ ਗਿਆ। ਕਿਸੇ ਇੱਕ ਨੇ ਵੀ ਇਸਲਾਮ ਧਰਮ ਨਹੀਂ ਕਬੂਲਿਆ ਅਤੇ ਗੁਰੂ ਕੇ ਲਾਡਲੇ ਹੱਸਦੇ-ਹੱਸਦੇ ਸ਼ਹੀਦੀਆਂ ਪਾ ਗਏ।

1737 ਈ ਵਿਚ ਭਾਈ ਮਨੀ ਸਿੰਘ ਜੀ ਦੀ ਤਕਰੀਬਨ 72 ਸਾਲ ਦੀ ਉਮਰ ਵਿਚ ਸ਼ਹੀਦੀ ਵੀ ਚੜ੍ਹਦੀਕਲਾ ਦੀ ਮੂੰਹ ਬੋਲਦੀ ਤਸਵੀਰ ਹੈ। ਹੁਕਮਰਾਨ ਨੇ ਭਾਈ ਮਨੀ ਸਿੰਘ ਜੀ ਦਾ ਬੰਦ-ਬੰਦ ਕੱਟਣ ਦਾ ਹੁਕਮ ਦਿੱਤਾ ਸੀ। ਜਦੋਂ ਜਲਾਦ ਇਕ ਬੰਦ ਛੱਡ ਕੇ ਤੀਸਰੇ ਬੰਦ ਤੇ ਗੰਡਾਸੀ ਮਾਰਨ ਲੱਗਾ ਤਾਂ ਭਾਈ ਮਨੀ ਸਿੰਘ ਜੀ ਨੇ ਕਿਹਾ ਭਾਈ ਹੁਕਮਰਾਨ ਦਾ ਹੁਕਮ ਬੰਦ-ਬੰਦ ਕੱਟਣ ਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਜਦੋਂ ਗੁਰੂ ਮਹਾਰਾਜ ਦੀ ਮਿਹਰ ਆਪਣੇ ਖਾਲਸੇ ਤੇ ਹੋਵੇ ਤਾਂ ਉਸ ਨੂੰ ਕੋਈ ਵੀ ਪੀੜ ਜਾਂ ਤਕਲੀਫ਼ ਨਹੀਂ ਹੋ ਸਕਦੀ।

1757 ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਵੀ ਲਾਸਾਨੀ ਸ਼ਹਾਦਤ ਹੈ। ਮਹਾਰਾਜਾ ਰਣਜੀਤ ਸਿੰਘ ਦੇ ਦਿਹਾਂਤ ਤੋਂ ਬਾਅਦ ਦੋ ਲੜਾਈਆਂ ਹੋਈਆਂ, ਜਿਹਨਾਂ ਵਿਚ ਸ਼ਾਮ ਸਿੰਘ ਅਟਾਰੀ ਵਾਲੇ ਦਾ ਨਾਮ ਉੱਭਰ ਕੇ ਸਾਡੇ ਸਾਹਮਣੇ ਆਉਂਦਾ ਹੈ। ਸ਼ਾਮ ਸਿੰਘ ਅਟਾਰੀ ਵਾਲਾ ਬਜ਼ੁਰਗ ਸੀ ਅਤੇ ਨੌਕਰੀ ਤੋਂ ਰਿਟਾਇਰ ਹੋ ਚੁੱਕਾ ਸੀ। ਮੁਦਕੀ ਦੀ ਲੜਾਈ ਵਿਚ ਖਾਲਸਾ ਫੌਜ ਨੂੰ ਕਾਫੀ ਨੁਕਸਾਨ ਹੋ ਰਿਹਾ ਸੀ। ਜਨਰਲ ਸ਼ਾਮ ਸਿੰਘ ਅਟਾਰੀ ਵਾਲਾ ਆਪਣੇ ਜ਼ਿੰਮੇਵਾਰੀ ਸਮਝਦੇ ਹੋਏ ਲੜਨ ਲਈ ਤਿਆਰ ਹੋ ਗਏ। ਉਹਨਾਂ ਦੇ ਨਾਲ 51 ਸਿੰਘ ਹੋਰ ਅਟਾਰੀ ਪਿੰਡ ਤੋਂ ਅਰਦਾਸ ਕਰਕੇ ਚੱਲੇ ਅਤੇ ਮੁਦਕੀ ਦੇ ਯੁੱਧ ਵਿਚ ਬਹਾਦਰੀ ਨਾਲ ਲੜੇ ਅਤੇ ਸ਼ਹੀਦ ਹੋ ਗਏ। ਅੰਗਰੇਜ਼ ਦੁਸ਼ਮਣ ਵੀ ਇਹਨਾਂ ਸਿੰਘਾਂ ਦੀ ਬਹਾਦਰੀ ਦੀ ਤਰੀਫ਼ ਕੀਤੇ ਬਿਨਾਂ ਨਹੀਂ ਰਹਿ ਸਕਿਆ।




ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਸਿੰਘ ਸਿੰਘਣੀਆਂ ਨੇ ਜੈਤੋ ਦਾ ਮੋਰਚਾ ਅਤੇ ਗੁਰੂ ਕਾ ਬਾਗ਼ ਮੋਰਚਾ ਲਾਇਆ ਅਤੇ ਸ਼ਹੀਦੀਆਂ ਦਿੱਤੀਆਂ। ਪਹਿਲੀ ਅਤੇ ਦੂਜੀ ਸੰਸਾਰ ਯੁੱਧ ਵਿਚ ਵੀ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੇ ਸ਼ਹੀਦੀਆਂ ਦਿੱਤੀਆਂ। ਸਾਰਾਗੜ੍ਹੀ ਦੀ ਲੜਾਈ ਜਿਸ ਵਿਚ ਕੇਵਲ 22 ਸਿੱਖਾਂ ਨੇ 10 ਹਜ਼ਾਰ ਫੌਜ ਨਾਲ ਮੁਕਾਬਲਾ ਕੀਤਾ ਅਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ।

ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਵਾਉਣ ਲਈ ਵੀ ਸਿੱਖਾਂ ਦੀ ਕੁਰਬਾਨੀ ਵੀ ਬਹੁਤ ਮਹੱਤਵਪੂਰਨ ਹੈ। ਤਕਰੀਬਨ ਦੋ ਪ੍ਰਤੀਸ਼ਤ ਦੀ ਆਬਾਦੀ ਵਾਲੇ ਸਿੱਖਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ 85 ਪ੍ਰਤੀਸ਼ਤ ਕੁਰਬਾਨੀਆਂ ਕੀਤੀਆਂ। ਸ. ਭਗਤ ਸਿੰਘ, ਸ. ਕਰਤਾਰ ਸਿੰਘ ਸਰਾਭਾ ਅਤੇ ਸ. ਉਧਮ ਸਿੰਘ ਦਾ ਨਾਮ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।

ਸੁਭਾਵਿਕ ਹੈ ਇਹੋ ਜਿਹੀਆਂ ਸ਼ਹਾਦਤਾਂ ਅਤੇ ਕੁਰਬਾਨੀਆਂ ਪੜ੍ਹ ਸੁਣ ਕੇ, ਧਾਰਮਿਕ ਮਾਤਾ ਪਿਤਾ ਦੀ ਗੋਦ ਵਿਚ ਪਲ ਕੇ ਅਤੇ ਨਾਨਾ ਸ਼ਮਸ਼ੇਰ ਸਿੰਘ ਦੀਆਂ ਗਾਥਾਵਾਂ ਅਤੇ ਆਪਣੇ ਵੱਡੇ ਭਰਾ ਅਮਰਜੀਤ ਸਿੰਘ ਕਾਲੇਕਾ ਦੀ ਫੌਜ ਵਿਚ ਲੜਾਈਆਂ ਦੀ ਬਹਾਦਰੀ ਸੁਣ ਕੇ ਸਤਵੰਤ ਨੇ ਜੋ ਸ਼ਹੀਦੀ ਸੰਗਤ ਦੀ ਰੱਖਿਆ ਅਤੇ ਗੁਰਦੁਆਰਾ ਸਾਹਿਬ ਦੀ ਮਾਣ ਮਰਯਾਦਾ ਕਾਇਮ ਰੱਖਣ ਲਈ ਦਿੱਤੀ, ਉਹ ਵੀ ਸ਼ਹੀਦੀ ਦੇ ਇਤਿਹਾਸ ਦਾ ਪੰਨਾ ਬਣ ਗਈ ਹੈ। ਸਤਵੰਤ ਦੀ ਸ਼ਹੀਦੀ ਅਰਦਾਸ ਦੇ ਉਸ ਭਾਗ ਦਾ ਹਿੱਸਾ ਬਣ ਗਈ ਹੈ ਜਿਸ ਵਿਚ ਅਸੀਂ ਰੋਜ਼ਾਨਾ ਅਰਦਾਸ ਕਰਦੇ ਹਾਂ,"ਜਿੰਨਾ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ-ਬੰਦ ਬੰਦ ਕਟਵਾਏ-ਖੋਪਰੀਆਂ ਲੁਹਾਈਆਂ-ਚਰਖੜੀਆਂ ਤੇ ਚੜ੍ਹੇ, ਤਨ ਆਰਿਆਂ ਨਾਲ ਚਿਰਾਏ ਗਏ ਧਰਮ ਨਹੀਂ ਹਾਰਿਆ।" ਜਦੋਂ ਵੀ ਵਿਦੇਸ਼ਾਂ ਦੀ ਕੁਰਬਾਨੀ ਅਤੇ ਸ਼ਹਾਦਤ ਦਾ ਜਿਕਰ ਹੋਵੇਗਾ ਤਾਂ ਅਮਰੀਕਾ ਦੇ ਵਿਸਕਾਨਸਿਨ ਸਟੇਟ ਦੇ ਮਿਲਵਾਕੀ ਸ਼ਹਿਰ ਦੇ ਗੁਰਦੁਆਰਾ ਸਾਹਿਬ ਓਕ ਕਰੀਕ ਦੀ ਯਾਦ ਜ਼ਰੂਰ ਆਵੇਗੀ, ਜਿਸ ਵਿਚ ਸਤਵੰਤ ਸਿੰਘ ਕਾਲੇਕਾ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਘਟਨਾ ਦਾ ਨਾਇਕ ਜਾਣਿਆ ਜਾਵੇਗਾ। ਸਤਵੰਤ 65 ਕੁ ਸਾਲ ਦਾ ਸੀ, ਜੋ ਕਿ ਕਾਫ਼ੀ ਉਮਰ ਹੁੰਦੀ ਹੈ, ਪਰ ਜਦੋਂ ਗੁਰੂ ਅੰਗ-ਸੰਗ ਹੋਵੇ ਤਾਂ ਸਭ ਕੁਝ ਅੱਛਾ ਹੀ ਹੋ ਜਾਂਦਾ ਹੈ। ਮੈਨੂੰ ਮਾਣ ਹੈ ਕਿ ਮੇਰੇ ਭਰਾ ਨੇ ਉਹੀ ਕੰਮ ਕੀਤਾ ਜੋ ਕਿ ਹਰ ਸਿੱਖ ਨੂੰ ਕਰਨਾ ਚਾਹੀਦਾ ਹੈ। ਉਸ ਨੇ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ।

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

ਇਸ ਤੋਂ ਬਾਅਦ ਇਹ ਇਕੱਤਰਤਾ ਅਗਲੇ ਦਿਨ 5 ਅਕਤੂਬਰ ਲਈ ਮੁਲਤਵੀ ਕੀਤੀ ਗਈ। ਪਰ ਹਾਜ਼ਰੀ ਘੱਟ ਹੋਣ ਕਰਕੇ ਕੋਈ ਕਾਰਵਾਈ ਨਾ ਹੋ ਸਕੀ। ਅਲਬੱਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਸਕੱਤਰ ਵਲੋਂ ਇਹ ਸੂਚਨਾ ਅੰਕਤ ਕੀਤੀ ਗਈ ਕਿ ਰਹੁ-ਰੀਤ ਕਮੇਟੀ ਦਾ ਅਗਲਾ ਸਮਾਗਮ ਛੇਤੀ ਬੁਲਾਇਆ ਜਾਵੇਗਾ ਅਤੇ ਉਸ ਵਿਚ ਖਰੜੇ 'ਤੇ ਵਿਚਾਰ ਹੋ ਕੇ ਪਾਸ ਕੀਤਾ ਜਾਵੇਗਾ। ਫਿਰ ਇਹ ਤਰਮੀਮਾ ਕੀਤਾ ਖਰੜਾ ਅਖ਼ਬਰਾਂ ਵਿਚਚ ਛਪਵਾ ਕੇ ਰਾਵਾਂ ਮੰਗੀਆਂ ਜਾਣਗੀਆਂ। ਉਪਰੰਤ ਸ਼੍ਰੋਮਣੀ ਕਮੇਟੀ ਦੇ ਸਮਾਗਮ ਵਿਚ ਪੇਸ਼ ਹੋ ਕੇ ਪਾਸ ਕੀਤਾ ਜਾਵੇਗਾ।

ਇਸ ਸਾਰੀ ਕਾਰਵਾਈ ਦੀ ਰਿਪੋਰਟ 'ਤੇ ਪ੍ਰੋ. ਤੇਜਾ ਸਿੰਘ ਜੀ, ਕਨਵੀਲਰ ਰਹੁ-ਰੀਤ ਕਮੇਟੀ ਨੇ ਦਸਤਖਤ ਕੀਤੇ ਅਤੇ 1 ਨਵੰਬਰ, 1931 ਦੀ ਤਾਰੀਖ ਵੀ ਪਾਈ। ਉਪਰੰਤ ਇਹ ਸਾਰੀ ਕਾਰਵਾਈ ਰਿਪੋਰਟ ਗੁਰਦੁਆਰਾ ਗਜ਼ਟ ਦੇ ਨਵੰਬਰ, 1931 ਅੰਕ ਵਿਚ ਛਾਪੀ ਗਈ।

**3 ਜਨਵਰੀ, 1932**

ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਵਿਚਾਰ ਲਈ ਰਹੁ-ਰੀਤ ਸਬ ਕਮੇਟੀ ਦੀ ਇਕੱਤ੍ਰਤਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ।

**31 ਜਨਵਰੀ, 1932**

ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਵਿਚਾਰ ਲਈ ਰਹੁ-ਰੀਤ ਸਬ-ਕਮੇਟੀ ਦੀ ਇਕ ਹੋਰ ਇਕੱਤਰਤਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਈ।

**6 ਮਾਰਚ, 1932**

ਮੈਂਬਰਾਂ ਦੀ ਅਦਲਾ ਬਦਲੀ-ਸ਼੍ਰੋਮਣੀ ਕਮੇਟੀ ਦੀ ਦੂਜੀ ਜਨਰਲ ਇਕੱਤਰਤਾ ਵਿਚ ਸ੍ਰੀ ਅਕਾਲ ਤਖਤ ਸਾਹਿਬ 'ਤੇ ਜਥੇਦਾਰ ਤੇਜਾ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ 69 ਮੈਂਬਰ ਹਾਜ਼ਰ ਹੋਏ। ਇਸ ਦੌਰਾਨ ਰਹੁ-ਰੀਤੀ ਕਮੇਟੀ ਦੇ ਸਤਿਕਾਰਯੋਗ ਮੈਂਬਰ ਗਿ. ਸੁੰਦਰ ਸਿੰਘ ਜੀ ਭਿੰਡਰਾਂਵਾਲੇ ਜੋ 15 ਫਰਵਰੀ, 1930 ਨੂੰ ਗੁਰਪੁਰੀ ਸੁਧਾਰ ਗਏ ਸਨ, ਦਾ ਨਾਮ ਕੱਟ ਦਿੱਤਾ ਗਿਆ। ਇਸ ਦੇ ਨਾਲ ਹੀ ਬਾਬੂ ਤੇਜਾ ਸਿੰਘ ਭਸੌੜ ਨੂੰ ਗੁਰਬਾਣੀ ਦੀ ਨਿਰਾਦਰੀ ਕਰਨ ਕਰਕੇ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ, ਉਨ੍ਹਾਂ ਦਾ ਅਤੇ ਭਾਈ ਲਾਲ ਸਿੰਘ ਜੀ ਐਡੀਟਰ ਕੱਕਾਰ ਬਹਾਦੁਰ, ਅੰਮ੍ਰਿਤਸਰ ਅਤੇ ਭਾਈ ਮਯਾ ਸਿੰਘ ਜੀ ਲਾਹੌਰ ਦੇ ਨਾਂ ਵੀ ਹਟਾ ਦਿੱਤੇ ਗਏ।

ਉਪਰੰਤ ਇਸ ਸੂਚੀ ਵਿਚ ਅੱਠ ਨਾਮ ਵਧਾਏ ਗਏ। ਇਹ ਸਨ ਹੈਡ ਗ੍ਰੰਥ ਸ੍ਰੀ ਹਰਿਮੰਦਰ ਸਾਹਿਬ ਜੀ, ਪ੍ਰਿੰਸੀਪਲ ਸ਼ਹੀਦ ਸਿੰਘ ਸ਼ਹੀਦ ਮਿਸ਼ਨਰੀ ਕਾਲਜ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਸ੍ਰ. ਵਸਾਵਾ ਸਿੰਘ ਜੀ ਗੁਰਦਾਸਪੁਰੀ, ਗਿ. ਕਰਤਾਰ ਸਿੰਘ ਜੀ, ਖਾਲਸਾ ਹਾਈ ਸਕੂਲ ਗੁਰੂ ਸਰ ਸਿਧਾਰ (ਲੁਧਿਆਣਾ), ਬਾਬਾ ਪ੍ਰੇਮ ਸਿੰਘ ਜੀ ਹੋਤੀ, ਗਿ. ਨਾਹਰ ਸਿੰਘ ਜੀ, ਐਡੀਟਰ ਅਸਲੀ ਕੌਮੀ ਦਰਦ, ਅੰਮ੍ਰਿਤਸਰ ਅਤੇ ਸ੍ਰ. ਇੰਦਰ ਸਿੰਘ ਜੀ, ਨਨਕਾਣਾ ਸਹਿਬ ਸ਼ਾਮਲ ਕੀਤੇ ਗਏ।

(ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ ੯੦)


**26 ਸਤੰਬਰ, 1932**

ਸਿੱਖ ਰਹਿਤ ਮਰਯਾਦਾ ਦੇ ਖਰੜੇ 'ਤੇ ਮੁੜ ਵਿਚਾਰ ਕਰਨ ਲਈ ਰਹੁ-ਰੀਤ ਸਬ-ਕਮੇਟੀ ਦਾ ਇਕ ਹੋਰ ਸਮਾਗਮ ਕੀਤਾ ਗਿਆ।

**1 ਅਕਤੂਬਰ, 1932 ਅਨਮੋਲ 172**

ਪ੍ਰੋ. ਤੇਜਾ ਸਿੰਘ ਜੀ, ਕਨਵੀਨਰ, ਰਹੁ-ਰੀਤ ਸਬ-ਕਮੇਟੀ ਨੇ ਖਰੜੇ 'ਤੇ ਪ੍ਰਾਪਤ ਹੋਏ ਸੁਝਾਵਾਂ ਦੇ ਅਨੁਰੂਪ ਆਪਣੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ।

**29 ਅਕਤੂਬਰ, 1933**




ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 1933 ਦੀ ਦੂਜੀ ਇਕੱਤ੍ਰਤਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਸ੍ਰ. ਪ੍ਰਤਾਪ ਸਿੰਘ ਜੀ ਦੀ ਪ੍ਰਧਾਨਗੀ ਹੇਠ ਆਰੰਭ ਹੋਈ ਜਿਸ ਵਿਚ 118 ਮੈਂਬਰ ਸ਼ਾਮਲ ਸਨ। ਸ੍ਰ. ਪ੍ਰਤਾਪ ਸਿੰਘ ਕੇਂਦਰੀ ਮੰਤਰੀ ਸਰਦਾਰ ਸਵਰਨ ਸਿੰਘ ਦੇ ਪਿਤਾ ਸਨ।

ਇਸ ਇਕੱਤ੍ਰਤਾ ਵਿਚ ਪ੍ਰਿੰਸੀਪਲ ਗੰਗਾ ਸਿੰਘ ਜੀ ਦੀ ਤਜਵੀਜ਼ ਤੇ ਸ੍ਰ. ਦਲਜੀਤ ਸਿੰਘ ਜੀ ਦੀ ਤਾਈਦ 'ਤੇ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਰ ਇਕ ਮੇਂਬਰ ਪ੍ਰਣ ਕਰੇਗਾ ਕਿ ਮੈਂ ਸ਼ਰਾਬ, ਭੰਗ ਅਤੇ ਅਫ਼ੀਮ ਨਹੀਂ ਪੀਂਦਾ ਜਾਂ ਖਾਂਦਾ ਅਤੇ ਮੈਂ ਬਾਣੀ ਪੜ੍ਹਿਆ ਕਰਾਂਗਾ। ਇਸ ਦੇ ਨਾਲ ਹੀ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਜਿਹੜਾ ਮੈਂਬਰ ਇਹ ਪ੍ਰਣ ਪੱਤਰ ਨਹੀਂ ਭਰੇਗਾ ਉਹ ਸ਼੍ਰੋਮਣੀ ਕਮੇਟੀ ਦੀ ਕਾਰਵਾਈ ਵਿਚ ਹਿੱਸਾ ਨਹੀਂ ਲੈ ਸਕੇਗਾ।

ਇਸ ਤੋਂ ਉਸ ਸਮੇਂ ਗੁਰਦੁਆਰਾ ਪ੍ਰਬੰਧ ਲਈ ਚੁਣੇ ਜਾਣ ਵਾਲੇ ਪ੍ਰਬੰਧਕਾਂ ਦੇ ਮਿਆਰ ਦਾ ਅੰਦਾਜ਼ਾ ਲਗਦਾ ਹੈ।

(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ ੧੦੮)

**30 ਦਸੰਬਰ, 1033 ਅਨਮੋਲ 169**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਚੇਚਾ ਜਨਰਲ ਸਮਾਗਮ ਅਤੇ ਆਲ ਪਾਰਟੀ ਕਾਨਫਰੰਸ 30 ਦਸੰਬਰ, 1933 ਸ਼ਨਿਚਰਵਾਰ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਸਰਦਾਰ ਪ੍ਰਤਾਪ ਸਿੰਘ ਜੀ ਸ਼ੰਕਰ ਦੀ ਪ੍ਰਧਾਨਗੀ ਹੇਠ ਹੋਇਆ। ਇਸ ਦੇ ਨਾਲ ਹੀ ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੇ ਇਲਾਵਾ ਵੱਖ-ਵੱਖ ਜਥੇਬੰਦੀਆਂ, ਸੰਪ੍ਰਦਾਵਾਂ, ਵਿਦਵਾਨਾਂ ਆਦਿ ਨੇ ਹਾਜ਼ਰੀ ਭਰੀ। ਇਸ ਵਿਚ ਸ਼ਾਮਲ ਹੋਣ ਵਾਲੇ ਇਸ ਤਰ੍ਹਾਂ ਸਨ :-

1. ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਹਿਸਾਰ, ਅੰਬਾਲਾ, ਕਾਂਗੜਾ, ਹੁਸ਼ਿਆਰਪੁਰ, ਲੁਧਿਆਣਾ, ਫਿਰੋਜ਼ਪੁਰ, ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ, ਸਿਆਲਕੋਟ, ਗੁਜਰਾਂਵਾਲਾ, ਸ਼ੇਖੂਪੁਰਾ, ਗੁਜਰਾਤ, ਸ਼ਾਹਪੁਰ, ਰਾਵਲਪਿੰਡੀ, ਮਿੰਟਗੁਮਰੀ, ਲਾਇਲਪੁਰ, ਮੁਜ਼ੱਫਰਗੜ੍ਹ ਤੇ ਡੇਰਾ ਇਸਮਾਈਲ ਖਾਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 80 ਮੈਂਬਰ।

(ਚਲਦਾ)

# ਪੰਜਾਬੀ ਅਮਰੀਕਨ ਫੈਸਟੀਵਲ ਯੂਬਾ ਸਿਟੀ ਦੇ ਮੇਲੇ 'ਚ ਵੱਖ-ਵੱਖ ਅਭਿਆਚਾਰਕ ਆਈਟਮਾਂ ਨੇ ਰੰਗ ਵਖੇਰੇ

## *ਪੰਜਾਬੀ ਗਾਇਕਾ ਜੈਸਮੀਨ ਸੈਂਡਲਸ ਨੇ ਆਪਣਾ ਜਲੂਸ ਕੱਢਿਆ*





ਯੂਬਾ ਸਿਟੀ (ਹੁਸਨ ਲੜੋਆ ਬੰਗਾ): ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਯੂਬਾ ਸਿਟੀ ਵਿੱਚ 27ਵਾਂ ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਵਲੋਂ ਕਰਵਾਇਆ ਗਿਆ ਪੰਜਾਬੀ ਅਮਰੀਕਨ ਫੈਸਟੀਵਲ ਚ ਜਿੱਥੇ ਗਿੱਧੇ ਭੰਗੜੇ, ਗੀਤ-ਸੰਗੀਤ, ਕਾਮੇਡੀ-ਸਕਿੱਟਾਂ ਦਿਖਾਈਆਂ ਉਥੇ ਹੀ ਕਰਾਫਟਸ, ਬੱਚਿਆਂ ਦੀਆਂ ਖੇਡਾਂ ਅਤੇ ਪੰਜਾਬੀ ਪਕਵਾਨ, ਮਹਿੰਦੀ ਦੇ ਗਹਿਣੇ ਅਤੇ ਹੋਰ ਵੀ ਬਹੁਤ ਕੁਝ ਦੇਖਣ ਨੂੰ ਮਿਲਿਆ। ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਦੀ ਸਥਾਪਨਾ 1993 ਵਿਚ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਮਨੋਰਥ ਨਾਲ ਕੀਤੀ ਗਈ ਸੀ। ਇਸ ਮੇਲੇ ਵਿਚ ਹੁਣ ਤੱਕ ਸੈਂਕੜੇ ਕਲਾਕਾਰ ਆਪਣੇ ਫਨ ਦਾ ਮੁਜ਼ਾਹਰਾ ਕਰ ਚੁੱਕੇ ਹਨ। ਇਸ ਵੇਰਾਂ ਵੀ ਪ੍ਰੋਗਰਾਮ ਦਾ ਅਗਾਜ ਸ਼ਬਦ ਨਾਲ ਕੀਤਾ ਗਿਆ । ਇਸ ਤੋਂ ਬਾਅਦ ਵੱਖ ਵੱਖ ਸਭਿਆਚਾਰਕ ਆਈਟਮਾਂ ਪੇਸ਼ ਕੀਤੀਆਂ ਗਈਆਂ ਜਿਨ੍ਹਾਂ 'ਚ ਯਾਰ ਅਣਮੁੱਲੇ, ਗੱਭਰੂ ਪੰਜਾਬ, ਰੋਜ਼ਵਿਲ ਤੋਂ ਹੀਰ ਸਲੇਟੀਆਂ, ਨੱਚਦੀ ਜਵਾਨੀ, ਨੱਚ ਦੀਆਂ ਕਲੀਆਂ, ਸਾਡਾ ਵਿਰਸਾ, ਰੰਗਲਾ ਪੰਜਾਬ, ਰੌਣਕ ਪੰਜਾਬ ਦੀ, ਨੱਚਦਾ ਸੰਸਾਰ, ਪੰਜਾਬੀ ਮੁਟਿਆਰਾਂ, ਗਿੱਧਾ ਮੁਟਿਆਰਾਂ ਦਾ, ਖੱਟੀਆਂ ਮਿੱਠੀਆਂ ਜਸਵੀਰ ਐਸ ਗਿੱਲ ਅਤੇ ਰੂਬੀ ਦਿਓਲ ਆਦਿ ਨੇ ਵੱਖ ਵੱਖ ਰੰਗ ਪੇਸ਼ ਕੀਤੇ। ਵਿਸ਼ਵ ਪ੍ਰਸਿੱਧ ਖੇਤੀ ਵਿਗਿਆਨੀ ਅਤੇ ਜੈਨੇਟਿਕਸਿਸਟ ਪ੍ਰੋਫੈਸਰ ਗੁਰਦੇਵ ਸਿੰਘ ਖੁਸ਼ 87, ਇਸ ਪੰਜਾਬੀ ਅਮਰੀਕਨ ਫੈਸਟੀਵਲ ਦੇ ਮੁੱਖ ਮਹਿਮਾਨ ਵਜੋਂ ਹਾਜ਼ਰ ਸਨ। ਗੁਰਦੇਵ ਸਿੰਘ ਖੁਸ਼ ਜਿਨਾਂ ਨੂੰ ਹਰੀ ਕ੍ਰਾਂਤੀ ਦੇ ਮੋਢੀ ਮੰਨਿਆ ਜਾਂਦਾ ਹੈ ਉਸਨੇ ਚਾਵਲ ਦੀਆਂ ਕਈ ਕਿਸਮਾਂ ਦੀ ਕਾਢ ਕੱਢੀ। ਪੰਜਾਬੀ ਅਮਰੀਕਨ ਫੈਸਟੀਵਲ ਵਿੱਚ ਹੈਰੀਟੇਜ ਸੁਸਾਇਟੀ ਵੱਲੋਂ ਉਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਪ੍ਰਦਾਨ ਕੀਤਾ ਗਿਆ। ਇਸ ਪ੍ਰੋਗਰਾਮ ਦੀ ਸਟੇਜ ਸੰਚਾਲਨਾ ਜੋਤ ਰਣਜੀਤ ਨੇ ਸਟੇਜ ਦੇ ਬਰਾਬਰ ਦੀ ਹੋ ਕੇ ਨਿਭਾਈ ਤੇ ਹਰਜੀਤ ਉਪਲ ਨੇ ਵੀ ਨਿਜੀਂ ਵਰਤਾਰੇ ਦੇ ਟੋਟਕਿਆਂ ਨਾਲ ਬੀਬੀਆਂ ਨੂੰ ਸਟੇਜ ਨਾਲ ਜੋੜੀ ਰੱਖਿਆ। ਪ੍ਰੋਗ੍ਰਾਮ ਦੇ ਅਖੀਰ ਵਿੱਚ ਪਾਕਿਸਾਨੀ ਗਾਇਕ ਹੁਸੈਨ ਜਵੇਦ ਨੇ ਕੁਝ ਸੂਫੀ ਤੇ ਕੁਝ ਪੰਜਾਬੀ ਫੋਕ ਗਾ ਕੇ ਪੰਜਾਬੀ ਨੂੰ ਪਿਆਰ ਕਰਨ ਵਾਲੇ ਲੋਕਾਂ ਦਾ ਮੰਨ ਜਿੱਤਿਆ। ਦੂਸਰੇ ਪਾਸੇ ਉਸ ਵੇਲੇ ਕੋਈ ਕਸਰ ਨਾ ਰਹੀ ਜਦੋਂ ਹੈਰੀਟੇਜ ਸੋਸਾਇਟੀ ਵਲੋਂ ਮਹਿੰਗੇ ਭਾਅ ਲਿਆਂਦੀ ਜੈਸਮੀਨ ਸੈਂਡਲਸ ਨੇ ਸੀ ਡੀ ਲਾ ਕੇ ਗਾਇਆ ਪਰ ਫਿਰ ਵੀ ਗੱਲ ਨਹੀਂ ਬਣੀ। ਸਟੇਜ ਉਸਦੇ ਹੱਥੋਂ ਉਦੋਂ ਨਿਕਲ ਗਈ ਜਦੋਂ ਸਟੇਜ ਦੀ ਸ਼ੁਰੂਆਤ ਵਿੱਚ ਹੀ ਸਟੇਜ ਦੇ ਅੱਗੇ ਬੈਠੀਆਂ ਉਸਦੀਆਂ ਕੁਝ ਫੈਨ ਕੁੜੀਆਂ ਨੂੰ ਸਟੇਜ ਤੇ ਭੰਗੜੇ ਲਈ ਸੱਦ ਲਿਆ ਤੇ ਬਾਅਦ 'ਚ ਸਲੋਅ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਤੇ ਫਿਰ ਉਹ ਸਟੇਜ ਤੇ ਆਪਣਾ ਪ੍ਰਭਾਵ ਨਹੀਂ ਦੇ ਸਕੀ। ਉਸਨੇ ਸਟੇਜ ਤੋਂ ਗੱਲਾਂ ਜਿਆਦਾ ਤੇ ਗੀਤ ਘੱਟ ਗਾਏ। ਉਸ ਵੇਲੇ ਹੱਦ ਨਹੀ ਰਹੀ ਜਦੋਂ ਸਟੇਜ ਅੱਗੇ ਬੈਠੀਆਂ ਬੱਚੀਆਂ ਨੂੰ ਪੁਛਿਆ ਕੇ "ਦਾਰੂ ਕਿਸਨੇ ਕਿਸਨੇ ਪੀਤੀ ਅੱਜ" ਤੇ ਕਿਹਾ ਮੈਂ ਤਾਂ ਦੋ ਪੈਗ ਪੀ ਕੇ ਆਈ ਹਾਂ। ਇਸ ਗੱਲ ਪ੍ਰਤੀ ਬਹੁਤੇ ਸਰੋਤਿਆਂ ਨੇ ਬੁਰਾ ਮਨਾਇਆ। ਲਾਲ ਰੰਗ 'ਚ ਰੰਗੇ ਹੋਏ ਵਾਲਾਂ ਵਾਲੀ ਜੈਸਮੀਨ ਸੈਂਡਲਸ ਜਦੋਂ ਸਟੇਜ 'ਤੇ ਆਈ ਤਾਂ ਲੋਕਾਂ ਨੂੰ ਲੱਗਿਆ ਕਿ ਕੁਝ ਸਭਿਆਚਾਰਕ ਗਾਵੇਗੀ ਪਰ ਇੱਕ ਵੀ ਗੀਤ ਸਭਿਅਕ ਨਹੀਂ ਗਾਇਆ ਜੇ ਗਾਇਆ ਵੀ ਉਹ ਵੀ ਪੁਰਾਣੇ ਪੰਜਾਬੀ ਗਾਇਕਾਵਾਂ ਦੇ। ਇੱਕ ਫੁਕਰਾ ਅਖੌਤੀ ਵੱਡਾ ਪ੍ਰਮੋਟਰ ਵੀ ਉਸਦਾ ਬਾਡੀਗਾਰਡ ਬਣ ਕੇ ਉਸਦੇ ਅੱਗੇ ਪਿਛੇ ਰਿਹਾ ਜੋ ਉਸਨੂੰ ਪ੍ਰਬੰਧਕਾਂ ਨੂੰ ਵੀ ਮਿਲਣ ਨਹੀਂ ਸੀ ਦੇ ਰਿਹਾ। ਪਰ ਜਸਮੀਨ ਸੈਂਡਲਸ ਨੇ ਇਕ ਗੱਲ ਸੱਚੀ ਕਹਿ ਦਿੱਤੀ ਕਿ "ਮੈਂ ਤਾਂ ਫੁਕਰੀ ਮਾਰਦੀ ਹਾਂ। ਪੰਜਾਬੀ ਅਮੈਰੀਕਨ ਹੈਰੀਟੇਜ ਸੁਸਾਇਟੀ ਨੂੰ ਇਹੋ ਜਿਹੇ ਕਲਾਕਾਰ ਨੂੰ ਸੱਦ ਕਿ ਆਪਣੇ ਮਨੋਰਥ ਤੋਂ ਭਟਕਣਾ ਨਹੀਂ ਚਾਹੀਦਾ।

"ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਹੈ, ਅਜੇ ਤਕ ਉਹ ਸਾਡੇ ਹਥਿਆਰ ਜਿਉਂਦੇ ..
ਗੂਠਾ ਲਾਇਆ ਨਹੀਂ ਜਿਨ੍ਹਾਂ ਬੇਦਾਵਿਆਂ ਤੇ ਸਿੰਘ ਅਜੇ ਵੀ ਲਖ ਹਜ਼ਾਰ ਜਿਉਂਦੇ।"


ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# Gurdwara Sahib Stockton


1930 South Sikh Temple St, Stockton, CA 95206 (A Historical Land Mark of CA)

# 18, ਜੂਨ ਘੱਲੂਘਾਰਾ ਦਿਵਸ




ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ


ਸ਼ਹੀਦ ਭਾਈ ਜਨਰਲ ਸੁਬੇਗ ਸਿੰਘ


ਸ਼ਹੀਦ ਭਾਈ ਅਮਰੀਕ ਸਿੰਘ

ਕੌਮ ਦੀ ਅਣਖ, ਆਬਰੂ ਅਤੇ ਅਜ਼ਾਦੀ ਲਈ ਜੂਝਦੇ ਹੋਏ ਸ਼ਾਨਾਮੱਤੀ ਸ਼ਹਾਦਤ ਦਾ
ਜਾਮ ਪੀਣ ਵਾਲੇ ਇਨ੍ਹਾਂ ਮਹਾਨ ਯੋਧਿਆਂ ਸ਼ਹੀਦਾਂ ਦੀ ਨਿੱਘੀ ਯਾਦ ਵਿਚ
ਗਦਰੀ ਬਾਬਿਆਂ ਦੇ ਪਵਿੱਤਰ ਅਸਥਾਨ

## ਗੁਰਦੁਆਰਾ ਸਾਹਿਬ ਸਟਾਕਟਨ ਕੈਲੀਫੋਰਨੀਆ

ਵਿਖੇ ਹੇਠ ਲਿਖੇ ਅਨੁਸਾਰ ਪ੍ਰੋਗਰਾਮ ਹੋਵੇਗਾ


ਜਥੇਦਾਰ ਜਸਪ੍ਰੀਤ ਸਿੰਘ ਲਵਲਾ ਅਤੇ ਉਨ੍ਹਾਂ ਦੇ ਜਥੇ ਵਲੋਂ ਸਿੱਖ ਮਾਰਸ਼ਲ ਆਰਟ ਗੱਤਕੇ ਦੇ ਜੌਹਰ ਦਿਖਾਏ ਜਾਣਗੇ।

ਅਰੰਭ ਸ਼੍ਰੀ ਅਖੰਡਪਾਠ ਸਾਹਿਬ : 16, ਜੂਨ ਦਿਨ ਸ਼ੁਕਰਵਾਰ ਸਵੇਰੇ 10:00 ਵਜੇ
ਭੋਗ ਸ਼੍ਰੀ ਅਖੰਡਪਾਠ ਸਾਹਿਬ : 18, ਜੂਨ ਦਿਨ ਐਤਵਾਰ ਸਵੇਰੇ 10:00 ਵਜੇ

ਉਪ੍ਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ, ਸਿੱਖ ਸਕਾਲਰ ਅਤੇ ਵੱਖ ਵੱਖ ਪੰਥਕ ਜਥੇਬੰਦੀਆ ਦੇ ਪੰਥ ਦਰਦੀ ਹਾਜ਼ਰੀਆ ਭਰਨਗੇ

ਹੋਰ ਜਾਣਕਾਰੀ ਲਈ ਸੰਪਰਕ ਕਰੋ:

ਮਨਜੀਤ ਸਿੰਘ ਉਪਲ - 209-269-0733, ਮਲਕੀਤ ਸਿੰਘ ਬੋਪਾਰਾਏ - 916-396-1665, ਕੁਲਜੀਤ ਸਿੰਘ ਨਿੱਜਰ - 209-715-7756, ਹਰਮਿੰਦਰ ਸਿੰਘ ਸਮਾਣਾ - 209481-7750, ਅਮਰਜੀਤ ਸਿੰਘ ਤੁੰਗ -209-954-2881, ਜਗਜੀਤ ਸਿੰਘ ਰੱਕੜ - 209-483-9700, ਗੁਲਵਿੰਦਰ ਸਿੰਘ ਗਾਖਲ - 209-487-3699, ਹਰਨੇਕ ਸਿੰਘ ਅਟਵਾਲ - 209-351-5965, ਬਲਦੇਵ ਸਿੰਘ - 209-351-0786,

Pad Advertisement

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ
ਰਾਜ ਯੋਗੀ, ਵਿਦਿਆ ਦਾਨੀ, ਸਮਾਜ ਸੁਧਾਰਕ, ਬ੍ਰਹਮਗਿਆਨੀ,
ਸੇਵਾ ਦੇ ਪੁੰਜ, ਸੱਚਖੰਡ ਵਾਸੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ
ਦੀ ਨਿੱਘੀ ਯਾਦ 'ਚ 73ਵੀਂ ਬਰਸੀ ਮੌਕੇ



# ਮਹਾਨ ਗੁਰਮਤਿ ਸਮਾਗਮ

## ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ

**2356, Walsh Ave, Santa Clara, CA - 95051**

**ਵਿਖੇ ਮਨਾਇਆ ਜਾ ਰਿਹਾ ਹੈ।**

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿੱਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ
ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ)
ਦੀ ਸਲਾਨਾ ਬਰਸੀ ਗੁਰਦੁਆਰਾ ਸਾਹਿਬ, ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।

**ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ**

2 ਜੂਨ, 2023, ਸ਼ੁੱਕਰਵਾਰ ਅਰੰਭ ਸ੍ਰੀ ਅਖੰਡ ਪਾਠ : ਸਵੇਰੇ 11.00 ਵਜੇ
4 ਜੂਨ, 2023, ਐਤਵਾਰ ਭੋਗ ਸ੍ਰੀ ਅਖੰਡ ਪਾਠ : ਸਵੇਰੇ 10.00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਾਉਣਗੇ ਜਿਨ੍ਹਾਂ ਵਿਚ
ਪੰਥ ਦੇ ਮਹਾਨ ਕੀਰਤਨੀਏ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਗੁਰਦਾਸਪੁਰੀ ਕੀਰਤਨ ਕਰਨਗੇ।
ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਤੇਜਵੀਰ ਸਿੰਘ ਜੀ ਅਤੇ ਭਾਈ ਜੋਤ ਸਰੂਪ ਸਿੰਘ ਜੀ ਹਜ਼ੂਰੀ ਰਾਗੀ
ਕੀਰਤਨੀ ਜਥਾ ਭਾਈ ਅਮੀਰ ਸਿੰਘ ਜੀ ਅਤੇ ਭਾਈ ਜੀਵਨਜੋਤ ਸਿੰਘ ਜੀ
ਪੰਥ ਦੇ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਭਾਈ ਗਗਨਦੀਪ ਸਿੰਘ ਜੀ ਗੁਰਮਤਿ ਵਿਚਾਰਾਂ ਕਰਨਗੇ।

ਤਿੰਨ ਜੂਨ ਦਿਨ ਸ਼ਨੀਵਾਰ ਨੂੰ ਸ਼ਾਮ 4.00 PM ਤੋਂ 9.00 PM ਤੱਕ ਅਖੰਡ ਕੀਰਤਨੀ ਜਥਾ ਕੀਰਤਨੀ ਦੀ ਹਾਜ਼ਰੀ ਭਰਨਗੇ

ਤਿੰਨ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

**ਸਮੂੰਹ ਸੰਗਤ ਨੂੰ ਸਮੇਤ ਪਰਿਵਾਰ ਹਾਜ਼ਰੀਆਂ ਭਰਨ ਦੀ ਨਿਮਰਤਾ ਸਾਹਿਤ ਬੇਨਤੀ ਹੈ ਜੀ**

ਬੇਨਤੀ ਕਰਤਾ:

**ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸਹਿਯੋਗੀ ਸੱਜਣ**

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਸ੍ਰ. ਅਮਰਜੀਤ ਸਿੰਘ ਮੁਲਤਾਨੀ - 408-497-2888, ਸ੍ਰ. ਜਰਨੈਲ ਸਿੰਘ ਮਲਤਾਨੀ 510-434-6256, ਸ੍ਰ. ਗੁਰਦਿਆਲ ਸਿੰਘ ਘੋਤੜਾ - 408-849-1593,
ਸ੍ਰ. ਦਰਸ਼ਨ ਸਿੰਘ ਮੁਲਤਾਨੀ 408-832-6190, ਸ੍ਰ. ਹਰਜਿੰਦਰ ਸਿੰਘ 408-498-2860, ਸ੍ਰ. ਸ਼ਰਨਦੀਪ ਸਿੰਘ ਘੋਤੜਾ 408-469-1787,
ਸ੍ਰ. ਅਮਨਪ੍ਰੀਤ ਸਿੰਘ ਬਬਲੂ 408-469-6494, ਸ੍ਰ. ਲਵਪ੍ਰੀਤ ਸਿੰਘ ਸ਼ਾਹ 669-260-6251, ਸ੍ਰ. ਬਲਕਾਰ ਸਿੰਘ ਬੌਬੀ 408-595-6281
ਸ੍ਰ. ਮਨਜੀਤ ਸਿੰਘ ਮਿਆਣੀ 510-328-5580, ਸ੍ਰ. ਹਰਜੀਤ ਸਿੰਘ 707-334-7514,
ਸ੍ਰ. ਸੁਰਿੰਦਰ ਸਿੰਘ ਬੌਬੀ ਡਰਾਇਵਿੰਗ ਸਕੂਲ ਵਾਲੇ 510-472-3571, ਸ੍ਰ. ਮਨਪ੍ਰੀਤ ਸਿੰਘ ਗਾੜ੍ਹਾ Law Firm 510-841-4582

# TOTAL MULTI SERVICES

**YOUR ONE STOP SOLUTION FOR TAX, TRUCKING AND IMMIGRATION SERVICES**

## TRUCKING SERVICES:

- New Trucking Company Setup
- Corporation/LLC
- US DOT Numbers
- MC (ICC) Authority
- IFTA Fuel Tax Returns
- IRP License Plates (Same Day)
- CA#, MCP, EPN Enrollment
- All Truck Permits
- UCR Permits, BOC - 3 Filling
- Highway Use Tax 2290
- Invoice / Billing
- ARB Registration
- Registration Renewal
- Out of State Transfer
- Title Transfer
- Vin Enquiry
- Vin Verification

## INCOME TAX SERVICES:

- Tax Preparation Personal/Business
- Corporation Tax Filing
- LLC Tax Returns
- Trucking
- Health Insurance (Obama Care)

## ACCOUNTING SERVICES:

- Bookkeeping
- Payroll Service
- Monthly Sales Tax reports



## TRUCK DISPATCH SERVICES:

- We Find Loads • Long Haul
- Route Planning
- Best Rate Negotiation
- High Paying Loads
- Back Office Support
- 24/7 Virtual Dispatcher
- Billing & Paperwork



## Carrier Requirements

- Active authority
- Proof of Insurance
- Copy of CDL
- Signed Dispatch Agreement
- Signed Form W9

**Same Day IRP PLATE**

**We Ship Truck Plates All Over US**

## IMMIGRATION SERVICES

- Apply/Renew Indian Passport
- OCI Application
- Citizenship
- Green Card Petition
- Indian Visa Applications
- Family Immigration
- Indian Passport Renunciation
- Various Immigration Services

## ਇੰਮੀਗਰੇਸ਼ਨ ਸੇਵਾਵਾਂ

- ਇੰਡੀਅਨ ਪਾਸਪੋਰਟ ਅਪਲਾਈ ਅਤੇ ਰਿਨਿਊ
- ਓਸੀਆਈ ਐਪਲੀਕੇਸ਼ਨ
- ਸਿਟੀਜਨਸ਼ਿਪ
- ਗਰੀਨ ਕਾਰਡ ਪਟੀਸ਼ਨ
- ਇੰਡੀਅਨ ਵੀਜ਼ਾ ਐਪਲੀਕੇਸ਼ਨ
- ਫੈਮਿਲੀ ਇੰਮੀਗਰੇਸ਼ਨ
- ਇੰਡੀਅਨ ਪਾਸਪੋਰਟ ਰੀਨੰਸੀਏਸ਼ਨ
- ਸਿਟੀਜਨਸ਼ਿਪ ਟਰਾਂਸਲੇਟਰ ਸੇਵਾ
- ਹੋਰ ਇੰਮੀਗਰੇਸ਼ਨ ਸਬੰਧੀ ਸੇਵਾਵਾਂ

intuit quickbooks

CTEC California Tax Education Council Registered Tax Preparer

AUTHORIZED IRS e-file PROVIDER

COVERED CALIFORNIA Certified Insurance Agent

(510) 400-7300
(209) 921-3351

1780 Whipple Rd. Suite# 110, UnionCity CA - 94587 (510) 601-6200 info@TOTALIRP.com

# ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਤੀਸਰਾ ਕੌਮਾਂਤਰੀ ਦਸਤਾਰਬੰਦੀ ਸਮਾਗਮ ਕਰਵਾਇਆ

## *ਦਸਤਾਰ ਲਈ ਸਿੱਖ ਯੋਧਿਆਂ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ : ਗਿਆਨੀ ਹਰਪ੍ਰੀਤ ਸਿੰਘ*



ਪਟਨਾ ਸਾਹਿਬ : ਸਿੱਖ ਨੌਜਵਾਨ ਪੀੜ੍ਹੀ ਅੰਦਰ ਦਸਤਾਰ ਦੀ ਮਹਾਨਤਾ ਉਜਾਗਰ ਕਰਨ ਲਈ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਤੀਸਰਾ ਕੌਮੀ ਦਸਤਾਰਬੰਦੀ ਸਮਾਗਮ ਕਰਵਾਇਆ ਗਿਆ। ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਇਸ ਸਮਾਗਮ ਮੌਕੇ ਕਰੀਬ 550 ਬੱਚਿਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕਰਦਿਆਂ ਸਮੂਹਿਕ ਰੂਪ ਵਿਚ ਦਸਤਾਰਾਂ ਸਜਾ ਕੇ ਸਿੱਖੀ ਗੌਰਵ ਦਾ ਪ੍ਰਗਟਾਵਾ ਕੀਤਾ। ਸਮਾਗਮ ਦੀ ਅਰੰਭਤਾ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤਖਤ ਪਟਨਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਬਲਦੇਵ ਸਿੰਘ ਅਤੇ ਪੰਜ ਪਿਆਰਿਆਂ ਨੇ ਬੱਚਿਆਂ ਨੂੰ ਦਸਤਾਰਾਂ ਸਜਾ ਕੇ ਇਸ ਦਸਤਾਰਬੰਦੀ ਸਮਾਗਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਦਸਤਾਰ ਸਜਾਉਣ ਆਏ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਬੱਚਿਓ ਤੁਸੀਂ ਬਹੁਤ ਵੱਡੇ ਭਾਗਾਂ ਵਾਲੇ ਹੋ ਕਿ ਤੁਹਾਡੀ ਦਸਤਾਰਬੰਦੀ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਖਾਲਸੇ ਨੂੰ ਬਖਸ਼ੀ ਗਈ ਦਸਤਾਰ ਸਿੱਖ ਦਾ ਮਾਣ, ਸਿੱਖ ਦੀ ਸ਼ਾਨ ਦੇ ਨਾਲ ਗੌਰਵਮਈ ਵਿਰਸੇ ਦਾ ਪ੍ਰਤੀਕ ਹੈ ਅਤੇ ਇਹ ਸਿੱਖੀ ਦੀ ਨਿਵੇਕਲੀ ਪਛਾਣ ਹੈ। ਉਨ੍ਹਾਂ ਕਿਹਾਂ ਕ ਇਸ ਦਸਤਾਰ ਲਈ ਸਿੱਖ ਯੋਧਿਆਂ ਨੇ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਦਸਤਾਰ ਕੇਵਲ ਇਕ ਕੱਪੜਾ ਹੀ ਨਹੀਂ ਸਗੋਂ ਇਹ ਸਾਡੇ ਧਰਮ ਦਾ ਮਾਣ ਅਤੇ ਸਿੱਖਾਂ ਦੇ ਸਿਰ ਦਾ ਤਾਜ ਹੈ ਅਤੇ ਬਾਦਸ਼ਾਹਤ ਦੀ ਪ੍ਰਤੀਕ ਹੈ। ਉਨ੍ਹਾਂ ਆਖਿਆ ਕਿ ਸਿੱਖ ਬੱਚਿਆਂ ਦਾ ਸਾਬਤ ਸੂਰਤ ਹੋਣਾ, ਨਸ਼ਿਆਂ ਤੋਂ ਦੂਰ ਰਹਿਣਾ ਅਤੇ ਖੰਡੇ ਬਾਟੇ ਦੀ ਪਾਹੁਲ ਪ੍ਰਾਪਤ ਕਰਕੇ ਗੁਰਸਿੱਖ ਬਣਨਾ ਸਮੇਂ ਦੀ ਮੁੱਖ ਲੋੜ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਵਿਰਸੇ ਨੂੰ ਸੰਭਾਲਣ ਅਤੇ ਇਸ ਸਬੰਧੀ ਅਗਲੀ ਪੀੜ੍ਹੀ ਨੂੰ ਜਾਣੂ ਕਰਵਾਉਣ ਲਈ ਵੱਡੇ ਉਪਰਾਲੇ ਕਰਨ ਦੀ ਲੋੜ ਹੈ।

# ਸਿੰਧੀ ਸਮਾਜ ਸਿੱਖ ਧਰਮ ਦਾ ਅਨਿੱਖੜਵਾਂ ਅੰਗ: ਜਥੇਦਾਰ ਹਰਪ੍ਰੀਤ ਸਿੰਘ



ਅੰਮ੍ਰਿਤਸਰ : ਇੰਦੌਰ ਵਿੱਚ ਕਰਵਾਏ ਗਏ ਗੁਰਮਤਿ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੰਧੀ ਸਮਾਜ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ ਅਤੇ ਇਸ ਦਾ ਸਿੱਖ ਕੌਮ ਵਿੱਚ ਵੱਡਾ ਸਤਿਕਾਰ ਹੈ। ਇਹ ਗੁਰਮਤਿ ਸਮਾਗਮ ਸ਼੍ਰੋਮਣੀ ਕਮੇਟੀ ਵੱਲੋਂ ਇੰਦੌਰ ਵਿੱਚ ਅੰਮ੍ਰਿਤ ਵੇਲਾ ਟਰੱਸਟ ਦੇ ਸਹਿਯੋਗ ਨਾਲ ਕਰਵਾਇਆ ਗਿਆ। ਗੁਰਦੁਆਰਾ ਖ਼ਾਲਸਾ ਬਾਗ ਇੰਦੌਰ ਵਿੱਚ ਕਰਵਾਏ ਗਏ ਇਸ ਗੁਰਮਤਿ ਸਮਾਗਮ ’ਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਭਾਈ ਰਾਜਿੰਦਰ ਸਿੰਘ ਮਹਿਤਾ ਤੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਜ਼ਿਕਰਯੋਗ ਹੈ ਕਿ ਬੀਤੇ ਸਮੇਂ ਵਿੱਚ ਕੁਝ ਵਿਅਕਤੀਆਂ ਵੱਲੋਂ ਸਿੰਧੀ ਭਾਈਚਾਰੇ ਦੇ ਘਰਾਂ ਅਤੇ ਧਾਰਮਿਕ ਅਸਥਾਨਾਂ ’ਚੋਂ ਪਾਵਨ ਸਰੂਪ ਜਬਰੀ ਚੁੱਕ ਲਏ ਗਏ ਸਨ ਤੇ ਇਹ ਮੁੱਦਾ ਦੋਵਾਂ ਫਿਰਕਿਆਂ ਵਿਚਾਲੇ ਆਪਸੀ ਦੂਰੀ ਦਾ ਕਾਰਨ ਬਣਿਆ ਸੀ। ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੰਧੀ ਸਮਾਜ ਸਿੱਖ ਧਰਮ ਦਾ ਅਨਿੱਖੜਵਾਂ ਅੰਗ ਹੈ। ਇਸ ਦਾ ਸਿੱਖ ਕੌਮ ਵਿੱਚ ਵੱਡਾ ਸਤਿਕਾਰ ਹੈ ਅਤੇ ਹਮੇਸ਼ਾ ਬਣਿਆ ਰਹੇਗਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਬਾਣੀ ਸਰਬ-ਸਾਂਝੀਵਾਲਤਾ ਦਾ ਉਪਦੇਸ਼ ਦਿੰਦੀ ਹੈ ਪਰ ਕੁਝ ਲੋਕਾਂ ਵੱਲੋਂ ਸਿੰਧੀ ਤੇ ਸਿੱਖ ਸਮਾਜ ਵਿਚ ਵਖਰੇਵੇਂ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਭਾਈ ਰਾਜਿੰਦਰ ਸਿੰਘ ਮਹਿਤਾ ਤੇ ਬਲਵਿੰਦਰ ਸਿੰਘ ਕਾਹਲਵਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੰਧੀ ਸਮਾਜ ਨੂੰ ਸਿੱਖ ਧਰਮ ਨਾਲ ਜੋੜੀ ਰੱਖਣ ਲਈ ਅਜਿਹੇ ਸਮਾਗਮ ਕਰਵਾਉਂਦੀ ਰਹੇਗੀ। ਸਮਾਗਮ ਵਿੱਚ ਭਾਈ ਗੁਰਪ੍ਰੀਤ ਸਿੰਘ (ਰਿੰਕੂ ਵੀਰ) ਨੇ ਕੀਰਤਨ ਰਾਹੀਂ ਹਾਜ਼ਰੀ ਭਰਦਿਆਂ ਸੰਗਤ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ’ਤੇ ਚੱਲਣ ਦੀ ਅਪੀਲ ਕੀਤੀ।

# ਸਾਕਾ ਨੀਲਾ ਤਾਰਾ: ਫ਼ੌਜੀ ਹਮਲੇ ’ਚ ਜ਼ਖ਼ਮੀ ਹੋਏ ਪਾਵਨ ਸਰੂਪ ਦੇ ਕਰਵਾਏ ਜਾਣਗੇ ਦਰਸ਼ਨ



ਅੰਮ੍ਰਿਤਸਰ : ਜੂਨ 1984 ਵਿੱਚ ਵਾਪਰੇ ਸਾਕਾ ਨੀਲਾ ਤਾਰਾ ਦੌਰਾਨ ਫੌਜੀ ਹਮਲੇ ਸਮੇਂ ਸ੍ਰੀ ਦਰਬਾਰ ਸਾਹਿਬ ਵਿੱਚ ਪ੍ਰਕਾਸ਼ ਕੀਤਾ ਪਾਵਨ ਸਰੂਪ ਜੋ ਗੋਲੀਆਂ ਲੱਗਣ ਨਾਲ ਜ਼ਖ਼ਮੀ ਹੋ ਗਿਆ ਸੀ, ਦੇ 6 ਜੂਨ ਨੂੰ ਕੀਤੇ ਜਾਣ ਵਾਲੇ ਸ਼ਹੀਦੀ ਸਮਾਗਮ ਸਮੇਂ ਸੰਗਤ ਨੂੰ ਦਰਸ਼ਨ ਕਰਵਾਏ ਜਾਣਗੇ। ਇਹ ਪ੍ਰਗਟਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤਾ। ਉਸ ਵੇਲੇ ਦੀ ਕਾਂਗਰਸ ਸਰਕਾਰ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਕੀਤੇ ਫ਼ੌਜੀ ਹਮਲੇ ਦੀ ਯਾਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਸ਼ਹੀਦੀ ਸਮਾਗਮ ਕੀਤਾ ਜਾ ਰਿਹਾ ਹੈ। ਸ੍ਰੀ ਧਾਮੀ ਨੇ ਅੱਜ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨਾਲ ਸ਼ਹੀਦੀ ਸਮਾਗਮ ਦੇ ਪ੍ਰਬੰਧਾਂ ਸਬੰਧੀ ਮੀਟਿੰਗ ਕੀਤੀ। ਇਸ ਮੌਕੇ ਸ੍ਰੀ ਧਾਮੀ ਨੇ ਦੱਸਿਆ ਕਿ ਘੱਲੂਘਾਰੇ ਦੌਰਾਨ ਜ਼ਖ਼ਮੀ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਵੀ 6 ਜੂਨ ਨੂੰ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿੱਚ ਸੰਗਤ ਦੇ ਦਰਸ਼ਨਾਂ ਲਈ ਸੁਸ਼ੋਭਿਤ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਜੂਨ 1984 ਦੇ ਘੱਲੂਘਾਰੇ ਦਾ ਦਰਦ ਸਿੱਖ ਕੌਮ ਕਦੇ ਨਹੀਂ ਭੁੱਲ ਸਕਦੀ। ਇਸ ਮੌਕੇ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਪਰਮਜੀਤ ਸਿੰਘ ਖਾਲਸਾ, ਬਾਵਾ ਸਿੰਘ ਗੁਮਾਨਪੁਰਾ, ਮੈਂਬਰ ਜਰਨੈਲ ਸਿੰਘ ਡੋਗਰਾਂਵਾਲਾ, ਬੀਬੀ ਜੋਗਿੰਦਰ ਕੌਰ ਆਦਿ ਹਾਜ਼ਰ ਸਨ।

# ਸਰਕਾਰੀ ਹਾਈ ਸਕੂਲ ਕੰਧਾਲਾ ਜੱਟਾਂ ਦਾ ਨਤੀਜਾ 100 ਫੀਸਦੀ ਰਿਹਾ





ਕੁਮਾਰੀ ਸ਼ੋਨਲੀ ਨੂੰ ਸਾਇੰਸ ਵਿਸ਼ੇ ’ਚ 100/100 ਅੰਕ ਪ੍ਰਾਪਤ ਕਰਨ ਤੇ ਸ਼ੋਨਾਲੀ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਸਾਇੰਸ ਅਧਿਆਪਕ ਸ੍ਰੀ ਭਰਤ ਤਲਵਾੜ

ਟਾਂਡਾ, (ਰਵਿੰਦਰ ਸਿੰਘ ਟਾਂਡਾ) : ਅੱਜ ਸਰਕਾਰੀ ਹਾਈ ਸਕੂਲ ਕੰਧਾਲਾ ਜੱਟਾਂ ਵਿਖੇ ਸਕੂਲ ਮੁੱਖ ਅਧਿਆਪਕ ਸ਼੍ਰੀ ਜਤਿੰਦਰਪਾਲ ਜੀ ਦੀ ਯੋਗ ਅਗਵਾਈ ਅਤੇ ਦਿਸ਼ਾ ਨਿਰਦੇਸ਼ ਅਨੁਸਾਰ ਮਾਰਚ 2023 ਦੀ ਦਸਵੀਂ ਦੀ ਪ੍ਰੀਖਿਆ ਵਿੱਚ 614/650 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲੇ ਸਥਾਨ ਉੱਤੇ ਆਈ ਵਿਦਿਆਰਥਣ ਕੁਮਾਰੀ ਸ਼ੋਨਾਲੀ, 587/650 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਦੂਸਰੇ ਸਥਾਨ ਉੱਤੇ ਆਏ ਵਿਦਿਆਰਥੀ ਗਗਨਦੀਪ ਸਿੰਘ, 563/650 ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਤੀਸਰੇ ਸਥਾਨ ਉੱਤੇ ਆਈ ਕੁਮਾਰੀ ਪੱਲਵੀ ਨੂੰ ਸਕੂਲ ਮੁੱਖ ਅਧਿਆਪਕ ਸ਼੍ਰੀ ਜਤਿੰਦਰਪਾਲ ਸਿੰਘ ਜੀ, ਸਮੂਹ ਸਕੂਲ ਸਟਾਫ ਅਤੇ ਪਿੰਡ ਦੀ ਪੰਚਾਇਤ ਵੱਲੋਂ ਸਨਮਾਨਿਤ ਕੀਤਾ ਗਿਆ ਇਸ ਦੇ ਨਾਲ ਹੀ ਸਾਇੰਸ ਵਿਸ਼ੇ ਵਿੱਚ ਵਧੀਆ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਉਚੇਚੇ ਤੌਰ ’ਤੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕੁਮਾਰੀ ਸ਼ੋਨਾਲੀ ਨੇ ਸਾਇੰਸ ਵਿਸ਼ੇ ਵਿੱਚ 100/100 ਅੰਕ ਪ੍ਰਾਪਤ ਕੀਤੇ ਇਸ ਦੇ ਨਾਲ ਇਸੇ ਸਕੂਲ ਦੇ ਇਸੇ ਕਲਾਸ ਦੇ 5 ਵਿਦਿਆਰਥੀਆਂ ਨੇ ਸਾਇੰਸ ਵਿਸ਼ੇ ਵਿੱਚ 95% ਤੋਂ ਵੀ ਵਧ ਅੰਕ ਪ੍ਰਾਪਤ ਕੀਤੇ ਅਤੇ 5 ਵਿਦਿਆਰਥੀਆਂ ਨੇ ਸਾਇੰਸ ਵਿਸ਼ੇ ਵਿੱਚ 85% ਤੋਂ ਵੱਧ ਅੰਕ ਪ੍ਰਾਪਤ ਕੀਤੇ ਕੁੱਲ 10 ਵਿਦਿਆਰਥੀਆਂ ਨੇਂ 85% ਤੋਂ ਵੱਧ ਅੰਕ ਪ੍ਰਾਪਤ ਕੀਤੇ ਜੋ ਕਿ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਇਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਸਾਇੰਸ ਅਧਿਆਪਕ ਸ੍ਰੀ ਭਰਤ ਤਲਵਾੜ ਵੱਲੋਂ ਸਪੈਸ਼ਲ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਸਾਰੇ ਸਮਾਰੋਹ ਦੇ ਦੌਰਾਨ ਸਟੇਜ ਦਾ ਸੰਚਾਲਨ ਸ਼੍ਰੀ ਭਰਤ ਤਲਵਾੜ ਸਾਇੰਸ ਮਾਸਟਰ ਵੱਲੋਂ ਕੀਤਾ ਗਿਆ। ਇਸ ਸਮਾਰੋਹ ਦੌਰਾਨ ਸਕੂਲ ਵਿੱਚ ਸਕੂਲ ਸਟਾਫ ਸ੍ਰੀ ਹਰਦੀਪ ਸਿੰਘ ਪੰਜਾਬੀ ਮਾਸਟਰ, ਸ੍ਰੀ ਭਰਤ ਤਲਵਾੜ ਸਾਇੰਸ ਮਾਸਟਰ, ਸ੍ਰੀ ਨਿਰਮਲ ਕੁਮਾਰ ਮੈਥ ਮਾਸਟਰ, ਸ੍ਰੀਮਤੀ ਗੁਰਬਖਸ਼ ਕੌਰ ਅੰਗ੍ਰੇਜ਼ੀ ਮਿਸਟ੍ਰੈਸ, ਸ਼੍ਰੀਮਤੀ ਰੀਨਾ ਸ਼ਰਮਾ ਹਿੰਦੀ ਮਿਸਟ੍ਰੈਸ, ਸ਼੍ਰੀਮਤੀ ਗੁਰਪ੍ਰੀਤ ਕੌਰ ਡੀ .ਪੀ.ਈ. ਸ੍ਰੀ ਰਾਜਵਿੰਦਰ ਸਿੰਘ ਸਾਹੀ ਕੰਪਿਊਟਰ ਅਧਿਆਪਕ, ਪਿੰਡ ਦੇ ਸਰਪੰਚ ਸ੍ਰੀ ਜੁਗਿੰਦਰ ਸਿੰਘ ਜੀ ਸ੍ਰੀ ਗੁਰਦੀਪ ਸਿੰਘ, ਸ੍ਰੀਮਤੀ ਰਜਿੰਦਰ ਕੌਰ ਅਤੇ ਕੁਮਾਰੀ ਪ੍ਰੀਆ, ਸ਼੍ਰੀਮਤੀ ਲਜਿਆ ਰਾਣੀ, ਸ਼੍ਰੀਮਤੀ ਕਮਲਜੀਤ ਕੌਰ, ਸ਼੍ਰੀਮਤੀ ਕਸ਼ਮੀਰ ਕੌਰ, ਸ਼੍ਰੀਮਤੀ ਸਤਵਿੰਦਰ ਕੌਰ, ਸ਼੍ਰੀ ਗੁਰਪ੍ਰੀਤ ਸਿੰਘ ਪ੍ਰਾਈਮਰੀ ਅਧਿਆਪਕ ਵੀ ਹਾਜ਼ਰ ਸਨ।

# ਕੇ ਚੰਦਰਸ਼ੇਖਰ ਰਾਓ ਜ਼ਿਲ੍ਹਾ ਕੁਲੈਕਟਰਾਂ ਦੀ ਕਾਨਫਰੰਸ ਵਿੱਚ ਸ਼ਾਮਲ ਹੋਏ



ਹੈਦਰਾਬਾਦ : ਤੇਲੰਗਾਨਾ ਦੇ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨੇ ਹੈਦਰਾਬਾਦ ਵਿੱਚ ਰਾਜ ਸਕੱਤਰੇਤ ਵਿਖੇ ਜ਼ਿਲ੍ਹਾ ਕੁਲੈਕਟਰਾਂ ਦੀ ਕਾਨਫਰੰਸ ਦੇ ਅੰਤ ਵਿੱਚ ਹੈਦਰਾਬਾਦ ਦੇ ਪੁਲਿਸ ਕਮਿਸ਼ਨਰ ਸੀਵੀ ਆਨੰਦ, ਜ਼ਿਲ੍ਹਾ ਕੁਲੈਕਟਰਾਂ, ਐਸਪੀਜ਼ ਅਤੇ ਡੀਜੀਪੀਜ਼ ਨਾਲ ਇੱਕ ਸਮੂਹ ਤਸਵੀਰ ਲਈ ਪੋਜ਼ ਦਿੱਤਾ।


ਸ. ਬਲਬੀਰ ਸਿੰਘ ਰਾਗੀ

ਇੰਗਲੈਂਡ ਦੇ ਇਤਿਹਾਸ ਨੂੰ ਉਜਾਗਰ ਕਰਨ ਦੇ ਲਈ ਸ.ਬਲਵੀਰ ਸਿੰਘ ਰਾਗੀ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਇਸ ਦਾ ਕਾਰਨ ਇਹ ਹੈ ਕਿ ਇਸ ਧਰਤੀ ਉਪਰ ਵਸਣ ਵਾਲੇ ਇਨ੍ਹਾਂ ਲੋਕਾਂ ਨੇ ਕੀ-ਕੀ ਸਹਿਣ ਨਹੀਂ ਕੀਤਾ, ਉਨ੍ਹਾਂ ਦੇ ਕਾਰਨ ਹੀ ਅੱਜ ਅਸੀਂ ਮਾਣ ਸਨਮਾਨ ਵਾਲਾ ਜੀਵਨ ਜੀਅ ਰਹੇ ਹਾਂ ਅਤੇ ਹੁਣ ਬ੍ਰਿਟੇਨ ਦੀ ਸੰਸਦ 'ਚ ਸਾਡੇ ਸੰਸਦ ਮੈਂਬਰ ਵੀ ਹਨ ਅਤੇ ਇੰਗਲੈਂਡ ਦੇ ਹਰ ਖੇਤਰ ਵਿਚ ਸਿੱਖ ਭਾਈਚਾਰੇ ਨੇ ਮੱਲ੍ਹਾਂ ਮਾਰੀਆਂ ਹਨ। ਇਸ ਸਭ ਬਾਰੇ ਜਾਗਰੂਕ ਕਰਨ ਲਈ ਹੁਣ ਅਸੀਂ ਅਮਰੀਕਾ ਦੇ ਉਘੇ ਸਿੱਖ ਆਗੂ ਸ. ਬਲਵੀਰ ਸਿੰਘ ਰਾਗੀ ਜੀ ਦੀ ਲਿਖੀ ਕਿਤਾਬ 'ਇਨ ਸਰਵਿਸ ਆਫ਼ ਹਿਜ਼ ਮਾਸਟਰ' ਕਿਤਾਬ ਨੂੰ ਲੜੀਵਾਰ 'ਸਾਡੇ ਲੋਕ' ਅਖ਼ਬਾਰ ਵਿਚ ਛਾਪ ਕੇ ਇੰਗਲੈਂਡ ਦੇ ਇਤਿਹਾਸ ਬਾਰੇ ਅਮਰੀਕਾ 'ਚ ਵਸਦੇ ਭਾਰਤੀ ਭਾਈਚਾਰੇ ਨੂੰ ਜਾਣੂ ਕਰਵਾਉਣਾ ਚਾਹੁੰਦੇ ਹਾਂ, ਤਾਂ ਜੋ 'ਸਾਡੇ ਲੋਕ' ਦੇ ਸਮੂਹ ਪਾਠਕ ਇਸ ਲੜੀਵਾਰ ਪੁਸਤਕ ਨੂੰ ਪੜ੍ਹ ਕੇ ਇੰਗਲੈਂਡ ਅਤੇ ਸਿੱਖਾਂ ਦੇ ਇਤਿਹਾਸ ਦੀ ਨੀਂਹ ਰੱਖ ਕੇ ਗੁਰੂਘਰ ਬਣਾਉਣ ਦੀ ਕਹਾਣੀ ਉਨ੍ਹਾਂ ਦੇ ਪਿਤਾ ਸ. ਧਰਮ ਸਿੰਘ ਰਾਗੀ, ਮਾਤਾ ਨਸੀਬ ਕੌਰ ਰਾਗੀ ਅਤੇ ਉਨ੍ਹਾਂ ਸਿੱਖਾਂ ਦੀ ਹੈ, ਜਿਨ੍ਹਾਂ ਨੇ ਇੰਗਲੈਂਡ ਵਿਚ ਪਹਿਲੇ ਗੁਰਦੁਆਰੇ ਦੀ ਨੀਂਹ ਰੱਖ ਕੇ ਵਿਦੇਸ਼ 'ਚ ਸਿੱਖੀ ਦਾ ਮੁੱਢ ਬੰਨ੍ਹਿਆ। ਇਹ ਸਿੱਖ ਜਗਤ ਦੀ ਚੜ੍ਹਦੀਕਲਾ ਦੀ ਕਹਾਣੀ ਹੈ। - ਸਤਨਾਮ ਸਿੰਘ ਖਾਲਸਾ

# 'ਇਨ੍ਹਾਂ ਬੰਦਿਆਂ ਨੇ ਦੁਆਨੀ ਦਿੱਤੀ ਨਹੀਂ, ਸਾਨੂੰ ਸਲਾਹਾਂ ਦਿੰਦੇ ਫਿਰਦੇ, ਤੂੰ ਹਰ ਇੱਕ ਦੀ ਕਿਉਂ ਸੁਣਦਾ ਹੈ ?'

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਪਾਪਾ ਜੀ ਨੇ ਖਾਲਸਾ ਨੂੰ ਇਸ ਸਬੰਧੀ ਥੋੜ੍ਹਾ ਸੋਚਣ ਲਈ ਕਿਹਾ। ਖਾਲਸਾ ਨੇ ਪਾਪਾ ਜੀ ਨੂੰ ਦੱਸਿਆ ਕਿ ਫਰਸ਼ 'ਤੇ ਬੈਠਣ ਦੇ ਦੋ ਕਾਰਨ ਹਨ, ਪਹਿਲਾ ਇਸਦਾ ਮਤਲਬ ਸਾਰਿਆਂ ਨੂੰ ਬਰਾਬਰ ਰੱਖਣਾ ਹੈ। ਉਨ੍ਹਾਂ ਕਿਹਾ ਕਿ ਜਦੋਂ ਗੱਲ ਕੁਰਸੀਆਂ 'ਤੇ ਆ ਜਾਂਦੀ ਹੈ, ਤਾਂ ਇਹ ਪਦਕ੍ਰਮ ਅਨੁਸਾਰ ਬਣੇਗੀ, ਫਿਰ ਉਹ ਵਿਅਕਤੀ ਦੀ ਸਥਿਤੀ ਮੁਤਾਬਿਕ ਵੱਖੋ ਵੱਖਰੀਆਂ ਕੁਰਸੀਆਂ ਦੀ ਮੰਗ ਕਰਨਗੇ। ਜੇਕਰ ਤੁਸੀਂ ਕੋਸ਼ਿਸ਼ ਕੀਤੀ ਜਾਂ ਇਸਤੋਂ ਕਿਨਾਰਾ ਕੀਤਾ ਤਾਂ ਕੁਰਸੀਆਂ ਜਲਦੀ ਹੀ ਜਾਂ ਬਾਅਦ ਵਿੱਚ ਵਿਅਕਤੀ ਦੀ ਸਥਿਤੀ ਦੀ ਪ੍ਰਤੀਨਿਧਤਾ ਕਰਨਗੀਆਂ। ਉਨ੍ਹਾਂ ਕਿਹਾ ਕਿ ਜਦੋਂ ਅਕਬਰ ਸਿੱਖਾਂ ਦੇ ਤੀਜੇ ਗੁਰੂ, ਗੁਰੂ ਅਮਰ ਦਾਸ ਕੋਲ ਆਏ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਸੰਗਤ ਨਾਲ ਬੈਠ ਕੇ ਲੰਗਰ ਛਕਣ ਲਈ ਕਿਹਾ ਅਤੇ ਫਿਰ ਗੁਰੂ ਉਸਨੂੰ ਆਮ ਬੰਦਿਆਂ ਵਜੋਂ ਲੈਣਗੇ। ਹਾਲਾਂਕਿ ਅਸਲ ਵਿੱਚ ਉਹ ਇੱਕ ਸਿੰਘਾਸਨ 'ਤੇ ਬੈਠਦਾ ਸੀ ਅਤੇ ਉਹ ਖੁਦ ਨੂੰ ਸਰਵ ਸ਼ਕਤੀਮਾਨ ਸਮਝਦਾ ਸੀ ਅਤੇ ਉਨ੍ਹਾਂ ਦੇ ਦੂਜੇ ਦਰਬਾਰੀ ਆਪਣੇ ਆਪਣੇ ਰੈਂਕਾਂ ਮੁਤਾਬਿਕ ਬੈਠਦੇ ਸਨ।

ਗੁਰੂ ਦੀ ਸ਼ਰਨ ਵਿੱਚ ਕੋਈ ਰੈਂਕ/ਰੁਤਬਾ ਨਹੀਂ ਹੈ, ਜ਼ਮੀਨ 'ਤੇ ਬੈਠੇ ਸਾਰੇ ਸਮਾਨ ਹਨ, ਭਾਵੇਂ ਕਿ ਉਹ ਸ਼ਾਸਕ ਹੈ। ਪਾਪਾ ਜੀ ਨੇ ਖਾਲਸਾ ਨੂੰ ਪਹਿਲੀ ਵਾਰ ਚੰਗਾ ਉੱਤਰ ਦਿੰਦੇ ਹੋਏ ਦੇਖਿਆ ਅਤੇ ਇਹ ਉਹ ਉੱਤਰ ਸੀ ਜਿਸਨੇ ਪਾਪਾ ਜੀ ਨੂੰ ਗੁੱਸਾ ਨਹੀਂ ਦਿਵਾਇਆ। ਪਾਪਾ ਜੀ ਨੇ ਉਸਤੋਂ ਦੂਜਾ ਕਾਰਨ ਪੁੱਛਿਆ। ਉਸਨੇ ਫਿਰ ਕਿਹਾ, 'ਸਾਡੀ ਮਰਜ਼ੀ।'

ਉਸਨੇ ਇਸਨੂੰ ਇੱਥੇ ਹੀ ਛੱਡ ਦਿੱਤਾ। ਉਸ ਨੇ ਇਹ ਕਹਿ ਕੇ ਗੱਲ ਖਤਮ ਕਰ ਦਿੱਤੀ, 'ਇਨ੍ਹਾਂ ਨਾਸਤਿਕਾਂ ਨੂੰ ਰੱਬ ਨਹੀਂ ਸਮਝ ਸਕਿਆ, ਇਨ੍ਹਾਂ ਨੂੰ ਤੁਸੀਂ ਕੀ ਸਮਝੋਗੇ ਧਰਮ ਸਿੰਘ ?'

ਖਾਲਸਾ ਦੀ ਇਸ ਅੰਤਿਮ ਗੱਲ ਤੋਂ ਪਾਪਾ ਜੀ ਨੂੰ ਗੁੱਸਾ ਚੜ੍ਹ ਗਿਆ, ਉਹ ਜਾਣਦੇ ਸਨ ਕਿ ਉਹ ਸਹੀ ਕਹਿ ਰਿਹਾ ਹੈ। ਇਨ੍ਹਾਂ ਲੋਕਾਂ ਨਾਲ ਕੋਈ ਤਰਕ ਨਹੀਂ ਕਰ ਸਕਦਾ।

ਪਾਪਾ ਜੀ ਨੇ ਖਾਲਸਾ ਨੂੰ ਕਿਹਾ, 'ਸ਼ਾਇਦ ਆਪਾਂ ਨੂੰ ਇਸ ਸਬੰਧੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੂੰ ਲਿਖਣਾ ਪਵੇ।'

ਖਾਲਸਾ ਨੇ ਪਾਪਾ ਜੀ ਨੂੰ ਕਿਹਾ, 'ਧਰਮ ਸਿੰਘ ਉਹ ਲੋਕ ਧਰਮ ਦੇ ਵਪਾਰੀ ਨੇ, ਧਰਮੀ ਨਹੀਂ, ਸਿਆਸਤਦਾਨ ਹਨ, ਉਨ੍ਹਾਂ ਨੇ ਸਿਆਸੀ ਗੱਲ ਕਰਨੀ ਹੈ।'

ਫਿਰ ਵੀ ਪਾਪਾ ਜੀ ਨੇ ਪੱਤਰ ਲਿਖਿਆ, ਜਿਵੇਂ ਖਾਲਸਾ ਨੇ ਕਿਹਾ ਸੀ, ਉਸ ਤਰ੍ਹਾਂ ਹੀ ਹੋਇਆ, ਉਨ੍ਹਾਂ ਨੇ ਵਾਪਸ ਪੱਤਰ ਲਿਖਿਆ ਕਿ ਜੇਕਰ ਗੁਰੂ ਗ੍ਰੰਥ ਸਾਹਿਬ ਨੂੰ ਕੁਰਸੀਆਂ ਤੋਂ ਉੱਚੀ ਥਾਂ 'ਤੇ ਰੱਖਿਆ ਜਾਂਦਾ ਹੈ, ਤਾਂ ਤੁਸੀਂ ਕੁਰਸੀਆਂ ਰੱਖ ਸਕਦੇ ਹੋ। ਪਾਪਾ ਜੀ ਇਹ ਪੜ੍ਹ ਕੇ ਬਹੁਤ ਹੈਰਾਨ ਹੋਏ। ਉਨ੍ਹਾਂ ਨੇ ਇਸ ਪੱਤਰ ਸਬੰਧੀ ਖਾਲਸਾ ਨੂੰ ਦੱਸਿਆ।

ਖਾਲਸਾ ਹੱਸਿਆ ਅਤੇ ਕਿਹਾ, ਮੈਂ ਤੁਹਾਨੂੰ ਇਹ ਹੀ ਕਿਹਾ ਸੀ। ਉਹ ਫਸ ਗਏ, ਉਹ ਖਾਲਸਾ ਦੇ ਵਿਚਾਰ ਦੀ ਵਰਤੋਂ ਨਹੀਂ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਮੈਨੂੰ ਪੁੱਛਿਆ। ਮੈਂ ਉਨ੍ਹਾਂ ਨੂੰ ਕਿਹਾ ਕਿ ਹਾਲ ਦੀ ਸਮਰੱਥਾ ਵੀ ਇੱਕ ਮੁੱਦਾ ਹੈ, ਕਿਉਂਕਿ ਜੇਕਰ ਸੰਗਤ ਫਰਸ਼ 'ਤੇ ਬੈਠਦੀ ਹੈ ਤਾਂ ਉਹ ਜ਼ਿਆਦਾ ਸੰਖਿਆ ਵਿੱਚ ਬੈਠ ਸਕੇਗੀ, ਪਰ ਜੇਕਰ ਕੁਰਸੀਆਂ ਰੱਖ ਦਿੱਤੀਆਂ ਤਾਂ ਥਾਂ ਘਟ ਜਾਵੇਗੀ। ਉਨ੍ਹਾਂ ਨੂੰ ਮੇਰੀ ਗੱਲ ਪਸੰਦ ਆਈ, ਫਿਰ ਉਨ੍ਹਾਂ ਨੇ ਇਹ ਹੀ ਗੱਲ ਕਾਮਰੇਡਾਂ ਨੂੰ ਕਹੀ। ਉਹ ਇਸ ਨਾਲ ਸਹਿਮਤ ਹੋ ਗਏ।

ਬੀਜੀ ਨੇ ਬਾਬਾ ਜੀ ਨੂੰ ਪੁੱਛਿਆ ਕਿ ਕੀ ਹੋਇਆ। ਬਾਬਾ ਜੀ ਪਾਪਾ ਜੀ 'ਤੇ ਭੜਕ ਗਏ ਅਤੇ ਕਿਹਾ, 'ਇਨ੍ਹਾਂ ਬੰਦਿਆਂ ਨੇ ਦੁਆਨੀ ਦਿੱਤੀ ਨਹੀਂ, ਸਾਨੂੰ ਸਲਾਹਾਂ ਦਿੰਦੇ ਫਿਰਦੇ, ਤੂੰ ਹਰ ਇੱਕ ਦੀ ਕਿਉਂ ਸੁਣਦਾ ਹੈ ?'

ਉਹ ਪਾਪਾ ਜੀ ਹੀ ਸਨ ਜਿਹੜੇ ਹਰ ਇੱਕ ਨੂੰ ਬੋਲਣ ਦਾ ਮੌਕਾ ਦਿੰਦੇ ਅਤੇ ਉਨ੍ਹਾਂ ਦੀ ਹਮੇਸ਼ਾਂ ਸੁਣਦੇ ਸਨ।

ਉਨ੍ਹਾਂ ਦਾ ਬਾਬਾ ਜੀ ਨੂੰ ਜਵਾਬ ਕਲਾਸਿਕ ਸੀ, ਉਨ੍ਹਾਂ ਕਿਹਾ, 'ਨੰਦ ਸਿੰਘ ਜੀ ਅਸੀਂ ਸਿੱਖ ਹਾਂ ਔਰ ਸਾਨੂੰ ਹਰ ਵਕਤ ਹਰ ਇੱਕ ਦੀ ਸੁਣ ਲੈਣੀ ਚਾਹੀਦੀ ਹੈ, ਸੁਣਨ ਨਾਲ ਹੀ ਜ਼ਿੰਦਗੀ ਸਵਾਰੀ ਜਾਂਦੀ ਹੈ।'

ਜਦੋਂ ਇਹ ਵਿਵਾਦ ਦਾ ਅਧਿਆਏ ਬੰਦ ਹੋਇਆ ਤਾਂ ਫਿਰ ਇੱਕ ਹੋਰ ਅਧਿਆਏ ਸ਼ੁਰੂ ਹੋ ਗਿਆ, ਭਾਈਚਾਰੇ ਦੀਆਂ ਔਰਤਾਂ ਬੀਜੀ ਕੋਲ ਆਈਆਂ ਅਤੇ ਕਿਹਾ ਕਿ ਉਹ ਗੁਰਦੁਆਰੇ ਦੀ ਇਮਾਰਤ ਵਿੱਚ ਆਪਣੇ ਵੱਲੋਂ ਆਪਣੇ ਢੰਗ ਨਾਲ ਯੋਗਦਾਨ ਪਾਉਣਾ ਚਾਹੁੰਦੀਆਂ ਹਨ। ਪਾਪਾ ਜੀ ਨੇ ਕਿਹਾ ਕਿ ਇਹ ਬਹੁਤ ਚੰਗਾ ਹੈ। ਬੀਜੀ ਨੇ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਸਮਝ ਨਹੀਂ ਸਕਦੇ। ਅਸੀਂ ਪੈਸਾ ਇਕੱਠਾ ਕਰਕੇ ਗੁਰਦੁਆਰੇ ਦੀ ਬਾਹਰੀ ਦੀਵਾਰ 'ਤੇ ਗੁਰੂ ਨਾਨਕ ਦੇਵ ਜੀ ਦਾ ਪੋਰਟਰੇਟ ਬਣਾਉਣਾ ਚਾਹੁੰਦੀਆਂ ਹਨ।

ਇਹ ਗੱਲ ਸੁਣਦੇ ਹੀ ਪਾਪਾ ਜੀ ਦੀ ਟੋਨ ਬਦਲ ਗਈ, ਉਨ੍ਹਾਂ ਕਿਹਾ, 'ਜ਼ਰੂਰੀ ਹੈ ?'

ਇਸ 'ਤੇ ਬੀਜੀ ਨੇ ਜਵਾਬ ਦਿੱਤਾ, 'ਹਾਂ ਜ਼ਰੂਰੀ ਹੈ।'

ਉਹ ਜਾਣਦੇ ਸਨ ਕਿ ਉਹ ਹਰ ਇੱਕ ਦੇ ਖਿਲਾਫ਼ ਜਾ ਸਕਦੇ ਸਨ, ਪਰ ਔਰਤਾਂ ਦੇ ਨਹੀਂ। ਇਸ ਲਈ ਉਨ੍ਹਾਂ ਨੇ ਇਸ ਲਈ ਸਹਿਮਤੀ ਦੇ ਦਿੱਤੀ। ਔਰਤਾਂ ਇਕੱਠੀਆਂ ਹੋਈਆਂ ਅਤੇ ਉਨ੍ਹਾਂ ਨੇ ਪੂਰੇ ਸ਼ਹਿਰ ਵਿੱਚੋਂ ਪੈਸੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਇਹ ਉਨ੍ਹਾਂ ਦੀ ਪਹਿਲੀ ਪਹਿਲ ਸੀ, ਜਿਹੜੀ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਹੋਣ ਵਾਲੀ ਸੀ। ਪਾਪਾ ਜੀ ਜਾਣਦੇ ਸਨ ਕਿ ਹੁਣ ਉਨ੍ਹਾਂ ਲਈ ਨਵਾਂ ਵਿਵਾਦ ਇੰਤਜ਼ਾਰ ਕਰ ਰਿਹਾ ਹੈ। ਸਾਰੀਆਂ ਔਰਤਾਂ ਨੇ ਇਸ ਲਈ ਆਪਣੇ ਵੱਲੋਂ ਦਸ ਦਸ ਸ਼ਿੰਲਿੰਗਜ਼ ਦਾਨ ਕੀਤੇ। ਇਹ ਪੈਸੇ ਉਨ੍ਹਾਂ ਨੇ ਆਪਣੀ ਸ਼ੌਪਿੰਗ ਵਿੱਚੋਂ ਬਚਾ ਕੇ ਰੱਖੇ ਹੋਏ ਸਨ।

ਜਦੋਂ ਪੈਸਾ ਇਕੱਠਾ ਹੋ ਗਿਆ, ਉਨ੍ਹਾਂ ਨੇ ਗੁਰੂ ਨਾਨਕ ਦੇਵ ਦਾ ਨਕਾਸ਼ੀ ਪੋਰਟਰੇਟ ਬਣਾਉਣ ਲਈ ਇੱਕ ਸਟੋਨ ਆਰਟਿਸਟ ਕੀਤਾ। ਜਦੋਂ ਇਹ ਤਿਆਰ ਹੋ ਗਿਆ ਅਤੇ ਇਸਨੂੰ ਦੀਵਾਰ 'ਤੇ ਲਗਾਉਣ ਲੱਗੇ ਤਾਂ ਮਿਸਟਰ ਓ'ਨੀਲ ਨੇ ਸਥਾਨਕ ਅਖ਼ਬਾਰ ਵਾਲਿਆਂ ਨੂੰ ਇਸਨੂੰ ਕਵਰ ਕਰਨ ਲਈ ਬੁਲਾ ਲਿਆ। ਉਨ੍ਹਾਂ ਨੇ ਪੱਥਰ 'ਤੇ ਨਕਾਸ਼ੀ ਕੀਤੀ ਗਈ ਗੁਰੂ ਦੀ ਫੋਟੋ ਖਿੱਚੀ ਅਤੇ ਇਸ ਸਬੰਧੀ ਆਰਟੀਕਲ ਲਿਖਿਆ। ਜਿਹੜਾ ਇਸ ਤਰ੍ਹਾਂ ਸੀ:

'ਹਾਰਨੈੱਲ ਲੇਨ ਵੈਸਟ ਵਿੱਚ ਨਵਾਂ ਸਿੱਖ ਗੁਰਦੁਆਰਾ ਬਣਾਇਆ ਜਾ ਰਿਹਾ ਹੈ ਜਿਸ ਵਿੱਚ ਉਨ੍ਹਾਂ ਨੇ ਆਪਣੇ ਰੱਬ ਦੀ ਮੂਰਤੀ ਲਗਾਈ ਹੈ।' ਰਿਪੋਰਟਰ ਨੇ ਇਸ ਸਬੰਧੀ ਕੋਈ ਵੀ ਖੋਜਬੀਣ ਨਹੀਂ ਕੀਤੀ ਅਤੇ ਇਸ ਨੂੰ ਇਸ ਤਰ੍ਹਾਂ ਬਣਾ ਦਿੱਤਾ ਜਿਵੇਂ ਕਿ ਉਨ੍ਹਾਂ ਨੇ ਆਪਣੇ ਗੁਰੂ ਦੀ ਪੂਜਾ ਕਰਨ ਲਈ ਇੱਥੇ ਉਨ੍ਹਾਂ ਦੀ ਮੂਰਤੀ ਸਥਾਪਿਤ ਕੀਤੀ ਹੈ, ਜਦੋਂਕਿ ਉਹ ਜਾਣਦੇ ਹੋਣਗੇ ਕਿ ਸਿੱਖ ਪੂਰੀ ਤਰ੍ਹਾਂ ਮੂਰਤੀ ਪੂਜਾ ਦੇ ਵਿਰੋਧੀ ਹਨ।

(ਚਲਦਾ)




# ਪਾਰਲੀਮੈਂਟ ਦੀ ਨਵੀਂ ਇਮਾਰਤ ਦਾ ਹਿੰਦੂ ਰੀਤਾਂ ਅਨੁਸਾਰ ਸ਼ਾਨਦਾਰ ਉਦਘਾਟਨ

## ਨਵੀਂ ਸੰਸਦੀ ਇਮਾਰਤ ਦੇਸ਼ ਦੀ ਵਿਕਾਸ ਯਾਤਰਾ ਦਾ 'ਸਦੀਵੀ' ਪਲ: ਮੋਦੀ

### ਧਾਰਮਿਕ ਰਹੁ-ਰੀਤਾਂ ਨਾਲ ਇਤਿਹਾਸਕ ਰਾਜਦੰਡ 'ਸੇਂਗੋਲ' ਲੋਕ ਸਭਾ 'ਚ ਸਥਾਪਿਤ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਵੇਂ ਸੰਸਦ ਭਵਨ ਦੇ ਉਦਘਾਟਨ ਮੌਕੇ ਸੇਂਗੋਲ ਨੂੰ ਮੱਥਾ ਟੇਕਦੇ ਹੋਏ।


ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੇਂਗੋਲ ਨੂੰ ਮੱਥਾ ਟੇਕਦੇ ਹੋਏ।

ਨਵੀਂ ਦਿੱਲੀ-ਕਾਂਗਰਸ ਸਣੇ ਹੋਰਨਾਂ ਵਿਰੋਧੀ ਧਿਰਾਂ ਵੱਲੋਂ ਕੀਤੇ ਬਾਈਕਾਟ ਦਰਮਿਆਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਧਾਰਮਿਕ ਰਹੁ-ਰੀਤਾਂ ਨਾਲ ਨਵੇਂ ਸੰਸਦ ਭਵਨ ਦਾ ਉਦਘਾਟਨ ਕੀਤਾ। ਤਾਮਿਲ ਨਾਡੂ ਤੋਂ ਵਿਸ਼ੇਸ਼ ਤੌਰ 'ਤੇ ਆਏ 'ਅਧਿਨਾਮਾਂ' ਦੇ ਆਸ਼ੀਰਵਾਦ ਨਾਲ ਸ੍ਰੀ ਮੋਦੀ ਨੇ ਇਤਿਹਾਸਕ ਸੇਂਗੋਲ ਨੂੰ ਲੋਕ ਸਭਾ ਚੈਂਬਰ ਵਿੱਚ ਸਪੀਕਰ ਦੇ ਆਸਨ ਨਾਲ ਸਥਾਪਿਤ ਕੀਤਾ। ਇਸ ਦੌਰਾਨ ਉਦਘਾਟਨ ਸਮਾਗਮ ਦੇ ਦੂਜੇ ਪੜਾਅ ਤਹਿਤ ਨਵੀਂ ਸੰਸਦੀ ਇਮਾਰਤ ਦੇ ਹੇਠਲੇ ਸਦਨ 'ਚ ਜੁੜੇ ਦੋਵਾਂ ਸਦਨਾਂ ਦੇ ਮੈਂਬਰਾਂ ਤੇ ਹੋਰਨਾਂ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਨਵੇਂ ਸੰਸਦ ਭਵਨ ਦਾ ਉਦਘਾਟਨ ਦੇਸ਼ ਦੀ ਵਿਕਾਸ ਯਾਤਰਾ ਦਾ 'ਸਦੀਵੀਂ' ਪਲ ਹੈ। ਉਨ੍ਹਾਂ ਨਵੀਂ ਸੰਸਦ ਨੂੰ 140 ਕਰੋੜ ਭਾਰਤੀਆਂ ਦੀਆਂ ਇੱਛਾਵਾਂ ਤੇ ਸੁਫ਼ਨਿਆਂ ਦਾ ਪ੍ਰਤੀਬਿੰਬ ਦੱਸਿਆ। ਉਨ੍ਹਾਂ ਕਿਹਾ ਕਿ ਇਹ ਆਤਮ-ਨਿਰਭਰ ਤੇ ਵਿਕਸਤ ਭਾਰਤ ਦਾ ਨਵਾਂ ਸਵੇਰਾ ਹੈ, ਜੋ ਹੋਰਨਾਂ ਮੁਲਕਾਂ ਦੀ ਤਰੱਕੀ ਦਾ ਵੀ ਪ੍ਰੇਰਨਾ ਸਰੋਤ ਬਣੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਨਵੀਂ ਸੰਸਦ ਤੋਂ ਨਵੇਂ ਟੀਚੇ ਹਾਸਲ ਕਰਨ ਲਈ 'ਨਵੇਂ ਭਾਰਤ' ਦੀਆਂ ਇੱਛਾਵਾਂ ਤੇ ਸੰਕਲਪ ਸ਼ਕਤੀ ਝਲਕਦੀ ਹੈ। ਆਉਣ ਵਾਲੇ ਸਮੇਂ ਤੇ 2026 ਮਗਰੋਂ ਕੀਤੀ ਜਾਣ ਵਾਲੀ ਹੱਦਬੰਦੀ ਦੇ ਮੱਦੇਨਜ਼ਰ ਸੰਸਦ ਵਿੱਚ ਮੈਂਬਰਾਂ ਦੀ ਗਿਣਤੀ ਵਧ ਸਕਦੀ ਹੈ। ਪ੍ਰਧਾਨ ਮੰਤਰੀ ਨੇ ਇਸ ਮੌਕੇ ਯਾਦਗਾਰੀ ਡਾਕ ਟਿਕਟ ਤੇ 75 ਰੁਪਏ ਦਾ ਯਾਦਗਾਰੀ ਸਿੱਕਾ ਵੀ ਜਾਰੀ ਕੀਤਾ। ਇਸ ਤੋਂ ਪਹਿਲਾਂ ਮੰਤਰਾਂ ਦੇ ਉਚਾਰਣ ਦਰਮਿਆਨ ਹੇਠਲੇ ਸਦਨ ਵਿੱਚ ਸੇਂਗੋਲ ਸਥਾਪਿਤ ਕਰਨ ਦੀ ਰਸਮ ਮੌਕੇ ਕੇਂਦਰੀ ਮੰਤਰੀ ਰਾਜਨਾਥ ਸਿੰਘ, ਐੱਸ.ਜੈਸ਼ੰਕਰ, ਅਸ਼ਵਨੀ ਵੈਸ਼ਨਵ, ਮਨਸੁਖ ਮਾਂਡਵੀਆ ਤੇ ਜੀਤੇਂਦਰ ਸਿੰਘ, ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ, ਅਸਾਮ ਦੇ ਉਨ੍ਹਾਂ ਦੇ ਹਮਰੁਤਬਾ ਹਿਮੰਤ ਬਿਸਵਾ ਸਰਮਾ ਤੇ ਭਾਜਪਾ ਪ੍ਰਧਾਨ ਜੇ.ਪੀ.ਨੱਢਾ ਸਣੇ ਹੋਰ ਆਗੂ ਮੌਜੂਦ ਸਨ। ਸ੍ਰੀ ਮੋਦੀ ਨੇ ਨਵੇਂ ਸੰਸਦ ਭਵਨ ਦੇ ਨਿਰਮਾਣ 'ਚ ਅਹਿਮ ਯੋਗਦਾਨ ਪਾਉਣ ਵਾਲੇ ਕੁਝ ਵਰਕਰਾਂ ਨੂੰ ਸ਼ਾਲ ਤੇ ਸੋਵੀਨਾਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਵੱਖ ਵੱਖ ਧਰਮਾਂ ਦੀ ਪ੍ਰਾਰਥਨਾ ਸਭਾ ਵੀ ਕਰਵਾਈ ਗਈ। ਸ੍ਰੀ ਮੋਦੀ ਨੇ ਸੇਂਗੋਲ ਨੂੰ ਲੇਟ ਕੇ ਪ੍ਰਣਾਮ ਕੀਤਾ। ਮਗਰੋਂ ਮੰਤਰਾਂ ਦੇ ਉਚਾਰਨ ਦਰਮਿਆਨ ਸ੍ਰੀ ਮੋਦੀ 'ਸੇਂਗੋਲ' ਹੱਥ ਵਿੱਚ ਫੜ ਕੇ ਨਵੀਂ ਲੋਕ ਸਭਾ ਪਹੁੰਚੇ, ਜਿੱਥੇ ਅਧਿਨਾਮਾਂ ਦੀ ਹਾਜ਼ਰੀ ਵਿੱਚ ਸੇਂਗੋਲ ਨੂੰ ਸਪੀਕਰ ਦੀ ਚੇਅਰ ਨੇੜੇ ਸਥਾਪਿਤ ਕੀਤਾ। ਇਹ ਰਸਮ ਨਿਭਾਉਣ ਮੌਕੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਨਵੇਂ ਸੰਸਦ ਭਵਨ ਦੇ ਰਸਮੀ ਉਦਘਾਟਨ ਮਗਰੋਂ ਮੈਂਬਰਾਂ ਤੇ ਹੋਰਨਾਂ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ, "ਨਵੀਂ ਸੰਸਦ ਵਿੱਚ ਲਿਆ ਜਾਣ ਵਾਲਾ ਹਰੇਕ ਫੈਸਲਾ ਭਾਰਤ ਦੇ ਸ਼ਾਨਦਾਰ ਭਵਿੱਖ ਦੀ ਨੀਂਹ ਰੱਖੇਗਾ...ਗਰੀਬਾਂ, ਦਲਿਤਾਂ, ਪੱਛੜਿਆਂ, ਆਦਿਵਾਸੀਆਂ, ਦਿਵਿਆਂਗਾਂ ਤੇ ਹਾਸ਼ੀਏ 'ਤੇ ਧੱਕੇ ਹੋਰਨਾਂ ਵਰਗਾਂ ਨੂੰ ਸਸ਼ਕਤ ਬਣਾਉਣ ਦਾ ਰਾਹ ਇਥੋਂ ਹੋ ਕੇ ਜਾਂਦਾ ਹੈ।" ਉਨ੍ਹਾਂ ਕਿਹਾ, "ਇਸ ਸੰਸਦੀ ਇਮਾਰਤ ਦੀ ਹਰੇਕ ਇੱਟ ਤੇ ਕੰਧ ਗਰੀਬਾਂ ਦੀ ਭਲਾਈ ਨੂੰ ਸਮਰਪਿਤ ਹੋਣੀ ਚਾਹੀਦੀ ਹੈ।" ਇਮਾਰਤ ਤੋਂ ਝਲਕਦੀ ਭਾਰਤ ਦੀ ਵੰਨ-ਸੁਵੰਨਤਾ ਤੇ ਭਵਨ ਨਿਰਮਾਣ ਕਲਾ ਦੀ ਰਵਾਇਤੀ ਅਮੀਰੀ ਦੀ ਤਾਰੀਫ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਨਵੇਂ ਭਾਰਤ ਨੇ 'ਗੁਲਾਮ ਮਾਨਸਿਕਤਾ' ਨੂੰ ਪਰ੍ਹੇ ਸੁੱਟ ਛੱਡਿਆ ਹੈ, ਜਿਸ ਨੇ ਸੈਂਕੜੇ ਸਾਲਾਂ ਦੀ ਗੁਲਾਮੀ ਮਗਰੋਂ ਦੇਸ਼ ਨੂੰ ਆਪਣੇ ਕਲਾਵੇ 'ਚ ਲੈ ਲਿਆ ਸੀ। ਉਨ੍ਹਾਂ ਅਗਲੇ 25 ਸਾਲਾਂ ਦੇ ਅਰਸੇ...ਜਦੋਂ 2047 ਵਿੱਚ ਆਜ਼ਾਦੀ ਦੇ ਸੌ ਸਾਲ ਪੂਰੇ ਹੋਣਗੇ, ਨੂੰ ਮਹਾਤਮਾ ਗਾਂਧੀ ਦੇ ਅਸਹਿਯੋਗ ਅੰਦੋਲਨ, ਜੋ 1922 ਵਿੱਚ ਖ਼ਤਮ ਹੋਇਆ ਸੀ ਤੇ ਦੇਸ਼ ਆਜ਼ਾਦੀ ਵਿਚਲੇ ਸਮੇਂ ਦੇ ਵਕਫ਼ੇ ਨਾਲ ਮੇਲਿਆ। ਸ੍ਰੀ ਮੋਦੀ ਨੇ ਕਿਹਾ, "ਨਵੀਂ ਸੰਸਦ 140 ਕਰੋੜ ਭਾਰਤੀਆਂ ਦੀਆਂ ਇੱਛਾਵਾਂ ਤੇ ਸੁਫ਼ਨਿਆਂ ਦਾ ਪ੍ਰਤੀਬਿੰਬ ਹੈ। ਇਹ ਸਾਡੇ ਲੋਕਤੰਤਰ ਦਾ ਮੰਦਿਰ ਹੈ, ਜੋ ਭਾਰਤ ਦੀ ਸੰਕਲਪ ਸ਼ਕਤੀ ਦਾ ਸੁਨੇਹਾ ਦਿੰਦਾ ਹੈ। ਹਰੇਕ ਦੇਸ਼ ਦੇ ਇਤਿਹਾਸ ਵਿੱਚ ਕੁਝ ਪਲ ਅਜਿਹੇ ਹੁੰਦੇ ਹਨ, ਜੋ ਸਦੀਵੀਂ ਹੁੰਦੇ ਹਨ। ਕੁਝ ਤਰੀਕਾਂ ਸਮੇਂ ਦੇ ਚਿਹਰੇ 'ਤੇ ਅਮਿੱਟ ਹਸਤਾਖ਼ਰ ਬਣ ਜਾਂਦੀਆਂ ਹਨ। 28 ਮਈ 2023 ਵੀ ਅਜਿਹਾ ਇਕ ਦਿਨ ਹੈ।" ਸ੍ਰੀ ਮੋਦੀ ਨੇ ਕਿਹਾ ਕਿ ਸਰਕਾਰ ਦੇ ਨੌਂ ਸਾਲ ਗਰੀਬਾਂ ਦੀ ਭਲਾਈ ਤੇ ਮੁੜ ਉਸਾਰੀ ਦਾ ਅਰਸਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਤਸੱਲੀ ਤੇ ਮਾਣ ਹੈ ਕਿ 9 ਸਾਲਾਂ ਦੌਰਾਨ ਗਰੀਬਾਂ ਲਈ ਚਾਰ ਕਰੋੜ ਘਰ ਤੇ 11 ਕਰੋੜ ਪਖਾਨੇ ਬਣੇ। ਉਨ੍ਹਾਂ ਪਿੰਡਾਂ ਨੂੰ ਸ਼ਹਿਰ ਨਾਲ ਜੋੜਨ ਲਈ ਬਣਾਈਆਂ ਚਾਰ ਲੱਖ ਕਿਲੋਮੀਟਰ ਸੜਕਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਜਮਹੂਰੀ ਮੁਲਕ ਨਹੀਂ ਬਲਕਿ ਜਮਹੂਰੀਅਤ ਦੀ ਜਨਨੀ ਹੈ।

ਸ੍ਰੀ ਮੋਦੀ ਨੇ ਕਿਹਾ ਕਿ ਨਵਾਂ ਸੰਸਦ ਭਵਨ, ਜਿਸ ਲਈ ਪੱਥਰ ਤੋਂ ਲੈ ਕੇ ਲੱਕੜ, ਕਾਲੀਨ ਨੇ ਹੋਰ ਸਾਮਾਨ ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਲਿਆਂਦਾ ਗਿਆ, 'ਇਕ ਭਾਰਤ, ਸ਼ ?ਰੇਸ਼ਠ ਭਾਰਤ' ਦਾ ਪ੍ਰਤੀਕ ਹੈ। ਸ੍ਰੀ ਮੋਦੀ ਨੇ ਕਿਹਾ ਕਿ ਪੁਰਾਣੇ ਸੰਸਦ ਭਵਨ ਵਿੱਚ ਵੱਖ ਵੱਖ ਤਕਨੀਕੀ ਤੇ ਥਾਂ ਨਾਲ ਜੁੜੀਆਂ ਬੰਦਸ਼ਾਂ ਕਰਕੇ ਸਾਰਿਆਂ ਲਈ ਕੰਮ ਕਰਨਾ ਮੁਸ਼ਕਲ ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਲਗਪਗ ਇਕ ਦਹਾਕੇ ਤੋਂ ਨਵੀਂ ਸੰਸਦੀ ਇਮਾਰਤ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਸੀ।

ਸ੍ਰੀ ਮੋਦੀ ਨੇ ਸੇਂਗੋਲ ਬਾਰੇ ਵੀ ਗੱਲ ਕੀਤੀ ਤੇ ਇਸ ਨੂੰ ਕਰਤੱਵਯ ਪਥ, ਸੇਵਾ ਪਥ ਤੇ ਰਾਸ਼ਟਰ ਪਥ ਦਾ ਪ੍ਰਤੀਕ ਦੱਸਿਆ। ਸ੍ਰੀ ਮੋਦੀ ਦੇ ਰਸਮੀ ਸੰਬੋਧਨ ਤੋਂ ਪਹਿਲਾਂ ਰਾਜ ਸਭਾ ਵਿੱਚ ਉਪ ਚੇਅਰਮੈਨ ਹਰਿਵੰਸ਼ ਨੇ ਰਾਸ਼ਟਰਪਤੀ ਦਰੋਪਦੀ ਮੁਰਮੂ ਤੇ ਉਪ ਰਾਸ਼ਟਰਪਤੀ ਜਗਦੀਪ ਧਨਖੜ ਵੱਲੋਂ ਭੇਜੇ ਸੰਦੇਸ਼ ਪੜ੍ਹ ਕੇ ਸੁਣਾਏ। ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਨਵੀਂ ਲੋਕ ਸਭਾ ਵਿੱਚ ਦੋਵਾਂ ਸਦਨਾਂ ਦੇ ਮੈਂਬਰਾਂ ਤੋਂ ਇਲਾਵਾ ਵੱਖ ਵੱਖ ਰਾਜਾਂ ਦੇ ਮੁੱਖ ਮੰਤਰੀ, ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ, ਸਾਬਕਾ ਪ੍ਰਧਾਨ ਮੰਤਰੀ ਐੱਚ.ਡੀ.ਦੇਵੇਗੌੜਾ, ਸਾਬਕਾ ਸਪੀਕਰ ਸੁਮਿੱਤਰਾ ਮਹਾਜਨ, ਭਾਰਤੀ ਜੁਡੀਸ਼ਰੀ ਦੇ ਮੈਂਬਰ, ਵੱਖ ਵੱਖ ਦੇਸ਼ਾਂ ਦੇ ਰਾਜਦੂਤ ਤੇ ਹੋਰ ਮਹਿਮਾਨ ਮੌਜੂਦ ਸਨ।


ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਲੋਕ ਸਭਾ ਸਪੀਕਰ ਓਮ ਬਿਰਲਾ ਤੇ ਰਾਜ ਸਭਾ ਦੇ ਡਿਪਟੀ ਚੇਅਰਮੈਨ ਐੱਚਐੱਨ ਸਿੰਘ ਯਾਦਗਾਰੀ ਡਾਕ ਟਿਕਟਾਂ ਜਾਰੀ ਕਰਦੇ ਹੋਏ।


ਕੇਂਦਰੀ ਮੰਤਰੀ ਅਮਿਤ ਸ਼ਾਹ ਤੇ ਨਿਤਿਨ ਗਡਕਰੀ ਉਦਘਾਟਨੀ ਸਮਾਗਮ 'ਚ ਸ਼ਿਰਕਤ ਕਰਦੇ ਹੋਏ


ਨਵੇਂ ਸੰਸਦ ਭਵਨ ਦੇ ਉਦਘਾਟਨ ਮੌਕੇ ਖੜ੍ਹੇ ਹੁੰਦੇ ਹੋਏ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ, ਸਾਬਕਾ ਪ੍ਰਧਾਨ ਮੰਤਰੀ ਐੱਚਡੀ ਦੇਵੇਗੌੜਾ ਤੇ ਹੋਰ


ਕੇਂਦਰੀ ਮੰਤਰੀ ਨਿਰਮਲਾ ਸੀਤਾਰਾਮਨ ਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈਐੱਸ ਜਗਨ ਮੋਹਨ ਰੈੱਡੀ ਸੰਸਦ ਦੇ ਉਦਘਾਟਨੀ ਸਮਾਗਮ 'ਚ ਸ਼ਿਰਕਤ ਕਰਦੇ ਹੋਏ


ਨਵੇਂ ਸੰਸਦ ਦੀ ਇਮਾਰਤ ਉਸਾਰਨ ਵਾਲੇ ਮਜ਼ਦੂਰਾਂ ਦਾ ਸਨਮਾਨ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ।

# Valley Real Estate Center



1. ਟੈਕਸਸ (Texas) ਮਸੂਰੀ (Missouri) ਵਿਚ ਸਾਡੇ ਕੋਲ ਦੋ ਟਰੱਕ ਸਟਾਫ ਬਹੁਤ ਹੀ ਵਧੀਆ ਆਮਦਨ ਵਾਲੇ ਸੇਲ ਉਪਰ ਹਨ।
2. ਸਟਾਕਟਨ (Stockton) ਕੈਲੀਫੋਰਨੀਆ ਵਿਚ 3 ਏਕੜ ਦਾ ਟਰੱਕ ਯਾਰਡ (Truck Yard) ਸੇਲ 'ਤੇ ਹੈ।
3. ਸਾਡੇ ਕੋਲ ਮਨਟੀਕਾ ਕੈਲੇਫੋਰਨੀਆ ਵਿਚ ਪੰਜ ਡੁਪਲੈਕਸ (Duplex) ਸੇਲ ਉਪਰ ਹਨ।



ਹੋਰ ਜਾਣਕਾਰੀ ਲਈ ਸੰਪਰਕ ਕਰੋ

Property Address : 27022 River Roadm, Newman CA 95260.

**RANJIT SINGH**

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸੰਸਦ ਵੱਲ ਮਾਰਚ ਕਰ ਰਹੇ ਪਹਿਲਵਾਨਾਂ ਖ਼ਿਲਾਫ਼ ਕੇਸ

## ਦਿੱਲੀ ਪੁਲੀਸ ਨੇ ਜੰਤਰ ਮੰਤਰ ’ਤੇ ਧਰਨੇ ਵਾਲੀ ਥਾਂ ਖਾਲੀ ਕਰਵਾਈ




ਪਹਿਵਾਨ ਸਾਕਸ਼ੀ ਮਲਿਕ ਅਤੇ (ਸੱਜੇ) ਸੰਗੀਤਾ ਅਤੇ ਵਿਨੇਸ਼ ਫੋਗਾਟ ਨਾਲ ਖਿੱਚ-ਧੂਹ ਕਰਦੀ ਹੋਈ ਦਿੱਲੀ ਪੁਲੀਸ।

ਨਵੀਂ ਦਿੱਲੀ : ਦਿੱਲੀ ਪੁਲੀਸ ਨੇ ਨਵੇਂ ਸੰਸਦ ਭਵਨ ਵੱਲ ਮਾਰਚ ਕਰ ਰਹੇ ਪਹਿਲਵਾਨਾਂ ਨੂੰ ਹਿਰਾਸਤ ਵਿੱਚ ਲੈਣ ਮਗਰੋਂ ਦੇਰ ਰਾਤ ਜੰਤਰ-ਮੰਤਰ ’ਤੇ ਧਰਨਾ ਲਾਉਣ ਵਾਲੇ ਪ੍ਰਬੰਧਕਾਂ ਤੇ ਪਹਿਲਵਾਨਾਂ ਦੇ ਹਮਾਇਤੀਆਂ ਖਿਲਾਫ਼ ਦੰਗਿਆਂ ਤੇ ਸਰਕਾਰੀ ਮੁਲਾਜ਼ਮ ਦੀ ਡਿਊਟੀ ’ਚ ਵਿਘਨ ਪਾਉਣ ਦੇ ਦੋਸ਼ ਤਹਿਤ ਸੰਸਦ ਮਾਰਗ ਥਾਣੇ ’ਚ ਕੇਸ ਦਰਜ ਕਰ ਲਿਆ ਹੈ। ਪੁਲੀਸ ਨੇ ਜੰਤਰ ਮੰਤਰ ’ਤੇ ਧਰਨਾ ਦੇਣ ਵਾਲੇ 109 ਪ੍ਰਦਰਸ਼ਨਕਾਰੀਆਂ ਸਣੇ ਪੂਰੀ ਦਿੱਲੀ ’ਚੋਂ 700 ਲੋਕਾਂ ਨੂੰ ਹਿਰਾਸਤ ’ਚ ਲੈਣ ਦਾ ਦਾਅਵਾ ਕੀਤਾ ਹੈ। ਪੁਲੀਸ ਨੇ ਮਗਰੋਂ ਮਹਿਲਾ ਤੇ ਪੁਰਸ਼ ਪਹਿਲਵਾਨਾਂ ਨੂੰ ਛੱਡ ਦਿੱਤਾ। ਸੀਨੀਅਰ ਪੁਲੀਸ ਅਧਿਕਾਰੀ ਮੁਤਾਬਕ ਐੱਫਆਈਆਰ ਆਈਪੀਸੀ ਦੀਆਂ ਧਾਰਾਵਾਂ 188, 186, 353 ਤੇ 332 ਤਹਿਤ ਦਰਜ ਕੀਤੀ ਗਈ ਹੈ। ਐੱਫਆਈਆਰ ਵਿੱਚ ਧਾਰਾ 352, 147(ਦੰਗੇ) ਤੇ 149(ਗੈਰਕਾਨੂੰਨੀ ਇਕੱਤਰਤਾ) ਵੀ ਆਇਦ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਅੱਜ ਦਿਨੇ ਜਿਨਸੀ ਸ਼ੋਸ਼ਣ ਮਾਮਲੇ ਵਿੱਚ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਪਿਛਲੇ 35 ਦਿਨਾਂ ਤੋਂ ਜੰਤਰ-ਮੰਤਰ ’ਤੇ ਲਾਏ ਧਰਨੇ ਦੀ ਮੂਹਰੇ ਹੋ ਕੇ ਅਗਵਾਈ ਕਰ ਰਹੇ ਪਹਿਲਵਾਨਾਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਤੇ ਬਜਰੰਗ ਪੂਨੀਆ ਸਣੇ ਹੋਰਨਾਂ ਨੂੰ ਪੁਲੀਸ ਨੇ ਅੱਜ ਅਮਨ-ਕਾਨੂੰਨ ਦੀ ਉਲੰਘਣਾ ਦੇ ਦੋਸ਼ ’ਚ ਹਿਰਾਸਤ ਵਿੱਚ ਲੈ ਲਿਆ ਸੀ। ਪ੍ਰਦਰਸ਼ਨਕਾਰੀ ਪਹਿਲਵਾਨ ਅੱਜ ਸਵੇਰੇ ਨਵੀਂ ਸੰਸਦੀ ਇਮਾਰਤ ਅੱਗੇ ਮਹਿਲਾ ‘ਮਹਾਪੰਚਾਇਤ’ ਲਈ ਅੱਗੇ ਵਧ ਰਹੇ ਸਨ ਜਦੋਂ ਪੁਲੀਸ ਨੇ ਕਥਿਤ ਸੁਰੱਖਿਆ ਘੇਰਾ ਤੋੜਨ ਦੇ ਦੋਸ਼ ਹੇਠ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਦਿੱਲੀ ਪੁਲੀਸ ਇਨ੍ਹਾਂ ਪਹਿਲਵਾਨਾਂ ਨੂੰ ਬੱਸਾਂ ਵਿੱਚ ਧੱਕ ਕੇ ਅਣਦੱਸੀ ਥਾਂ ’ਤੇ ਲੈ ਕੇ ਰਵਾਨਾ ਹੋਈ, ਪੁਲੀਸ ਅਧਿਕਾਰੀਆਂ ਨੇ ਜੰਤਰ-ਮੰਤਰ ’ਤੇ ਧਰਨੇ ਵਾਲੀ ਥਾਂ ਲੱਗੇ ਤੰਬੂ ਪੁੱਟ ਦਿੱਤੇ ਤੇ ਉਥੇ ਪਏ ਗੱਦੇ, ਕੂਲਰ, ਪੱਖੇ, ਤਰਪਾਲ ਤੇ ਪਹਿਲਵਾਨਾਂ ਦਾ ਹੋਰ ਸਮਾਨ ਉਥੋਂ ਹਟਾ ਦਿੱਤਾ। ਬਜਰੰਗ ਨੂੰ ਮਯੂਰ ਵਿਹਾਰ ਨੇੜਲੇ ਪੁਲੀਸ ਥਾਣੇ, ਸਾਕਸ਼ੀ ਨੂੰ ਬੁਰਾੜੀ ਅਤੇ ਵਿਨੇਸ਼ ਤੇ ਸੰਗੀਤਾ ਨੂੰ ਕਾਲਕਾਜੀ ਥਾਣੇ ਵਿੱਚ ਰੱਖਿਆ ਗਿਆ।

ਜਾਣਕਾਰੀ ਅਨੁਸਾਰ ਪ੍ਰਦਰਸ਼ਨਕਾਰੀ ਪਹਿਲਵਾਨ ਨਵੀਂ ਸੰਸਦੀ ਇਮਾਰਤ ਅੱਗੇ ਤਜਵੀਜ਼ਤ ‘ਮਹਿਲਾ ਮਹਾਪੰਚਾਇਤ’ ਲਈ ਅੱਗੇ ਵਧੇ ਤਾਂ ਪਹਿਲਾਂ ਪੁਲੀਸ ਨੇ ਉਨ੍ਹਾਂ ਨੂੰ ਅਜਿਹਾ ਨਾ ਕਰਨ ਦੀ ਚਿਤਾਵਨੀ ਦਿੱਤੀ। ਜਦੋਂ ਪਹਿਲਵਾਨ ਨਹੀਂ ਰੁਕੇ ਤਾਂ ਉਨ੍ਹਾਂ ਦੀ ਉਥੇ ਤਾਇਨਾਤ ਪੁਲੀਸ ਕਰਮੀਆਂ ਨਾਲ ਝੜਪ ਹੋ ਗਈ। ਵਿਨੇਸ਼ ਫੋਗਾਟ, ਸੰਗੀਤਾ ਫੋਗਾਟ ਤੇ ਸਾਕਸ਼ੀ ਮਲਿਕ ਨੇ ਪੁਲੀਸ ਵੱਲੋਂ ਲਾਏ ਬੈਰੀਕੇਡ ਉਲੰਘਣ ਦੀ ਕੋਸ਼ਿਸ਼ ਕੀਤੀ ਤਾਂ ਦਿੱਲੀ ਮਹਿਲਾ ਪੁਲੀਸ ਨੇ ਉਨ੍ਹਾਂ ਨੂੰ ਪਿੱਛੇ ਧੱਕ ਦਿੱਤਾ। ਇਸ ਮੌਕੇ ਮਹਿਲਾ ਪਹਿਲਵਾਨਾਂ ਨਾਲ ਖਿੱਚ-ਧੂਹ ਵੀ ਕੀਤੀ ਗਈ। ਉਨ੍ਹਾਂ ਉਪਰ ਕਈ ਮਹਿਲਾ ਪੁਲੀਸ ਮੁਲਾਜ਼ਮਾਂ ਟੁੱਟ ਕੇ ਪੈ ਗਈਆਂ। ਸ਼ਾਕਸੀ ਮਲਿਕ ਨੂੰ ਕਾਬੂ ਕਰਨ ਲਈ ਪੁਲੀਸ ਨੂੰ ਖਾਸੀ ਮੁਸ਼ੱਕਤ ਕਰਨੀ ਪਈ। ਵਿਨੇਸ਼ ਤੇ ਸੰਗੀਤਾ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣ ਦਾ ਜ਼ੋਰਦਾਰ ਵਿਰੋਧ ਕੀਤਾ। ਪੁਲੀਸ ਨੇ ਸੜਕਾਂ ’ਤੇ ਲਿਟੀਆਂ ਇਨ੍ਹਾਂ ਦੋਵਾਂ ਮਹਿਲਾ ਪਹਿਲਵਾਨਾਂ ਤੇ ਉਨ੍ਹਾਂ ਦੇ ਹਮਾਇਤੀਆਂ ਨੂੰ ਧੂਹ ਕੇ ਬੱਸਾਂ ਵਿਚ ਚੜ੍ਹਾਇਆ।



ਪਹਿਲਵਾਨ ਬਜਰੰਗ ਪੂਨੀਆ ਨੂੰ ਹਿਰਾਸਤ ਵਿੱਚ ਲੈਂਦੀ ਹੋਈ ਪੁਲੀਸ

ਵਿਨੇਸ਼ ਫੋਗਾਟ, ਜਿਸ ਨੇ ਪੁਲੀਸ ਕਾਰਵਾਈ ਦਾ ਸਭ ਤੋਂ ਵੱਧ ਵਿਰੋਧ ਕੀਤਾ, ਨੇ ਮਗਰੋਂ ਬੱਸ ਵਿੱਚੋਂ ਕਿਹਾ ਕਿ ਉਹ ਨੂੰ ਨਿਆਂ ਮੰਗਣ ਦੀ ਇਹ ਸਜ਼ਾ ਦਿੱਤੀ ਜਾ ਰਹੀ ਹੈ। ਅੱਖਾਂ ਵਿੱਚ ਹੰਝੂ ਲਈ ਵਿਨੇਸ਼ ਨੇ ਕਿਹਾ, “ਮੁਲਜ਼ਮ (ਬ੍ਰਿਜ ਭੂਸ਼ਣ) ਖੁੱਲ੍ਹੇਆਮ ਘੁੰਮ ਰਿਹਾ ਹੈ...ਸਰਕਾਰ ਵੱਲੋਂ ਉਸ ਨੂੰ ਪਨਾਹ (ਸ਼ਹਿ) ਦਿੱਤੀ ਜਾ ਰਹੀ ਹੈ। ਅਸੀਂ ਅਥਲੀਟਾਂ, ਜਿਨ੍ਹਾਂ ਦੇਸ਼ ਲਈ ਤਗ਼ਮੇ ਜਿੱਤੇ, ਨੂੰ ਦੇਸ਼ ਦੀਆਂ ਧੀਆਂ ਖਾਤਰ ਇਨਸਾਫ਼ ਦੀ ਮੰਗ ਕਰਨ ਲਈ ਹੁਣ ਜੇਲ੍ਹਾਂ ਵਿੱਚ ਡੱਕਿਆ ਜਾ ਰਿਹੈ।” ਮਹਿਲਾ ਪਹਿਲਵਾਨ ਨੇ ਬੱਸ ਦੀ ਖਿੜਕੀ ’ਚੋਂ ਕਿਹਾ, “ਨਵੇਂ ਦੇਸ਼ ’ਚ ਤੁਹਾਡਾ ਸਵਾਗਤ ਹੈ।” ਬਜਰੰਗ ਤੇ ਵਿਨੇਸ਼, ਦੋਵਾਂ ਨੂੰ ਬ੍ਰਿਜ ਭੂਸ਼ਣ ਦੀ ਸਰਕਾਰੀ ਰਿਹਾਇਸ਼ (21, ਅਸ਼ੋਕਾ ਰੋਡ) ਤੋਂ ਕੁਝ ਮੀਟਰ ਦੀ ਦੂਰੀ ’ਤੇ ਗ੍ਰਿਫ਼ਤਾਰ ਕੀਤਾ ਗਿਆ। ਜੰਤਰ-ਮੰਤਰ ਪ੍ਰਦਰਸ਼ਨ ਵਾਲੀ ਥਾਂ ਤੋਂ ਹਿਰਾਸਤ ਵਿੱਚ ਲਏ ਗਏ ਪਹਿਲਵਾਨ ਬਜਰੰਗ ਪੂਨੀਆ ਨੇ ਕਿਹਾ, “ਕੀ ਕੋਈ ਸਰਕਾਰ ਆਪਣੇ ਦੇਸ਼ ਦੇ ਚੈਂਪੀਅਨਾਂ ਨਾਲ ਅਜਿਹਾ ਸਲੂਕ ਕਰਵਾਉਂਦੀ ਹੈ? ਅਸੀਂ ਕਿਹੜਾ ਗੁਨਾਹ ਕੀਤਾ ਹੈ? ਅਸੀਂ ਕੋਈ ਬੈਰੀਕੇਡ ਨਹੀਂ ਤੋੜਿਆ।” ਬਜਰੰਗ ਨੇ ਕਿਹਾ, “ਮੁਲਜ਼ਮ (ਬ੍ਰਿਜ ਭੂਸ਼ਣ) ਦੀ ਕਿੱਡੀ ਢੀਠਤਾਈ ਹੈ ਕਿ ਉਹ ਪੋਕਸੋ ਐਕਟ ਨੂੰ ਬਦਲਣ ਦੀਆਂ ਗੱਲਾਂ ਕਰ ਰਿਹੈ ਤੇ ਤੁਸੀਂ ਉਸ ਖਿਲਾਫ਼ ਕੁਝ ਨਹੀਂ ਕਰ ਰਹੇ। ਅਤੇ ਜਿਹੜੇ ਅਥਲੀਟ ਦੋਵੇਂ ਹੱਥ ਜੋੜ ਕੇ ਨਿਆਂ ਮੰਗ ਰਹੇ ਹਨ, ਉਨ੍ਹਾਂ ਨਾਲ ਦੁਰਵਿਹਾਰ ਕੀਤਾ ਜਾ ਰਿਹੈ।”

ਉਧਰ ਦਿੱਲੀ ਦੇ ਵਿਸ਼ੇਸ਼ ਕਮਿਸ਼ਨਰ ਆਫ਼ ਪੁਲੀਸ (ਅਮਨ ਤੇ ਕਾਨੂੰਨ) ਦੀਪੇਂਦਰ ਪਾਠਕ ਨੇ ਕਿਹਾ, “ਅਮਨ ਤੇ ਕਾਨੂੰਨ ਦੀ ਉਲੰਘਣਾ ਲਈ ਉਨ੍ਹਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਅਸੀਂ ਜਾਂਚ ਮਗਰੋਂ ਇਨ੍ਹਾਂ ਖਿਲਾਫ਼ ਕਾਨੂੰਨੀ ਕਾਰਵਾਈ ਕਰਾਂਗੇ।” ਪਾਠਕ ਨੇ ਕਿਹਾ, “ਅੱਜ ਨਵੇਂ ਸੰਸਦ ਭਵਨ ਦਾ ਉਦਘਾਟਨ ਸੀ। ਅਸੀਂ ਆਪਣੇ ਅਥਲੀਟਾਂ ਨੂੰ ਪਿਆਰ ਕਰਨ ਦੇ ਨਾਲ ਉਨ੍ਹਾਂ ਦਾ ਸਤਿਕਾਰ ਵੀ ਕਰਦੇ ਹਾਂ, ਪਰ ਕਿਸੇ ਅਣਸੁਖਾਵੀਂ ਘਟਨਾ ਦੀ ਇਜਾਜ਼ਤ ਨਹੀਂ ਦੇ ਸਕਦੇ।”

## ਗੁੰਡਾ ਸੰਸਦ ਵਿੱਚ ਬੈਠਾ ਹੈ ਤੇ ਸਾਨੂੰ ਸੜਕਾਂ ’ਤੇ ਧੂਹਿਆ ਜਾ ਰਿਹੈ: ਸਾਕਸ਼ੀ

ਪੁਲਿਸ ਵੱਲੋਂ ਹਿਰਾਸਤ ਵਿੱਚ ਲਏ ਜਾਣ ਮਗਰੋਂ ਪਹਿਲਵਾਨ ਸਾਕਸ਼ੀ ਮਲਿਕ ਨੇ ਕਿਹਾ, “ਅਸੀਂ ਸ਼ਾਂਤੀਪੂਰਵਕ ਮਾਰਚ ਕਰ ਰਹੇ ਸੀ ਪਰ ਉਨ੍ਹਾਂ ਨੇ ਜ਼ਬਰਦਸਤੀ ਸਾਨੂੰ ਖਿੱਚਿਆ ਅਤੇ ਹਿਰਾਸਤ ਵਿੱਚ ਲੈ ਲਿਆ। ਸਾਡੇ ਚੈਂਪੀਅਨਾਂ ਨਾਲ ਇਸ ਤਰ੍ਹਾਂ ਦਾ ਸਲੂਕ ਕੀਤਾ ਜਾ ਰਿਹਾ ਹੈ। ਦੁਨੀਆ ਸਾਨੂੰ ਦੇਖ ਰਹੀ ਹੈ!” ਸਾਕਸ਼ੀ ਨੇ ਟਵਿੱਟਰ ’ਤੇ ਸਰਕਾਰ ਤੇ ਦਿੱਲੀ ਪੁਲੀਸ ਖਿਲਾਫ਼ ਭੜਾਸ ਕੱਢਦਿਆਂ ਕਿਹਾ, “ਸਾਡੇ 2000 ਤੋਂ ਵੱਧ ਸਮਰਥਕਾਂ ਨੂੰ ਹਿਰਾਸਤ ਵਿੱਚ ਲੈ ਗਿਆ ਹੈ। ਹਰ ਪਾਸੇ ਤਾਨਾਸ਼ਾਹੀ ਚੱਲ ਰਹੀ ਹੈ।” ਇਕ ਹੋਰ ਟਵੀਟ ਵਿੱਚ ਮਹਿਲਾ ਪਹਿਲਵਾਨ ਨੇ ਕਿਹਾ, “ਕੀ ਕੋਈ ਸਰਕਾਰ ਦੇਸ਼ ਦੇ ਚੈਂਪੀਅਨਾਂ ਨਾਲ ਇੰਜ ਸਲੂਕ ਕਰਦੀ ਹੈ? ਅਸੀਂ ਕਿਹੜਾ ਜੁਰਮ ਕੀਤਾ ਹੈ? ਜਿਨਸੀ ਸ਼ੋਸ਼ਣ ਕਰਨ ਵਾਲਾ ਗੁੰਡਾ ਬ੍ਰਿਜ ਭੂਸ਼ਣ ਅੱਜ ਸੰਸਦ ਵਿੱਚ ਬੈਠਾ ਹੈ ਤੇ ਸਾਨੂੰ ਸੜਕਾਂ ’ਤੇ ਧੂਹਿਆ ਜਾ ਰਿਹੈ। ਭਾਰਤੀ ਖੇਡਾਂ ਲਈ ਬਹੁਤ ਬੁਰਾ ਦਿਨ।” ਸਾਕਸ਼ੀ ਨੇ ਕਿਹਾ, “ਦੇਸ਼ ਲਈ ਤਗ਼ਮੇ ਜਿੱਤ ਕੇ ਲਿਆਉਣਾ ਕੀ ਅਪਰਾਧ ਹੈ? ਜੇਕਰ ਹਾਂ, ਤਾਂ ਫਿਰ ਸਾਨੂੰ ਫਾਹੇ ਟੰਗ ਦਿਓ।”

## ਭਲਵਾਨਾਂ ਨੂੰ ਜੰਤਰ-ਮੰਤਰ ਤੋਂ ਇਲਾਵਾ ਕਿਸੇ ਹੋਰ ਢੁਕਵੀਂ ਥਾਂ ’ਤੇ ਪ੍ਰਦਰਸ਼ਨ ਦੀ ਇਜਾਜ਼ਤ ਦਿੱਤੀ ਜਾਵੇਗੀ: ਦਿੱਲੀ ਪੁਲਿਸ



ਨਵੀਂ ਦਿੱਲੀ : ਪ੍ਰਦਰਸ਼ਨਕਾਰੀ ਪਹਿਲਵਾਨਾਂ ਨੂੰ ਉਨ੍ਹਾਂ ਦੇ ਪ੍ਰਦਰਸ਼ਨ ਵਾਲੀ ਥਾਂ ਤੋਂ ਹਟਾਉਣ ਤੋਂ ਇਕ ਦਿਨ ਬਾਅਦ ਦਿੱਲੀ ਪੁਲੀਸ ਨੇ ਅੱਜ ਕਿਹਾ ਕਿ ਭਲਵਾਨਾਂਹਾਂ ਨੂੰ ਜੰਤਰ-ਮੰਤਰ ਦੀ ਥਾਂ ਕਿਸੇ ਵੀ ਢੁਕਵੀਂ ਥਾਂ ’ਤੇ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਪੁਲੀਸ ਦੇ ਡਿਪਟੀ ਕਮਿਸ਼ਨਰ (ਨਵੀਂ ਦਿੱਲੀ) ਨੇ ਟਵੀਟ ਕੀਤਾ, ‘ਜੰਤਰ-ਮੰਤਰ ਵਿਖੇ ਕੁਸ਼ਤੀ ਦੇ ਪਹਿਲਵਾਨਾਂ ਦਾ ਧਰਨਾ ਅਤੇ ਪ੍ਰਦਰਸ਼ਨ ਸੁਚਾਰੂ ਢੰਗ ਨਾਲ ਚੱਲ ਰਿਹਾ ਸੀ। ਕੱਲ੍ਹ (ਐਤਵਾਰ) ਪ੍ਰਦਰਸ਼ਨਕਾਰੀਆਂ ਨੇ ਸਾਰੀਆਂ ਮੰਗਾਂ ਅਤੇ ਬੇਨਤੀਆਂ ਦੇ ਬਾਵਜੂਦ ਕਾਨੂੰਨ ਦੀ ਉਲੰਘਣਾ ਕੀਤੀ। ਇਸ ਲਈ ਚੱਲ ਰਿਹਾ ਧਰਨਾ ਸਮਾਪਤ ਕਰਵਾ ਦਿੱਤਾ ਗਿਆ ਹੈ। ਜੇ ਪਹਿਲਵਾਨ ਭਵਿੱਖ ਵਿੱਚ ਦੁਬਾਰਾ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਲਈ ਅਰਜ਼ੀ ਦਿੰਦੇ ਹਨ ਤਾਂ ਉਨ੍ਹਾਂ ਨੂੰ ਜੰਤਰ-ਮੰਤਰ ਤੋਂ ਇਲਾਵਾ ਕਿਸੇ ਹੋਰ ਢੁਕਵੇਂ ਤੇ ਸੂਚੀਬੱਧ ਸਥਾਨ ’ਤੇ ਇਜਾਜ਼ਤ ਦਿੱਤੀ ਜਾਵੇਗੀ।’

# ਸਿੱਧੂ ਮੂਸੇਵਾਲਾ ਦੀ ਪਹਿਲੀ ਬਰਸੀ: ਇਨਸਾਫ਼ ਲਈ ਲੜਾਈ ਜਾਰੀ ਰੱਖਣ ਦਾ ਅਹਿਦ

## ਸਿੱਧੂ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਬੰਦ ਕੀਤੀਆਂ ਜਾਣ: ਚਰਨ ਕੌਰ; ਪ੍ਰਸ਼ੰਸਕਾਂ ਨੇ ਮੋਮਬੱਤੀ ਮਾਰਚ ਕੱਢਿਆ

ਘਟਨਾ ਵਾਲੀ ਥਾਂ ਪਹੁੰਚ ਕੇ ਭਾਵੁਕ ਹੋਈ ਮਰਹੂਮ ਗਾਇਕ ਦੀ ਮਾਂ ਚਰਨ ਕੌਰ





ਮਾਨਸਾ : ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਪਹਿਲੀ ਬਰਸੀ ਮੌਕੇ ਗਾਇਕ ਦੇ ਮਾਪਿਆਂ ਨੇ ਕਿਹਾ ਕਿ ਉਹ ਇਨਸਾਫ਼ ਲਈ ਲੜਦੇ ਰਹਿਣਗੇ। ਉਨ੍ਹਾਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਗੈਂਗਸਟਰਾਂ ਨਾਲ ਸਬੰਧ ਬਣਾ ਕੇ ਸਿੱਧੂ ਮੂਸੇਵਾਲਾ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਬੰਦ ਕੀਤੀਆਂ ਜਾਣ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 29 ਮਈ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਛੇ ਸ਼ੂਟਰਾਂ ਨੇ ਮਾਨਸਾ ਨੇੜਲੇ ਪਿੰਡ ਜਵਾਹਰਕੇ ਵਿੱਚ ਗੋਲੀਆਂ ਮਾਰ ਕੇ ਸਿੱਧੂ ਮੂਸੇਵਾਲਾ ਦੀ ਹੱਤਿਆ ਕਰ ਦਿੱਤੀ ਸੀ।

ਪਹਿਲੀ ਬਰਸੀ ਮੌਕੇ ਮਾਤਾ ਚਰਨ ਕੌਰ ਆਪਣੇ ਪੁੱਤ ਦੇ ਪ੍ਰਸ਼ੰਸਕਾਂ ਨੂੰ ਭਰੇ ਮਨ ਨਾਲ ਧਰਵਾਸ ਦਿੰਦੇ ਰਹੇ। ਪੰਜਾਬੀ ਗਾਇਕ ਦੇ ਪਿਤਾ ਬਲਕੌਰ ਸਿੰਘ ਸਿੱਧੂ ਬਰਸੀ ਸਮਾਗਮਾਂ ਨੂੰ ਲੈ ਕੇ ਪਿਛਲੇ ਹਫ਼ਤੇ ਤੋਂ ਪਹਿਲਾਂ ਹੀ ਵਿਦੇਸ਼ ਗਏ ਹੋਏ ਹਨ। ਇਸ ਦੌਰਾਨ ਮੂਸੇਵਾਲਾ ਦੀ ਯਾਦ ਵਿੱਚ ਅੱਜ ਖ਼ੂਨਦਾਨ ਕੈਂਪ ਵੀ ਲਗਾਇਆ ਗਿਆ। ਮਾਤਾ ਚਰਨ ਕੌਰ ਨੇ ਸਰਕਾਰ 'ਤੇ ਗਿਲਾ ਕਰਦਿਆਂ ਕਿਹਾ ਕਿ ਹਕੂਮਤ ਵੱਲੋਂ ਪੁੱਤ ਦੇ ਕਤਲ ਦਾ ਇਨਸਾਫ਼ ਨਹੀਂ ਦਿੱਤਾ ਗਿਆ, ਜਿਸ ਕਰਕੇ ਪਰਿਵਾਰ ਅਤੇ ਸਿੱਧੂ ਦੇ ਸ਼ੁਭਚਿੰਤਕਾਂ ਦਾ ਬੁਰਾ ਹਾਲ ਹੈ। ਉਨ੍ਹਾਂ ਕਿਹਾ ਕਿ ਪਿੰਡ ਜਵਾਹਰਕੇ ਵਿੱਚ 29 ਮਈ ਨੂੰ ਗੋਲੀਆਂ ਮਾਰ ਕੇ ਮੂਸੇਵਾਲਾ ਦਾ ਕਤਲ ਕਰਨ ਵਾਲੇ ਛੇ ਮੁਲਜ਼ਮ ਤਾਂ ਭਾੜੇ ਦੇ ਬੰਦੇ ਹਨ। ਅਸਲ ਮਾਸਟਰ ਮਾਈਂਡ ਤਾਂ ਹਾਲੇ ਵੀ ਪੁਲੀਸ ਦੀ ਗ੍ਰਿਫ਼ਤ 'ਚੋਂ ਬਾਹਰ ਹਨ।

ਪਿਤਾ ਬਲਕੌਰ ਸਿੰਘ ਸਿੱਧੂ ਨੇ ਇੱਕ ਵੀਡੀਓ ਸੰਦੇਸ਼ ਜਾਰੀ ਕਰ ਕੇ ਆਪਣੇ ਪੁੱਤਰ ਲਈ ਇਨਸਾਫ਼ ਦੀ ਮੰਗ ਕਰਨ ਵਾਲਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਿੱਧੂ ਦੀ ਬਰਸੀ 'ਤੇ ਸ਼ਰਧਾਂਜਲੀ ਦੇਣ ਲਈ ਵਿਸ਼ਵ ਭਰ ਵਿੱਚ ਸਮਾਗਮ ਕੀਤੇ ਜਾ ਰਹੇ ਹਨ, ਜਿਸ ਲਈ ਉਨ੍ਹਾਂ ਨੂੰ ਵਿਦੇਸ਼ ਜਾਣਾ ਪਿਆ ਹੈ। ਉਨ੍ਹਾਂ ਕਿਹਾ ਕਿ ਹਰ ਕੋਈ ਮੂਸੇਵਾਲਾ ਦੇ ਇਨਸਾਫ਼ ਲਈ ਦੁਨੀਆ ਭਰ 'ਚ ਮੋਮਬੱਤੀ ਮਾਰਚ ਕੱਢ ਰਿਹਾ ਹੈ ਪਰ ਸਰਕਾਰ ਸੁੱਤੀ ਪਈ ਹੈ।

ਇਸੇ ਦੌਰਾਨ ਮਾਨਸਾ ਵਿੱਚ ਕੱਢੇ ਗਏ ਮੋਮਬੱਤੀ ਮਾਰਚ ਦੌਰਾਨ ਮਾਤਾ ਚਰਨ ਕੌਰ ਨੇ ਕਿਹਾ ਕਿ ਜੇ ਮੁੱਖ ਮੰਤਰੀ ਸੱਚੇ ਹਨ ਤਾਂ ਪਰਿਵਾਰ ਨਾਲ ਗੱਲਬਾਤ ਕਰਨ ਤੋਂ ਝਿਜਕ ਕਿਉਂ ਰਹੇ ਹਨ। ਸਿੱਧੂ ਮੂਸੇਵਾਲਾ ਦੇ ਤਾਇਆ ਚਮਕੌਰ ਸਿੰਘ ਸਿੱਧੂ ਨੇ ਦੱਸਿਆ ਕਿ ਸਿੱਧੂ ਮੂਸੇਵਾਲਾ ਦੇ ਹਾਲੇ 45 ਤੋਂ ਜ਼ਿਆਦਾ ਗੀਤ ਰਿਕਾਰਡ ਹੋਏ ਪਏ ਹਨ, ਜਿਨ੍ਹਾਂ ਨੂੰ ਹੌਲੀ-ਹੌਲੀ ਰਿਲੀਜ਼ ਕੀਤਾ ਜਾਵੇਗਾ। ਇਸ ਮੌਕੇ ਗਾਇਕਾ ਅਫਸਾਨਾ ਖਾਨ, ਕਾਂਗਰਸੀ ਆਗੂ ਬਿਕਰਮ ਸਿੰਘ ਮੋਫ਼ਰ, ਲੱਖਾ ਸਿਧਾਣਾ, ਰਾਜਿੰਦਰ ਸਿੰਘ ਜਵਾਹਰਕੇ, ਮਨਦੀਪ ਸਿੰਘ ਗੋਰਾ, ਅਰਸ਼ਦੀਪ ਸਿੰਘ ਮਾਈਕਲ ਗਾਗੋਵਾਲ ਨੇ ਵੀ ਸੰਬੋਧਨ ਕੀਤਾ।

**ਕਾਂਗਰਸ ਨੇ ਪੰਜਾਬ ਸਰਕਾਰ ਨੂੰ ਘੇਰਿਆ**

ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਇਨਸਾਫ ਨਾ ਮਿਲਣ 'ਤੇ ਪੰਜਾਬੀ ਗਾਇਕ ਦੀ ਪਹਿਲੀ ਬਰਸੀ ਮੌਕੇ ਕਾਂਗਰਸੀ ਆਗੂਆਂ ਨੇ ਸਰਕਾਰ ਨੂੰ ਘੇਰਿਆ। ਇਸ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਵੀਟ ਕੀਤਾ "ਮੈਂ ਆਪਣੇ ਬਹੁਤ ਹੀ ਪਿਆਰੇ ਦੋਸਤ ਸਿੱਧੂ ਮੂਸੇਵਾਲਾ ਨੂੰ ਉਨ੍ਹਾਂ ਦੀ ਪਹਿਲੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਕਰਦਾ ਹਾਂ। ਮੈਂ ਬਹੁਤ ਦੁਖੀ ਹਾਂ ਕਿ ਉਹ ਸਾਨੂੰ ਬਹੁਤ ਜਲਦੀ ਛੱਡ ਗਿਆ ਪਰ ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਇੱਕ ਸਾਲ ਬੀਤ ਜਾਣ ਤੋਂ ਬਾਅਦ ਵੀ ਮੂਸੇਵਾਲਾ ਦੇ ਮਾਪੇ ਆਪਣੇ ਪੁੱਤਰ ਲਈ ਇਨਸਾਫ਼ ਲਈ ਤਰਸ ਰਹੇ ਹਨ।" ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਟਵੀਟ ਕੀਤਾ, "ਇਹ ਬਹੁਤ ਦੁੱਖ ਦੀ ਗੱਲ ਹੈ ਕਿ ਪੰਜਾਬ ਦੀ ਨਾਕਾਮ ਸਰਕਾਰ ਆਪਣੇ ਹੀ ਪਿੰਡਾਂ ਵਿੱਚ ਉਸ ਦੀ ਸੁਰੱਖਿਆ ਯਕੀਨੀ ਨਹੀਂ ਬਣਾ ਸਕੀ ਅਤੇ ਇੱਕ ਸਾਲ ਬੀਤ ਜਾਣ ਦੇ ਬਾਵਜੂਦ ਮੂਸੇਵਾਲਾ ਦੇ ਮਾਪੇ ਆਪਣੇ ਪੁੱਤਰ ਲਈ ਇਨਸਾਫ਼ ਲਈ ਲੜ ਰਹੇ ਹਨ।" ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਇੱਕ ਪਿਤਾ ਵੱਲੋਂ ਇਨਸਾਫ਼ ਲਈ ਕੀਤੀ ਜਾ ਰਹੀ ਪੁਕਾਰ ਦਾ ਸੂਬਾ ਸਰਕਾਰ 'ਤੇ ਕੋਈ ਅਸਰ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਿੱਖਣ ਲਈ ਕਈ ਸਬਕ ਹਨ। ਸਰਕਾਰ ਨੂੰ ਗਲੀਚੇ ਹੇਠਾਂ ਚੀਜ਼ਾਂ ਝਾੜਣ ਦੀ ਬਜਾਏ ਮੂਸੇਵਾਲਾ ਦੇ ਪਿਤਾ ਦੇ ਦੋਸ਼ਾਂ ਅਨੁਸਾਰ ਜਾਂਚ ਕਰਨੀ ਚਾਹੀਦੀ ਹੈ।

# ਸ਼੍ਰੋਮਣੀ ਕਮੇਟੀ ਚੋਣਾਂ : ਵੋਟਰ ਸੂਚੀਆਂ ਬਣਾਉਣ ਦਾ ਅਮਲ ਸ਼ੁਰੂ ਕਰਨ ਦੇ ਆਦੇਸ਼

S.G.P.C.

ਅੰਮ੍ਰਿਤਸਰ : ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ 12 ਸਾਲਾਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੀਆਂ ਚੋਣਾਂ ਕਰਾਉਣ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ। ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਨੇ ਪੰਜਾਬ ਸਰਕਾਰ ਨੂੰ ਪੱਤਰ ਭੇਜ ਕੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਲਈ ਵੋਟਰ ਸੂਚੀਆਂ ਬਣਾਉਣ ਦਾ ਅਮਲ ਸ਼ੁਰੂ ਕਰਨ ਲਈ ਆਖਿਆ ਹੈ।

ਪ੍ਰਾਪਤ ਜਾਣਕਾਰੀ ਮੁਤਾਬਕ ਮੁੱਖ ਗੁਰਦੁਆਰਾ ਚੋਣ ਕਮਿਸ਼ਨਰ ਐਸ.ਐਸ. ਸਾਰੋਂ ਨੇ ਪੰਜਾਬ ਸਰਕਾਰ ਦੇ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ ਤੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਭੇਜ ਕੇ ਆਖਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਵਾਂ ਬੋਰਡ ਗਠਨ ਕਰਨ ਵਾਸਤੇ ਵੋਟਰ ਸੂਚੀਆਂ ਬਣਾਉਣ ਦਾ ਅਮਲ ਸ਼ੁਰੂ ਕੀਤਾ ਜਾਵੇ।

ਇਸ ਚਾਰ ਸਫ਼ਿਆਂ ਦੇ ਇਸ ਪੱਤਰ ਵਿਚ ਵੋਟਰ ਦੀ ਯੋਗਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ। ਚੋਣਾਂ ਵਿਚ ਹਿੱਸਾ ਲੈਣ ਵਾਲੇ ਵੋਟਰ ਦੀ ਉਮਰ ਘੱਟ-ਘੱਟ 21 ਵਰ੍ਹੇ ਹੋਣੀ ਚਾਹੀਦੀ ਹੈ ਤੇ ਉਹ ਸਿਰ ਜਾਂ ਦਾੜ੍ਹੀ ਦੇ ਕੇਸ ਨਾ ਕਟਵਾਉਂਦਾ ਹੋਵੇ। ਪੱਤਰ ਵਿਚ ਪੰਜਾਬ ਸਰਕਾਰ ਦੇ ਅਧਿਕਾਰੀਆਂ ਨੂੰ ਆਖਿਆ ਗਿਆ ਕਿ ਇਹ ਜਲਦੀ ਸ਼ੁਰੂ ਕੀਤਾ ਜਾਵੇ। ਗੁਰਦੁਆਰਾ ਕਮਿਸ਼ਨ ਵੱਲੋਂ ਭੇਜੇ ਤਾਜ਼ਾ ਪੱਤਰ ਵਿਚ ਨਵੇਂ ਵੋਟਰਾਂ ਦੇ ਨਾਂ ਦਰਜ ਕਰਨ ਦੇ ਹੁਕਮ ਦਿੱਤੇ ਗਏ ਹਨ ਪਰ ਨਵੇਂ ਨਾਂ ਦਰਜ ਕਰਵਾਉਣ ਲਈ ਇਸ ਵਿਚ ਸ਼ਰਤਾਂ ਰੱਖੀਆਂ ਗਈਆਂ ਹਨ। 21 ਸਾਲ ਤੋਂ ਵੱਧ ਉਮਰ ਦਾ ਕੋਈ ਵੀ ਸਿੱਖ ਆਪਣਾ ਨਾਂ ਦਰਜ ਕਰਵਾ ਸਕਦਾ ਹੈ, ਬਸ਼ਰਤੇ ਉਹ ਕੇਸ 'ਤੇ ਦਾੜ੍ਹੀ ਨਾ ਕੱਟਦਾ ਹੋਏ। ਸ਼ਰਾਬ ਦਾ ਸੇਵਨ ਨਾ ਕਰਦਾ ਹੋਏ ਤੇ ਸਿਗਰਟ-ਤੰਬਾਕੂ ਆਦਿ ਦਾ ਸੇਵਨ ਵੀ ਨਾ ਕਰਜਾ ਹੋਏ। ਇਨ੍ਹਾਂ ਸ਼ਰਤਾਂ ਨੂੰ ਪੂਰਾ ਕਰਨ ਵਾਲਾ ਕੋਈ ਵੀ ਸਿੱਖ ਸਬੰਧਤ ਪਟਵਾਰੀ ਕੋਲ ਜਾ ਕੇ ਆਪਣਾ ਨਾਂ ਦਰਜ ਕਰਵਾ ਸਕਦਾ ਹੈ। ਦਰਅਸਲ ਨਿਯਮਾਂ ਮੁਤਾਬਕ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹਰ 5 ਸਾਲ ਬਾਅਦ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ ਪਰ ਪਿਛਲੇ 7 ਸਾਲਾਂ ਤੋਂ ਇਹ ਚੋਣਾਂ ਨਹੀਂ ਕਰਵਾਈਆਂ ਗਈਆਂ। ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਮਗਰੋਂ ਕੇਂਦਰ ਸਰਕਾਰ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਨਵੰਬਰ ਮਹੀਨੇ ਵਿਚ ਕਰਵਾਉਣ ਦੀ ਸਿਫ਼ਾਰਸ਼ ਕੀਤੀ ਗਈ ਸੀ। ਇਸ ਦੇ ਨਾਲ ਹੀ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਵੀ ਇਹ ਮੰਗ ਉਠਾਉਂਦੇ ਰਹੇ ਹਨ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਆਉਣ ਵਾਲੇ ਕੁਝ ਦਿਨਾਂ 'ਚ ਸਾਕਾ ਨੀਲਾ ਤਾਰਾ ਦੀ ਬਰਸੀ ਵੀ ਹੋਣ ਵਾਲੀ ਹੈ।

# ਸ਼੍ਰੀ ਰਾਜੇਸ਼ ਕੁਮਾਰ ਤ੍ਰੇਹਨ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਟਾਂਡਾ (ਲੜਕੇ) ਦੇ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ



ਵਿਧਾਇਕ ਸ. ਜਸਵੀਰ ਸਿੰਘ ਰਾਜਾ, ਪ੍ਰਿੰਸੀਪਲ ਸ਼੍ਰੀ ਰਾਜੇਸ਼ ਕੁਮਾਰ ਤ੍ਰੇਹਨ ਨੂੰ ਪ੍ਰਿੰਸੀਪਲ ਦਾ ਅਹੁਦਾ ਸੰਭਾਲਣ ਸਮੇਂ ਸ਼ੁਭਕਾਮਨਾਵਾਂ ਦਿੰਦੇ ਹੋਏ।

ਟਾਂਡਾ, (ਰਵਿੰਦਰ ਸਿੰਘ ਟਾਂਡਾ) : ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਟਾਂਡਾ (ਲੜਕੇ) ਵਿਖੇ ਹੋਏ ਇਕ ਸੰਖੇਪ ਅਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸ਼੍ਰੀ ਰਾਜੇਸ਼ ਕੁਮਾਰ ਤ੍ਰੇਹਨ ਨੇ ਬਤੌਰ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ। ਇਸ ਮੌਕੇ 'ਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹਲਕਾ ਵਿਧਾਇਕ ਟਾਂਡਾ ਸ. ਜਸਵੀਰ ਸਿੰਘ ਰਾਜਾ ਨੇ ਪ੍ਰਿੰਸੀਪਲ ਸਾਹਿਬ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਸਕੂਲ ਦੀ ਉੱਨਤੀ ਲਈ ਆਪਣੇ ਵਲੋਂ ਅਤੇ ਸਰਕਾਰ ਵਲੋਂ ਹਰ ਤਰ੍ਹਾਂ ਦੇ ਸਹਿਯੋਗ ਦੇਣ ਦਾ ਵਿਸ਼ਵਾਸ਼ ਦਿਵਾਇਆ। ਬਲਾਕ ਪ੍ਰਧਾਨ ਆਮ ਆਦਮੀ ਪਾਰਟੀ ਕੇਸ਼ਵ ਸਿੰਘ ਸੈਣੀ, ਸਿਟੀ ਪ੍ਰਧਾਨ ਜਗਜੀਵਨ ਜੱਗੀ ਅਤੇ ਵਾਈਸ ਪ੍ਰਿੰਸੀਪਲ ਸੁਨੀਤ ਅਰੋੜਾ ਨੇ ਪ੍ਰਿੰਸੀਪਲ ਸ਼੍ਰੀ ਰਾਜੇਸ਼ ਤ੍ਰੇਹਨ ਜੀ ਨੂੰ ਮੁਬਾਰਕਬਾਦ ਦਿੱਤੀ। ਪ੍ਰਿੰਸੀਪਲ ਸਾਹਿਬ ਨੇ ਸਕੂਲ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦੀ ਬਿਹਤਰੀ ਲਈ ਸਾਰੇ ਸਟਾਫ਼ ਨੂੰ ਨਾਲ ਲੈ ਕੇ ਕੰਮ ਕਰਨ ਦਾ ਵਾਅਦਾ ਕੀਤਾ ਅਤੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਯੋਗ ਨੀਤੀਆਂ ਕਾਰਨ ਅੱਜ ਸਰਕਾਰੀ ਸਕੂਲਾਂ ਦੇ ਨਤੀਜੇ ਬਹੁਤ ਸ਼ਾਨਦਾਰ ਆ ਰਹੇ ਹਨ ਅਤੇ ਇਸ ਨੂੰ ਬਰਕਰਾਰ ਰੱਖਣ ਲਈ ਸਾਨੂੰ ਸਾਰਿਆਂ ਨੂੰ ਮਿਹਨਤ ਕਰਨੀ ਪਵੇਗੀ।

ਪ੍ਰਿੰਸੀਪਲ ਸਾਹਿਬ ਨੇ ਵਿਧਾਇਕ ਸ. ਜਸਵੀਰ ਸਿੰਘ ਰਾਜਾ ਅਤੇ ਆਈਆਂ ਹੋਈਆਂ ਹੋਰਨਾਂ ਪ੍ਰਮੁੱਖ ਸ਼ਖ਼ਸ਼ੀਅਤਾਂ ਅਤੇ ਸਮੂਹ ਸਕੂਲ ਸਟਾਫ਼ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਹ ਸਕੂਲ ਦੀ ਬਿਹਤਰੀ ਵਾਸਤੇ ਸਾਰੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸੰਭਵ ਯਤਨ ਕਰਨਗੇ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ਼੍ਰੀ ਰਾਜੇਸ਼ ਕੁਮਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਲੇਮਪੁਰ, ਤਲਵੰਡੀ ਸੱਲਾਂ, ਬਸੀ ਜਲਾਲ ਖਾਨ ਵਿਖੇ ਬਤੌਰ ਪ੍ਰਿੰਸੀਪਲ ਆਪਣੀਆਂ ਬਾਖ਼ੂਬੀ ਸੇਵਾਵਾਂ ਨਿਭਾ ਚੁੱਕੇ ਹਨ। ਇਸ ਮੌਕੇ ਸਕੂਲ ਦੇ ਸਮੂਹ ਸਟਾਫ਼ ਮੈਂਬਰਾਂ ਵਲੋਂ ਪ੍ਰਿੰਸੀਪਲ ਸਾਹਿਬ ਦਾ ਭਰਵਾਂ ਸਵਾਗਤ ਕਰਦੇ ਹੋਏ ਜੀ ਆਇਆਂ ਕਿਹਾ।


NAGAR KIRTAN AND RALLY FOR
REMEMBRANCE & FREEDOM
WHEN - SUNDAY, JUNE 4, 2023
WHERE - SAN FRANCISCO, CALIFORNIA
IN MEMORY OF THOUSANDS OF SIKHS MEN, WOMEN & CHILDREN WHO NEVER RETURNED HOME.
COMMEMORATING MARTYRDOM OF GURU ARJAN DEV JI & 1984 SHAHEEDS OF DARBAR SAHIB
BEGINS 10:00 AM 88 2ND STREET, SAN FRANCISCO
FOLLOWED BY RALLY AT CIVIC CENTER PLAZA
FOR MORE INFOMATION 1-(844)-REM-1984
CHECK YOUR LOCAL GURDWARA FOR TRANSPORT ARRANGEMENTS
BHAI SHAMSHER SINGH UK
BHAI KARAMJIT SINGH SUNAM
BHAI GURINDERJIT SINGH
DR AMARJIT SINGH
BHAI BALKAR SINGH CHOHLA SAHIB
BIBI JASMEET KAUR SHEENA

# ਅਕਾਸ਼ਵਾਣੀ ਕੇਂਦਰਾਂ ਤੋਂ ਪੰਜਾਬੀ ਖ਼ਬਰਾਂ ਦੇ ਬੁਲੇਟਿਨ ਬੰਦ ਕਰਨੇ ਪੰਜਾਬੀ ਭਾਸ਼ਾ ਨਾਲ ਬੇਇਨਸਾਫੀ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਸ੍ਰੀ ਅਨੰਦਪੁਰ ਸਾਹਿਬ: ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਰਕਾਰ ਵੱਲੋਂ ਅਕਾਸ਼ਵਾਣੀ ਦੇ ਕੇਂਦਰਾਂ ਤੋਂ ਪੰਜਾਬੀ ਖ਼ਬਰਾਂ ਦੇ ਬੁਲੇਟਿਨ ਬੰਦ ਕਰਨ ਤੇ ਜ਼ੋਰਦਾਰ ਰੋਸ ਪ੍ਰਗਟ ਕਰਦਿਆ ਕਿਹਾ ਕਿ ਸਰਕਾਰਾਂ ਪੰਜਾਬੀਆਂ ਨੂੰ ਹਰ ਪੱਖ ਤੋਂ ਘਸਿਆਰੇ ਬਨਾਉਣ ਤੇ ਤੁਲੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਅਕਾਸ਼ਵਾਣੀ ਦੇ ਦਿੱਲੀ ਤੇ ਚੰਡੀਗੜ੍ਹ ਕੇਂਦਰਾਂ ਤੋਂ ਖਬਰਾਂ ਦੇ ਪੰਜਾਬੀ ਬੁਲੇਟਿਨ ਬੰਦ ਕਰਨੇ ਬਹੁਤ ਨਿੰਦਣਯੋਗ ਤੇ ਸਰਕਾਰ ਦਾ ਪੰਜਾਬ ਪੰਜਾਬੀ ਪ੍ਰਤੀ ਰਵੱਇਆ ਤੰਗ ਦਿਲ ਤੇ ਸੰਕੀਰਨਤਾ ਵਾਲਾ ਹੈ।



ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਬਿਆਨ ਵਿੱਚ ਨਿਹੰਗ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਤੋਂ ਪਿਛਲੇ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੋਂ ਚਲਦੇ ਪੰਜਾਬੀ ਖਬਰਾਂ ਦੇ ਵੱਖ-ਵੱਖ ਬੁਲੇਟਿਨਾਂ ਨੂੰ ਅਕਾਸ਼ਵਾਣੀ ਕੇਂਦਰਾਂ ਤੋਂ ਬੰਦ ਕਰ ਦਿੱਤਾ ਗਿਆ ਹੈ ਇਹ ਬਹੁਤ ਅਫਸੋਸਜਨਕ ਤੇ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਫੈਸਲਾ ਪੰਜਾਬ, ਪੰਜਾਬੀਅਤ ਤੇ ਪੰਜਾਬੀ ਭਾਸ਼ਾ ਨਾਲ ਵਿਤਕਰੇ ਬਾਜ਼ੀ ਤੇ ਧੱਕੇਸ਼ਾਹੀ ਬੇਇਨਸਾਫੀ ਵਾਲਾ ਹੈ। ਜਿਸ ਨੂੰ ਤੁਰੰਤ ਵਾਪਸ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨੂੰ ਆਪਣੀ ਭਾਸ਼ਾ, ਸੂਬੇ ਪ੍ਰਤੀ ਹਰ ਮੰਗ ਨੂੰ ਪੂਰਿਆ ਕਰਾਉਣ ਲਈ ਸੰਘਰਸ਼, ਧਰਨੇ ਰੱਖ ਕੇ ਆਪਣਾ ਖ਼ੂਨ ਕਿਉ ਡੋਲਣਾ ਪੈਂਦਾ ਹੈ ਕੀ ਸਰਕਾਰਾਂ ਏਹੀ ਚਾਹੁੰਦੀਆਂ ਹਨ ਕਿ ਪੰਜਾਬੀਆਂ ਨੂੰ ਇਸ ਤਰ੍ਹਾਂ ਉਲਝਾ ਦਿਤਾ ਜਾਵੇ ਕਿ ਉਹ ਆਪਣੀਆਂ ਮੰਗਾਂ ਮਨਾਉਣ ਵਿਚ ਹੀ ਉਲਝੇ ਰਹਿਣ। ਉਨ੍ਹਾਂ ਕਿਹਾ ਅਜਿਹੇ ਗੁੱਝੇ ਧੱਕੇ ਸਰਕਾਰ ਜਾਣ ਬੁੱਝ ਕੇ ਕਰ ਰਹੀ ਹੈ ਜੋ ਸਹਿਣਯੋਗ ਨਹੀਂ ਹਨ। ਉਨ੍ਹਾਂ ਕਿਹਾ ਕਿ ਸਮੁੱਚੇ ਪੰਜਾਬੀ ਹਤੈਸ਼ੀਆਂ ਨੂੰ ਇਸ ਘਟੀਆਂ ਫੈਸਲੇ ਵਿਰੁੱਧ ਡੱਟ ਕੇ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਸਰਕਾਰ ਨੂੰ ਪੀੜਤਾਂ ਨਾਲ ਕਰਕੇ ਗੱਲਬਾਤ ਮਸਲਾ ਹੱਲ ਕਰਨਾ ਚਾਹੀਦਾ ਹੈ: ਬਾਬਾ ਬਲਬੀਰ ਸਿੰਘ

## *ਖਿਡਾਰਨਾਂ ਨਾਲ ਧੱਕੇਸ਼ਾਹੀ ਘੋਰ ਬੇਇਨਸਾਫੀ ਹੈ*

ਅੰਮ੍ਰਿਤਸਰ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਦਿਲੀ ਵਿਖੇ ਪਹਿਲਵਾਨ ਲੜਕੀਆਂ ਤੇ ਸਮਰਥਕਾਂ ਦਾ ਧਰਨਾ ਜਿਸ ਤਰੀਕੇ ਚੁਕਿਆ ਗਿਆ ਹੈ ਉਹ ਤਰੀਕਾ ਬਹੁੱਤ ਗਲਤ ਹੈ ਉਨ੍ਹਾਂ ਕਿਹਾ ਸਰੀਰਕ ਸ਼ੋਸ਼ਣ ਦੇ ਮਾਮਲੇ ਵਿੱਚ ਮੈਡਲ ਜੇਤੂ ਪਹਿਲਵਾਨ ਲੜਕੀਆਂ ਨਾਲ ਜੋ ਵਰਤਾਉ ਕੀਤਾ ਜਾ ਰਿਹਾ ਹੈ ਉਹ ਦੇਸ਼ ਦੇ ਭਵਿੱਖ ਵਾਸਤੇ ਠੀਕ ਨਹੀਂ ਹੈ। ਇਹ ਵਰਤਾਰਾ ਖ਼ਤਰਨਾਕ ਸਿਗਨਲ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਪਹਿਲਵਾਨ ਲੜਕੀਆਂ ਨੂੰ ਇਨਸਾਫ ਦਾ ਗੰਭੀਰ ਮਸਲਾ ਕਾਨੂੰਨੀ ਮਾਮਲਾ ਹੈ। ਪਰ ਲੜਕੀਆਂ ਨਾਲ ਕਨੂੰਨੀ ਪੱਧਰ ਤੇ ਘੋਰ ਬੇਇਨਸਾਫੀ ਹੋ ਰਹੀ ਹੈ। ਬੇਟੀ ਬਚਾਓ, ਬੇਟੀ ਪੜਾਓ ਦੇ ਨਿਸ਼ਾਨੇ ਨੂੰ ਸਿੱਧੀ ਸੱਟ ਮਾਰੀ ਜਾ ਰਹੀ ਹੈ।

ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਬਿਆਨ ਵਿੱਚ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਕਿਹਾ ਕੇਂਦਰ ਸਰਕਾਰ ਨੂੰ ਘੱਟੋਘੱਟ ਪੀੜਤਾਂ ਲਈ ਏਨਾਂ ਤਾਂ ਕਰਨਾ ਚਾਹੀਦਾ ਹੈ ਕਿ ਗੰਭੀਰ ਇਲਜਾਮਾਂ ਦੀ ਆਜਾਦਾਨਾ ਨਿਆਂਕਾਰੀ ਅਤੇ ਸਮਾਂਬੱਧ ਜਾਂਚ ਯਕੀਨੀ ਬਣਾਉਣੀ ਚਾਹੀਦੀ ਹੈ। ਪੀੜਤਾਂ ਨੂੰ ਗੱਲਬਾਤ ਲਈ ਸੱਦਾ ਤੱਕ ਨਾ ਦੇਣਾ ਸੱਤਾਮਈ ਹਾਉਮੈ ਦੀ ਸਿਖ਼ਰ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਦੇਸ਼ ਲਈ ਕੌਮਾਂਤਰੀ ਪੱਧਰ ਦੇ ਮੁਕਾਬਲੇ ਜਿੱਤਣ ਵਾਲੇ ਖਿਡਾਰੀਆਂ ਦੀ ਗੱਲ ਠਰੰਮੇ ਨਾਲ ਸੁਨਣੀ ਚਾਹੀਦੀ ਹੈ। ਉਨਾਂ ?ਹ ਨਾਲ ਜੋ ਸਲੂਕ ਕੀਤਾ ਜਾ ਰਿਹਾ ਭਾਰਤੀ ਲੋਕਤੰਤਰ ਲਈ ਸ਼ੁਭ ਸ਼ਗਨ ਨਹੀਂ ਹੈ। ਸਭਿਅਕ ਸਮਾਜ ਵਾਸਤੇ ਇਖਲਾਕ ਦਾ ਇਹ ਗੰਭੀਰ ਮਾਮਲਾ ਹੈ। ਇਸ ਵਰਤਾਰੇ ਨਾਲ ਅਸਿਧੇ ਤੌਰ ਤੇ ਸਾਰੇ ਸਮਾਜ ਦਾ ਸਬੰਧ ਹੈ। ਉਨ੍ਹਾਂ ਕਿਹਾ ਕਿ ਜਿਸ ਤਰੀਕੇ ਨਾਲ ਦੋਸ਼ੀ ਇਹ ਕਹਿ ਰਿਹਾ ਕਿ ਮੇਰੇ ਵਿਰੋਧੀ ਲਹਿਰ ਨੂੰ ਖ਼ਾਲਿਸਤਾਨ ਸਮਰਥਕ ਹੱਲਾਸੇਰੀ ਦੇ ਰਹੇ ਹਨ ਬਿਲਕੁਲ ਗਲਤ ਹੈ। ਉਹੀ ਘੱਟ ਗਿਣਤੀ ਸਿੱਖ ਭਾਈਚਾਰੇ ਖਿਲਾਫ ਨਫ਼ਰਤ ਪੈਦਾ ਕਰਨ ਅਤੇ ਖਿਡਾਰਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਜਦੋਂ ਕਿ ਲੜਕੀਆਂ ਰੋ ਰੋ ਕੇ ਕਹਿ ਰਹੀਆਂ ਹਨ ਉਨ੍ਹਾਂ ਨਾਲ ਜਿਣਸੀ ਸ਼ੋਸ਼ਣ ਹੋਇਆ ਹੈ। ਉਨ੍ਹਾਂ ਦੀ ਵੀ ਹੱਕਰਸੀ ਹੋਣੀ ਜ਼ਰੂਰੀ ਹੈ।

# ਭਗਵੰਤ ਮਾਨ ਦੀ ਸੁਰੱਖਿਆ ਟੀਮ ਨੇ ਮੁੱਖ ਮੰਤਰੀ ਲਈ ਪੰਜਾਬ ਤੇ ਦਿੱਲੀ 'ਚ ਕੇਂਦਰ ਦੀ Z+ ਛਤਰੀ ਲੈਣ ਤੋਂ ਇਨਕਾਰ ਕੀਤਾ

ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੁਰੱਖਿਆ ਟੀਮ ਨੇ ਉਨ੍ਹਾਂ ਨੂੰ ਪੰਜਾਬ ਅਤੇ ਦਿੱਲੀ ਖੇਤਰਾਂ ਲਈ ਕੇਂਦਰ ਵੱਲੋਂ ਦਿੱਤੀ ਜ਼ੈੱਡ ਪਲੱਸ ਸੁਰੱਖਿਆ ਛਤਰੀ ਨੂੰ ਠੁਕਰਾ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜੇ ਪੱਤਰ ਵਿੱਚ ਮੁੱਖ ਮੰਤਰੀ ਦੀ ਸੁਰੱਖਿਆ ਟੀਮ ਨੇ ਪੰਜਾਬ ਅਤੇ ਦਿੱਲੀ ਲਈ ਸੁਰੱਖਿਆ ਛਤਰੀ ਲੈਣ ਤੋਂ ਇਨਕਾਰ



ਕਰ ਦਿੱਤਾ ਹੈ ਅਤੇ ਕਿਹਾ ਹੈ ਕਿ ਉਹ ਇਨ੍ਹਾਂ ਦੋਵਾਂ ਥਾਵਾਂ 'ਤੇ ਪੰਜਾਬ ਪੁਲੀਸ ਦੀ ਨਿਗਰਾਨੀ ਹੇਠ ਸੁਰੱਖਿਅਤ ਹਨ। ਸੂਤਰਾਂ ਨੇ ਕਿਹਾ ਕਿ ਸ੍ਰੀ ਮਾਨ ਲਈ ਅਜਿਹੇ ਸੁਰੱਖਿਆ ਘੇਰੇ ਦੀ ਸਿਫ਼ਾਰਸ਼ ਕੇਂਦਰੀ ਖ਼ੁਫ਼ੀਆ ਏਜੰਸੀਆਂ ਅਤੇ ਸੁਰੱਖਿਆ ਏਜੰਸੀਆਂ ਵੱਲੋਂ ਸਰਹੱਦੀ ਸੂਬੇ ਵਿੱਚ ਖ਼ਾਲਿਸਤਾਨੀ ਸਰਗਰਮੀਆਂ ਦੇ ਮੱਦੇਨਜ਼ਰ ਕੀਤੀ ਗਈ ਸੀ।

# ਗੁਰ ਸੇਵਕਾਂ ਵੱਲੋਂ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਵਿਖੇ ਸ੍ਰੀ ਅਖੰਡ ਪਾਠਾਂ ਦੀ ਲੜੀ ਨਿਰੰਤਰ ਜਾਰੀ

## *• ਸਮੁੱਚੇ ਕੰਪਲੈਕਸ ਦੀ ਕਾਇਆ ਕਲਪ ਹੋਵੇਗੀ • ਸ. ਅਜੀਤ ਸਿੰਘ ਤੇ ਬੀਬੀ ਸਸਪੰਤ ਕੌਰ ਸਨਮਾਨਿਤ*

ਅੰਮ੍ਰਿਤਸਰ : ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਕਿ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਪ੍ਰੇਰਨਾ ਤੇ ਉਤਸ਼ਾਹ ਸਦਕਾ ਬੁੱਢਾ ਦਲ ਦੇ ਨਿਹੰਗ ਸਿੰਘਾਂ ਦੀ ਛਾਉਣੀ ਗੁ: ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ, ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਵਿਖੇ ਚਾਰ ਜੁਲਾਈ 2022 ਤੋਂ ਚੱਲ ਰਹੇ ਸੁਖਮਨੀ ਸਾਹਿਬ ਦੇ ਪਾਠ ਅਤੇ ਗੁਰਬਾਣੀ ਸ਼ਬਦ ਕੀਰਤਨ ਪ੍ਰਵਾਹ ਵਿੱਚ ਸ੍ਰੀ ਗੁਰੂ ਰਾਮਦਾਸ ਜੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਅਤੇ ਪੁਰਸ਼ਾਂ ਨੇ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਅੱਜ ਗੁਰਬਾਣੀ ਦਾ ਮਨੋਹਰ ਕੀਰਤਨ ਅਤੇ ਸੁਖਮਨੀ ਸਾਹਿਬ ਦਾ ਪਾਠ ਕੀਤਾ। ਇਸ ਤੋਂ ਪਹਿਲਾਂ ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਜੀ ਵਿਖੇ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਚੱਲ ਰਹੇ 201 ਅਖੰਡ ਪਾਠਾਂ ਦੀ ਲੜੀ ਦਾ 12ਵਾਂ ਅਖੰਡ ਪਾਠ ਅਰੰਭ ਕੀਤਾ ਗਿਆ।



ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਨੇ ਦਸਿਆ ਕਿ ਚਾਰ ਜੁਲਾਈ 2022 ਨੂੰ ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਵੱਲੋਂ ਇਸ ਅਸਥਾਨ ਤੇ ਨਿਰਵਿਘਨ ਸੁਖਮਨੀ ਸਾਹਿਬ ਦੇ ਪਾਠ ਅਤੇ ਸ਼ਬਦ ਕੀਰਤਨ ਪ੍ਰਵਾਹ ਅਰੰਭ ਕੀਤਾ ਗਿਆ ਸੀ ਜੋ 15 ਮਾਰਚ 2023 ਨੂੰ ਸੰਪੂਰਨ ਹੋਇਆ ਸੀ। ਹੁਣ ਇਹ ਸਮਾਗਮ ਹਫਤੇ ਵਿੱਚ ਦੋ ਵਾਰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 201 ਅਖੰਡ ਪਾਠਾਂ ਦੀ ਲੜੀ ਮਿਤੀ 5 ਮਈ 2023 ਤੋਂ ਸ਼ੁਰੂ ਕੀਤੀ ਗਈ ਹੈ ਜੋ ਲਗਾਤਾਰ ਗੁਰੂ ਮਹਾਰਾਜ ਦੀ ਕ੍ਰਿਪਾ ਸਦਕਾ ਵੱਖ-ਵੱਖ ਸ਼ਰਧਾਲੂਆਂ, ਪ੍ਰੇਮੀ ਜਨਾਂ ਗੁਰੂ ਸੇਵਕਾਂ ਵੱਲੋਂ ਚੱਲ ਰਹੀ ਹੈ। ਇਸ ਸਬੰਧੀ ਉਨ੍ਹਾਂ ਨੇ ਸਮੂਹ ਮਾਈ ਭਾਈ ਗੁਰੂ ਸੇਵਕਾਂ ਨੂੰ ਅਪੀਲ ਕੀਤੀ ਹੈ ਜੋ ਮਾਈ ਭਾਈ ਚੱਲ ਰਹੀ ਅਖੰਡ ਪਾਠਾਂ ਦੀ ਲੜੀ ਵਿੱਚ ਸ੍ਰੀ ਅਖੰਡ ਪਾਠ ਕਰਵਾਉਣਾ ਚਾਹੁੰਦੇ ਹਨ ਉਹ ਬੁੱਕ ਕਰਵਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਅਕਾਲ ਪੁਰਖ ਦੀ ਮੇਹਰ ਸਦਕਾ ਅਕਾਲੀ ਬਾਬਾ ਫੂਲਾ ਸਿੰਘ ਸ਼ਹੀਦ ਦੀ ਦੋ ਸੌ ਸਾਲਾ ਸ਼ਤਾਬਦੀ ਦੇ ਸਮਾਗਮ ਜੋ ਮਾਰਚ 2024 ਤੀਕ ਚੱਲ ਰਹੇ ਹਨ ਉਨ੍ਹਾਂ ਦੀ ਸੰਪੂਰਨਤਾ ਹੋ ਜਾਵੇਗੀ। ਉਸ ਤੋਂ ਪਹਿਲਾਂ ਹੁਣ ਵਿਦੇਸ਼ਾਂ ਵਿੱਚ ਸਮਾਗਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸੰਗਤਾਂ ਦੀ ਸਹੂਲਤ ਲਈ ਗੁ: ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ ਦੀ ਬੇਸਮੈਂਟ ਵਿੱਚ ਵਿਸ਼ਾਲ ਵਾਤਾਵਰਣ ਅਨੁਕੂਲ ਬਹੁਤ ਸੁੰਦਰ ਹਾਲ ਬਨਾਇਆ ਗਿਆ ਹੈ। ਜਿਥੇ ਲੋਕ ਅਨੰਦ ਕਾਰਜ ਤੇ ਹੋਰ ਖ਼ੁਸ਼ੀ ਗਮੀ ਦੇ ਧਾਰਮਿਕ ਸਮਾਜਕ ਸਮਾਗਮ ਕਰ ਸਕਦੇ ਹਨ। ਗੁ: ਸਾਹਿਬ ਦੇ ਕੰਪਲੈਕਸ ਦੀ ਸਮੁੱਚੇ ਰੂਪ ਵਿੱਚ ਕਾਇਆ ਕਲਪ ਕੀਤੀ ਗਈ ਹੈ, ਬੁਰਜ ਅੰਦਰ ਸੁੰਦਰ ਗਲੀਚਿਆਂ ਦੀ ਸੇਵਾ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਕਰਵਾਈ ਗਈ ਹੈ। ਥੋੜ੍ਹੇ ਸਮੇਂ ਵਿੱਚ ਅੰਦਰਲੀਆਂ ਸੜਕਾਂ, ਮਨਮੋਹਕ ਸੁੰਦਰ ਖੰਭਿਆ ਵਾਲੀਆਂ ਲਾਇਟਾਂ ਵੀ ਜਗਮਗ ਜਗਮਗ ਕਰਨਗੀਆਂ। ਸਰਧਾਲੂਆਂ ਲਈ ਇਸਨਾਨ ਅਤੇ ਪਖਾਨਿਆਂ ਦਾ ਵੀ ਇਕ ਸੈਟ ਹੋਰ ਤਿਆਰ ਕੀਤਾ ਜਾਵੇਗਾ। ਸੁਖਮਨੀ ਸਾਹਿਬ ਸੇਵਾ ਸੁਸਾਇਟੀਆਂ ਦੇ ਅੱਜ ਦੇ ਸਮਾਗਮ ਵਿੱਚ ਸ੍ਰੀ ਗੁਰੂ ਰਾਮਦਾਸ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਚੌਂਕ ਦਰਬਾਰ ਸਾਹਿਬ ਦੇ ਪ੍ਰਧਾਨ ਸ. ਅਜੀਤ ਸਿੰਘ ਅਤੇ ਬੀਬੀ ਸਸਪੰਤ ਕੌਰ ਮੁਖੀ ਗੁਰੂ ਨਾਨਕ ਸਿੰਘ ਸਭਾ ਬਰਸਾਤੀ ਨਾਲਾ ਸੁਲਤਾਨਵਿੰਡ ਸੜਕ ਅਤੇ ਬੀਬੀ ਤੇਜ ਕੌਰ ਨੂੰ ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਸ਼ਤਾਬਦੀ ਨੂੰ ਸਮਰਪਿਤ ਸਿੰਘ ਸਾਹਿਬ ਬਾਬਾ ਫੂਲਾ ਸਿੰਘ ਜੀ ਦੀ ਯਾਦਗਾਰੀ ਫੋਟੋ ਤੇ ਸਿਰਪਾਓ ਨਾਲ ਸਨਮਾਨਿਤ ਕੀਤਾ ਗਿਆ।

# ਘੱਟ ਗਿਣਤੀਆਂ ਤੇ ਹੋਰ ਹਮਲੇ ਦੇਸ਼ ਲਈ ਘਾਤਕ : ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਭਾਰਤ ਅੰਦਰ ਘੱਟ ਗਿਣਤੀ ਸਿੱਖਾਂ ਤੇ ਹੋ ਰਹੇ ਜਾਨ ਲੇਵਾ ਹਮਲੇ ਬਹੁਤ ਅਫਸੋਸਨਾਕ ਤੇ ਚਿੰਤਾਜਨਕ ਹਨ ਇਸ ਪਲ ਰਹੇ ਅਤਿਵਾਦ ਨੂੰ ਸਰਕਾਰ ਗੰਭੀਰਤਾ ਨਾਲ ਨਹੀਂ ਲੈ ਰਹੀ ਉਨ੍ਹਾਂ ਕਿਹਾ ਮਹਾਰਾਸ਼ਟਰ ਅਤੇ ਉਤਰਪ੍ਰਦੇਸ਼ ਦੀਆਂ ਘਟਨਾਵਾਂ ਬਹੁਤ ਹਿਰਦੇਵੇਦਕ ਤੇ ਦੁਖਦਾਈ ਹਨ। ਮਹਾਰਾਸ਼ਟਰ ਦੇ ਜ਼ਿਲ੍ਹਾ ਪਰਮਣੀ ਦੀ ਤਹਿਸੀਲ ਪੂਰਨ ਦੇ ਤਾੜ ਕਲਸ ਪਿੰਡ ਦੇ ਰਹਿਣ ਵਾਲੇ ਘੱਟ ਦੋ ਸਿੱਖਾਂ ਨੂੰ ਕੁੱਟ ਕੁੱਟ ਕੇ ਜਾਨੋ ਮਾਰ ਦੇਣਾ ਅਤੇ ਕੁੱਝ ਹੋਰ ਸਾਥੀਆਂ ਨੂੰ ਗੰਭੀਰ ਰੂਪ ਵਿਚ ਜਖਮੀ ਕੀਤੇ ਜਾਣ ਦਾ ਨਿਹੰਗ ਸਿੰਘਾਂ ਦੀ ਮੁੱਖ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸਖ਼ਤ ਨੋਟਿਸ ਲੈਂਦਿਆਂ ਮਹਾਂਰਾਸ਼ਟਰ ਦੀ ਸਰਕਾਰ ਨੂੰ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਕਿਹਾ ਹੈ।



ਬੁੱਢਾ ਦਲ ਦੇ ਸਕੱਤਰ ਸ. ਦਿਲਜੀਤ ਸਿੰਘ ਬੇਦੀ ਵੱਲੋਂ ਜਾਰੀ ਇਕ ਲਿਖਤੀ ਬਿਆਨ ਵਿਚ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ ਨੇ ਕਿਹਾ ਕਿ ਸਾਖਲਾ ਅਬਾਦੀ ਦੇ ਰਹਿਣ ਵਾਲੇ ਇਨ੍ਹਾਂ ਸਿਕਲੀਗਰ ਸਿੱਖਾਂ ਦਾ ਕਾਰੋਬਾਰ ਹੀ ਸੂਰ ਪਾਲਨਾ ਹੈ ਇਨ੍ਹਾਂ ਦੇ ਸੂਰ ਨਾਲ ਦੇ ਪਿੰਡਾਂ ਵਿੱਚ ਜਾਣ ਤੇ ਜਦ ਵਾਪਸ ਨਾ ਆਏ ਤਾਂ ਇਹ ਸਿੱਖ ਉਨ੍ਹਾਂ ਦੀ ਭਾਲ ਵਿਚ ਮਗਰ ਗਏ, ਪਰ ਇਨ੍ਹਾਂ ਨੂੰ ਆਪਣੇ ਸੂਰ ਨਹੀਂ ਮਿਲੇ, ਜਦ ਉਹ ਵਾਪਸ ਪਰਤ ਰਹੇ ਸਨ ਤਾਂ ਮੁਸਲਿਮ ਲੋਕਾਂ ਨੇ ਉਨ੍ਹਾਂ ਤੇ ਹਮਲਾ ਕਰ ਕੇ ਕਿਰਪਾਲ ਸਿੰਘ ਨਾਮੀ (14 ਸਾਲ) ਨਾਬਾਲਿਗ ਸਿੱਖ ਨੂੰ ਕੁੱਟ ਕੁੱਟ ਕੇ ਮਾਰ ਦਿੱਤਾ, ਜਦ ਕੇ ਉਸ ਦੇ ਸਾਥੀ ਸੁਰਜੀਤ ਸਿੰਘ, ਅਰਨ ਸੰਘ, ਜੋਗਿੰਦਰ ਸਿੰਘ, ਗੋਰਾ ਸਿੰਘ, ਸਚਿਨ ਸਿੰਘ, ਗੁਰਬਚਨ ਸਿੰਘ ਨੂੰ ਗੰਭੀਰ ਰੂਪ ਵਿਚ ਜਖਮੀ ਕਰ ਦਿਤਾ ਗਿਆ ਹੈ ਇਸ ਵਿਚੋ ਦੋ ਦੀ ਹਾਲਤ ਗੰਭੀਰ ਹੈ। ਹਸਪਤਾਲ ਜੇਰੇ ਇਲਾਜ ਹਨ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਦੇ ਸਿੱਖਾਂ ਅਤੇ ਸਮੁੱਚੇ ਸਮਾਜ ਅੰਦਰ ਇਸ ਘਟਨਾ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਮਹਾਰਾਸ਼ਟਰ ਦੀ ਸਰਕਾਰ ਨੂੰ ਇਸ ਘਟਨਾ ਦੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰ ਕੇ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਪੀੜਤਾਂ ਨੂੰ ਢੁਕਵਾਂ ਮੁਆਵਜਾ ਦਿੱਤਾ ਜਾਣਾ ਚਾਹੀਦਾ ਹੈ ਅਜਿਹੀਆਂ ਘਟਨਾਵਾਂ ਦੇਸ ਦੀ ਸਰਕਾਰ ਲਈ ਖਤਰਨਾਕ ਸਾਬਤ ਹੋ ਸਕਦੀਆਂ ਹਨ। ਉਨ੍ਹਾਂ ਇਸ ਘਟਨਾ ਦੀ ਸਖ਼ਤ ਨਿੰਦਾ ਕਰਦਿਆਂ ਦੋਸ਼ੀਆਂ ਵਿਰੁੱਧ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਅਜਿਹੀ ਗੁੰਡਾਗਰਦੀ ਸਿਆਸੀ ਸ਼ਹਿ ਤੇ ਪਨਪ ਰਹੀ ਹੈ। ਜੋ ਖਤਰਨਾਕ ਸਿਆਸੀ ਅਤਿਵਾਦ ਦਾ ਹਿੱਸਾ ਹੈ।

# ਸੋਸ਼ਲ ਮੀਡੀਆ 'ਚ ਬੇਅਦਬੀ ਕਾਰਨ ਸਿੱਖ ਸੰਗਤਾਂ 'ਚ ਭਾਰੀ ਰੋਸ

ਸ੍ਰੀ ਅਨੰਦਪੁਰ ਸਾਹਿਬ : ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਅਫਸੋਸ ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਹੁਣ ਲੋਕ ਆਪਣੀ ਨਿਜੀ ਕਿੜਾਂ ਤੇ ਦੁਸ਼ਮਣੀਆਂ ਕਾਰਨ ਗੁਰਬਾਣੀ ਦੇ ਗੁਟਕਿਆਂ ਨੂੰ ਪਾੜ ਕੇ ਕੱਢਣ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਮੀਡੀਏ ਤੇ ਬਹੁਤ ਦੁਖਦਾਈ ਤੇ ਹਿਰਦੇ ਵੇਧਕ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿੱਚ ਇਕ ਵਿਅਕਤੀ ਸ਼ਰੇਆਮ ਹੱਥ ਵਿੱਚ ਗੁਰਬਾਣੀ ਦੀ ਪੋਥੀ ਫੜ ਕੇ ਪੇਜ ਪਾੜ ਰਿਹਾ ਹੈ। ਉਨ੍ਹਾਂ ਕਿਹਾ ਉਸ ਨਾਲ ਜੇਕਰ ਧੱਕਾ ਵਿਅਕਤੀਆਂ ਨੇ ਕੀਤਾ ਹੈ। ਪਰ ਉਹ ਵਿਅਕਤੀ ਗੁਰਬਾਣੀ ਪੋਥੀ ਨੂੰ ਕਿਉਂ ਪਾੜ ਰਿਹਾ ਹੈ। ਉਨਾਂ ?ਹ ਕਿਹਾ ਕਿ ਦੋਸ਼ੀ ਦੁਸ਼ਟ ਬਖਸ਼ਣ ਯੋਗ ਨਹੀਂ ਹੈ। ਅਜਿਹੇ ਵਿਅਕਤੀ ਹੀ ਕੌਮਾਂ ਦੇ ਦੇਸ਼ ਅੰਦਰ ਅਜਿਹੇ ਹਲਾਤ ਪੈਦਾ ਕਰ ਦਿੰਦੇ ਹਨ ਜਿਨ੍ਹਾਂ ਨੂੰ ਫਿਰ ਸੰਭਾਲਣਾ ਔਖਾ ਹੋ ਜਾਂਦਾ ਹੈ। ਸਿੱਖ ਸੰਗਤ ਬੇਅਦਬੀ ਸਬੰਧੀ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ, ਜਿਸ ਦੀ ਤਾਜ਼ਾ ਮਿਸਾਲ ਇਟਲੀ ਦੀ ਸਿੱਖ ਸੰਗਤ ਚ ਦੇਖਣ ਨੂੰ ਮਿਲ ਰਹੀ ਹੈ। ਬੀਤੇ ਦਿਨ ਤੋਂ ਸੋਸ਼ਲ ਮੀਡੀਆ 'ਤੇ ਇਕ ਵੀਡਿਓ ਵਾਇਰਲ ਹੋ ਰਹੀ ਹੈ, ਜਿਸ ਵਿਚ ਇਕ ਵਿਅਕਤੀ ਵੱਲੋਂ ਕਿਸੇ ਰੰਜਿਸ਼ ਜਾਂ ਧੱਕੇਸ਼ਾਹੀ ਦੇ ਮੱਦੇਨਜ਼ਰ ਗੁਟਕਾ ਸਾਹਿਬ ਦੇ ਅੰਗਾਂ ਨੂੰ ਪਾੜਿਆ ਗਿਆ। ਇਸ ਵਿਅਕਤੀ ਨੇ ਸਿਰ ਉਪਰ ਕੱਪੜਾ ਵੀ ਬੰਨ੍ਹ ?ਆ ਹੈ। ਕਿਹਾ ਜਾ ਰਿਹਾ ਹੈ ਕਿ ਇਹ ਦੋਸ਼ੀ ਇਟਲੀ ਦਾ ਰਹਿਣ ਵਾਲਾ ਹੈ। ਸਿੱਖ ਸੰਗਤਾਂ ਅੰਦਰ ਭਾਰੀ ਰੋਸ ਦੇਖਿਆ ਜਾ ਰਿਹਾ ਹੈ। ਕਈ ਸਿੱਖ ਆਗੂ ਦੋਸ਼ੀ ਨੂੰ ਲੱਭਣ ਲਈ ਜੰਗੀ ਪੱਧਰ 'ਤੇ ਕੰਮ ਕਰ ਰਹੇ ਹਨ। ਉਨ੍ਹਾਂ ਘਟਨਾ ਦੀ ਤਿੱਖੀ ਅਲੋਚਨਾ ਕੀਤੀ ਹੈ।

*ਭਤੀਜੇ ਸਣੇ ਪ੍ਰੈਸ ਕਾਨਫਰੰਸ 'ਚ ਪੁੱਜੇ ਚੰਨੀ ਦਾ ਪਲਟਵਾਰ*

# ਜਸਇੰਦਰ ਦਾ ਮੇਰੇ ਨਾਲ ਨਹੀਂ ਭਗਵੰਤ ਮਾਨ ਨਾਲ ਹੋਇਆ ਸੌਦਾ



ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਲਟੀਮੇਟਮ ਖ਼ਤਮ ਹੁੰਦੇ ਹੀ ਖਿਡਾਰੀ ਨੂੰ ਪੇਸ਼ ਕਰ ਕੇ ਚੰਨੀ ਦੇ ਭਤੀਜੇ ਵੱਲੋਂ ਰਿਸ਼ਵਤ ਮੰਗਣ ਦਾ ਖੁਲਾਸਾ ਕਰਨ ਤੋਂ ਬਾਅਦ ਚੰਨੀ ਨੇ ਵੀ ਕਾਂਗਰਸ ਭਵਨ 'ਚ ਪ੍ਰੈਸ ਕਾਨਫਰੰਸ ਕੀਤੀ। ਇਸ ਦੌਰਾਨ ਉਨ੍ਹਾਂ ਨਾਲ ਉਨ੍ਹਾਂ ਦਾ ਭਤੀਜਾ ਜਸ਼ਨ, ਪ੍ਰਤਾਪ ਸਿੰਘ ਬਾਜਵਾ, ਪ੍ਰਗਟ ਸਿੰਘ ਵੀ ਮੌਜੂਦ ਸਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਮੈਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ ਤੇ ਹੁਣ ਮੇਰੇ ਪਰਿਵਾਰ ਨੂੰ ਵੀ ਘਸੀਟਿਆ ਜਾ ਰਿਹਾ ਹੈ। ਉਨ੍ਹਾਂ ਸਾਰੇ ਇਲਜ਼ਾਮਾਂ ਨੂੰ ਬੇਬੁਨਿਆਦ ਦੱਸਿਆ। ਉਨ੍ਹਾਂ ਇਸ ਨੂੰ ਬਦਨਾਮ ਕਰਨ ਦੀ ਕੋਝੀ ਸਾਜ਼ਿਸ਼ ਕਰਾਰ ਦਿੱਤਾ। ਉਨ੍ਹਾਂ ਉਲਟਾ ਭਗਵੰਤ ਮਾਨ 'ਤੇ ਇਲਜ਼ਾਮ ਲਗਾਇਆ ਕਿ ਸ਼ਾਇਦ ਜਸਇੰਦਰ ਨੂੰ ਨੌਕਰੀ ਬਦਲੇ ਮੈਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰੱਖੀ ਹੋਵੇਗੀ। ਉਨ੍ਹਾਂ ਕਿਹਾ ਕਿ ਜਸ਼ਨ ਉਨ੍ਹਾਂ ਦੇ ਭਰਾ ਮਨੋਹਰ ਦਾ ਲੜਕਾ ਹੈ। ਉਹ ਡਾਕਟਰ ਹੈ ਤੇ $4 ਦੀ ਤਿਆਰੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜਸ਼ਨ ਦਾ ਇਸ ਮਾਮਲੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉੱਥੇ ਹੀ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਇਕ ਟਵੀਟ ਕਰ ਕੇ ਕਿਹਾ ਹੈ ਕਿ ਜਸਵਿੰਦਰ ਸਿੰਘ ਦਾ ਸਪੋਰਟਸ ਕੋਟੇ ਤੋਂ ਨੌਕਰੀ ਲੈਣ ਦਾ ਮਾਮਲਾ ਹਾਈਕੋਰਟ ਵੀ ਗਿਆ ਸੀ ਜਿਸ ਨੂੰ ਹਾਈਕੋਰਟ ਨੇ ਰੱਦ ਕਰ ਦਿੱਤਾ ਸੀ। ਅਜਿਹੇ ਵਿਚ ਕੋਈ ਵੀ ਮੁੱਖ ਮੰਤਰੀ ਕਿਵੇਂ 2 ਕਰੋੜ ਰੁਪਏ ਲੈ ਕੇ ਨੌਕਰੀ ਦੇ ਸਕਦਾ ਹੈ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬੁੱਧਵਾਰ ਦੁਪਹਿਰ 2 ਵਜੇ ਪ੍ਰੈੱਸ ਕਾਨਫਰੰਸ ਕੀਤੀ। ਇਸ ਦੌਰਾਨ ਖਿਡਾਰੀ ਤੇ ਉਸ ਦੇ ਪਿਤਾ ਉਨ੍ਹਾਂ ਦੇ ਨਾਲ ਮੌਜੂਦ ਸਨ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਬੀਤੇ ਦਿਨੀਂ ਧਰਮਸ਼ਾਲਾ 'ਚ ਆਈਪੀਐੱਲ ਦਾ ਮੈਚ ਸੀ। ਇਸ ਦੌਰਾਨ ਉਹ ਵੀ ਉੱਥੇ ਪਹੁੰਚੇ ਜਿੱਥੇ ਉਨ੍ਹਾਂ ਨੂੰ ਪੰਜਾਬ ਕਿੰਗਜ਼ ਇਲੈਵਨ ਦਾ ਖਿਡਾਰੀ ਜੱਸ ਇੰਦਰ ਸਿੰਘ ਮਿਲਿਆ, ਹਾਲਾਂਕਿ ਇਹ ਖਿਡਾਰੀ ਪਲੇਇੰਗ ਇਲੈਵਨ 'ਚ ਸ਼ਾਮਲ ਨਹੀਂ ਸੀ।

# ਚੰਨੀ ਦੇ ਭਤੀਜੇ ਨੇ ਕ੍ਰਿਕਟ ਖਿਡਾਰੀ ਤੋਂ ਨੌਕਰੀ ਬਦਲੇ ਮੰਗੇ ਸਨ 2 ਕਰੋੜ ਰੁਪਏ: ਭਗਵੰਤ ਮਾਨ ਦਾ ਖ਼ੁਲਾਸਾ



ਚੰਡੀਗੜ੍ਹ : ਵਾਅਦੇ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰੈੱਸ ਕਾਨਫਰੰਸ ਕੀਤੀ। ਇਸ ਦੌਰਾਨ ਖਿਡਾਰੀ ਤੇ ਉਸ ਦੇ ਪਿਤਾ ਉਨ੍ਹਾਂ ਦੇ ਨਾਲ ਮੌਜੂਦ ਸਨ। ਮੁੱਖ ਮੰਤਰੀ ਨੇ ਕਿਹਾ ਕਿ ਬੀਤੇ ਦਿਨੀਂ ਧਰਮਸ਼ਾਲਾ 'ਚ ਆਈਪੀਐੱਲ ਦਾ ਮੈਚ ਸੀ। ਇਸ ਦੌਰਾਨ ਉਹ ਵੀ ਉੱਥੇ ਪਹੁੰਚੇ ਸਨ ਜਿੱਥੇ ਉਨ੍ਹਾਂ ਨੂੰ ਪੰਜਾਬ ਕਿੰਗਜ਼ ਇਲੈਵਨ ਦਾ ਖਿਡਾਰੀ ਜੱਸ ਇੰਦਰ ਸਿੰਘ ਗਿੱਲ ਮਿਲਿਆ, ਹਾਲਾਂਕਿ ਇਹ ਖਿਡਾਰੀ ਪਲੇਇੰਗ ਇਲੈਵਨ 'ਚ ਸ਼ਾਮਲ ਨਹੀਂ ਸੀ। ਉਨ੍ਹਾਂ ਦੱਸਿਆ ਕਿ ਜੱਸ ਇੰਦਰ ਬਹੁਤ ਵਾਰ ਨੈਸ਼ਨਲ ਲੈਵਲ 'ਤੇ ਪੰਜਾਬ ਦੀ ਨੁਮਾਇੰਦਗੀ ਕਰ ਚੁੱਕਿਆ ਹੈ ਪਰ ਸਰਕਾਰੀ ਨੌਕਰੀ ਲਈ ਦਿੱਤੇ ਟੈਸਟ ਦੇ ਰਿਜ਼ਲਟ 'ਚ ਸਪੋਰਟਸ ਕੋਟੇ ਦੀ ਰਿਆਇਤ ਨਹੀਂ ਮਿਲੀ। ਰਿਆਇਤ ਲਈ ਤਤਕਾਲੀ ਸੀਐੱਮ ਚਰਨਜੀਤ ਸਿੰਘ ਚੰਨੀ ਨਾਲ ਵੀ ਮੁਲਾਕਾਤ ਕੀਤੀ ਤੇ ਉਨ੍ਹਾਂ ਆਪਣੇ ਭਤੀਜੇ ਜਸ਼ਨ ਵੱਲ ਇਸ਼ਾਰਾ ਕੀਤਾ। ਫਿਰ ਚੰਨੀ ਦੇ ਭਤੀਜੇ ਜਸ਼ਨ ਨੇ ਦਸਤਾਵੇਜ਼ ਦੇਖੇ ਤੇ ਕਿਹਾ '2 ਦਿਉ' ਜਿਸ ਦਾ ਮਤਲਬ ਸੀ 2 ਕਰੋੜ ਰੁਪਏ ਦਿਉ। ਜੱਸ ਇੰਦਰ ਨੇ ਤਤਕਾਲੀ ਸੀਐੱਮ 'ਤੇ ਬਦਸਲੂਕੀ ਕਰਨ ਦੇ ਵੀ ਦੋਸ਼ ਲਗਾਏ। ਜੱਸ ਇੰਦਰ ਦੇ ਪਿਤਾ ਨੂੰ ਵੀ ਬੇਇੱਜ਼ਤ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਚੰਨੀ ਨੇ ਕਿਹਾ- ਤੇਰਾ ਮੁੰਡਾ ਬਹੁਤ ਓਲੰਪਿਕ ਖੇਡਿਆ ਜਿਹੜਾ ਨੌਕਰੀ ਦੇ ਦਿਆਂ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਜਸ਼ਨ ਖਿਲਾਫ਼ ਕਾਰਵਾਈ ਹੋਵੇਗੀ। ਮੁੱਖ ਮੰਤਰੀ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਜੱਸ ਇੰਦਰ ਸਪੋਰਟਸ ਕੋਟੇ ਲਈ ਐਲਿਜੀਬਲ ਸੀ ਤੇ ਉਸ ਨੂੰ ਨੌਕਰੀ ਜ਼ਰੂਰ ਮਿਲੇਗੀ। ਉਨ੍ਹਾਂ ਦੱਸਿਆ ਕਿ ਜੱਸ ਇੰਦਰ ਪੰਜਾਬ ਦੀ ਰਣਜੀ ਟੀਮ ਦਾ ਪਲੇਅਰ ਸੀ। ਉਹ ਸਪਿੰਨ ਗੇਂਦਬਾਜ਼ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਮਾਨ ਨੇ ਚੰਨੀ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਉਨ੍ਹਾਂ ਨੂੰ 31 ਮਈ ਨੂੰ ਦੁਪਹਿਰ 2 ਵਜੇ ਤਕ ਮੌਕਾ ਦੇਣਗੇ ਕਿ ਉਹ ਉਨ੍ਹਾਂ ਦੇ ਭਤੀਜੇ ਵੱਲੋਂ ਨੌਕਰੀ ਲਈ ਖਿਡਾਰੀ ਤੋਂ ਰਿਸ਼ਵਤ ਮੰਗਣ ਬਾਰੇ ਸਾਰੀ ਜਾਣਕਾਰੀ ਜਨਤਕ ਕਰ ਦੇਣ। ਜੇਕਰ ਉਹ ਅਜਿਹਾ ਕਰਨ 'ਚ ਅਸਫਲ ਰਹਿੰਦੇ ਹਨ ਤਾਂ 31 ਮਈ ਨੂੰ ਮਾਨ ਖ਼ੁਦ ਦੁਪਹਿਰ 2 ਵਜੇ ਫੋਟੋ ਤੇ ਨਾਂ ਜਨਤਕ ਕਰਨਗੇ। ਉਧਰ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਇਸ ਮਾਮਲੇ 'ਤੇ ਪਲਟਵਾਰ ਕਰਦਿਆਂ ਕਿਹਾ ਸੀ ਕਿ 31 ਮਈ ਤਕ ਇੰਤਜ਼ਾਰ ਕਰਨ ਦੀ ਲੋੜ ਨਹੀਂ, ਜੇਕਰ ਨਾਂ ਹੈ ਤਾਂ ਜਨਤਕ ਕੀਤਾ ਜਾਵੇ। ਚੰਨੀ ਨੇ ਕਿਹਾ ਸੀ ਕਿ ਇਹ ਦੋਸ਼ ਬੇਬੁਨਿਆਦ ਹਨ। ਹੋ ਸਕਦਾ ਹੈ ਕਿ ਕਿਸੇ ਖਿਡਾਰੀ ਨੇ ਉਂਝ ਹੀ ਫੋਟੋ ਕਲਿੱਕ ਕਰਵਾਈ ਹੋਵੇ।

ਇਸ ਦੌਰਾਨ ਮੁੱਖ ਮੰਤਰੀ ਦਫ਼ਤਰ ਦੇ ਸੂਤਰਾਂ ਅਨੁਸਾਰ ਇਹ ਮਾਮਲਾ ਜਲਦੀ ਹੀ ਵਿਜੀਲੈਂਸ ਨੂੰ ਸੌਂਪ ਦਿੱਤਾ ਜਾਵੇਗਾ ਤਾਂ ਜੋ ਇਹ ਸਾਹਮਣੇ ਆ ਸਕੇ ਕਿ ਰਿਸ਼ਵਤਖੋਰੀ ਵਿਚ ਚੰਨੀ ਤੇ ਉਨ੍ਹਾਂ ਦੇ ਭਤੀਜੇ ਦੀ ਕੋਈ ਗੰਢਤੁੱਪ ਹੈ। ਜ਼ਿਕਰਯੋਗ ਹੈ ਕਿ ਅੰਤਰਰਾਸ਼ਟਰੀ ਕ੍ਰਿਕਟ 'ਚ ਤੇਜ਼ ਗੇਂਦਬਾਜ਼ ਵਜੋਂ ਆਪਣੀ ਪਛਾਣ ਬਣਾਉਣ ਵਾਲੇ ਪੰਜਾਬ ਦੇ ਇਸ ਕ੍ਰਿਕਟਰ ਨੇ ਦੋਸ਼ ਲਾਇਆ ਸੀ ਕਿ ਨੌਕਰੀ ਦਿਵਾਉਣ ਦੇ ਬਦਲੇ ਉਸ ਤੋਂ ਦੋ ਕਰੋੜ ਰੁਪਏ ਦੀ ਰਿਸ਼ਵਤ ਮੰਗੀ ਗਈ ਸੀ। ਸੀਐੱਮ ਮਾਨ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਭਤੀਜੇ ਵੱਲੋਂ ਸੂਬੇ ਦੇ ਇਕ ਕ੍ਰਿਕਟਰ ਤੋਂ ਦੋ ਕਰੋੜ ਰੁਪਏ ਦੀ ਰਿਸ਼ਵਤ ਮੰਗਣ ਦੇ ਮਾਮਲੇ ਦੀ ਜਲਦੀ ਹੀ ਜਾਂਚ ਵਿਜੀਲੈਂਸ ਨੂੰ ਸੌਂਪਣ ਦੇ ਸੰਕੇਤ ਦੇ ਚੁੱਕੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੰਭਵ ਹੈ ਕਿ ਚੰਨੀ ਦੇ ਭਾਣਜੇ ਤੇ ਭਤੀਜੇ ਉਨ੍ਹਾਂ ਨੂੰ ਦੱਸੇ ਬਿਨਾਂ ਅਜਿਹੇ ਕੰਮ ਕਰਦੇ ਰਹੇ ਹੋਣ, ਤਾਂਹੀ ਤਾਂ ਉਨ੍ਹਾਂ ਦੇ ਘਰੋਂ 8-8 ਕਰੋੜ ਰੁਪਏ ਨਿਕਲਦੇ ਰਹੇ ਹਨ।

*ਪੰਜਾਬ ਮੰਤਰੀ ਮੰਡਲ ਦਾ ਵਿਸਥਾਰ*

# ਖੁੱਡੀਆਂ ਖੇਤੀ ਤੇ ਬਲਕਾਰ ਸਿੰਘ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਣੇ





ਚੰਡੀਗੜ੍ਹ : ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਆਪਣੇ ਮੰਤਰੀ ਮੰਡਲ ਦਾ ਅੱਜ ਵਿਸਥਾਰ ਕਰਦਿਆਂ 'ਆਪ' ਵਿਧਾਇਕਾਂ ਗੁਰਮੀਤ ਸਿੰਘ ਖੁੱਡੀਆਂ ਅਤੇ ਬਲਕਾਰ ਸਿੰਘ ਨੇ ਸੂਬੇ ਦੇ ਨਵੇਂ ਮੰਤਰੀਆਂ ਵਜੋਂ ਸਹੁੰ ਚੁੱਕਾਈ ਗਈ ਹੈ। ਪੰਜਾਬ ਦੇ ਰਾਜਪਾਲ ਬਨਵਾਰੀਲਾਲ ਪੁਰੋਹਿਤ ਨੇ ਇੱਥੇ ਰਾਜ ਭਵਨ ਵਿਖੇ ਨਵੇਂ ਮੰਤਰੀਆਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। 60 ਸਾਲਾ ਖੁੱਡੀਆਂ ਮੁਕਤਸਰ ਦੀ ਲੰਬੀ ਸੀਟ ਤੋਂ ਵਿਧਾਇਕ ਹਨ ਜਦਕਿ 60 ਸਾਲਾ ਬਲਕਾਰ ਸਿੰਘ ਜਲੰਧਰ ਦੀ ਕਰਤਾਰਪੁਰ ਰਾਖਵੀਂ ਸੀਟ ਤੋਂ ਵਿਧਾਇਕ ਹਨ। ਉਹ ਸਾਬਕਾ ਪੁਲੀਸ ਅਧਿਕਾਰੀ ਹਨ ਤੇ ਸੇਵਾਮੁਕਤ ਹੋਣ ਤੋਂ ਬਾਅਦ 2021 ਵਿੱਚ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋਏ ਸਨ। ਉਹ ਪਹਿਲੀ ਵਾਰ ਵਿਧਾਇਕ ਬਣੇ ਹਨ।

ਅਹੁਦੇ ਦੀ ਸਹੁੰ ਚੁੱਕਣ ਤੋਂ ਬਾਅਦ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਆਪਣੀ ਟੀਮ ਵਿਚ ਸ਼ਾਮਲ ਕਰਨ ਲਈ ਉਨ੍ਹਾਂ ਦਾ ਧੰਨਵਾਦ ਕਰਦੇ ਹਨ। ਲੰਬੀ ਹਲਕੇ ਦੇ ਲੋਕਾਂ ਸਦਕਾ ਹੀ ਉਹ ਇਥੋਂ ਤਕ ਪਹੁੰਚੇ ਹਨ। ਖੁੱਡੀਆਂ ਨੇ ਕਿਹਾ ਕਿ ਪੂਰੀ ਈਮਾਨਦਾਰੀ ਰੱਖਣਾ ਸਾਡਾ ਫਰਜ਼ ਹੈ ਅਤੇ ਉਹ ਇਸ ਫਰਜ਼ 'ਤੇ ਖਰਾ ਉਤਰਕੇ ਵਿਖਾਉਣਗੇ। ਮੁੱਖ ਮੰਤਰੀ ਵਲੋਂ ਜਿਹੜੀ ਵੀ ਜ਼ਿੰਮੇਵਾਰੀ ਸਾਨੂੰ ਸੌਂਪੀ ਜਾਵੇਗੀ ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਖੁੱਡੀਆਂ ਨੇ ਕਿਹਾ ਕਿ ਉਨ੍ਹਾਂ ਨੂੰ ਕਿਹੜੇ ਵਿਭਾਗ ਦੀ ਜ਼ਿੰਮੇਵਾਰੀ ਸੌਂਪੀ ਜਾਣੀ ਹੈ ਫਿਲਹਾਲ ਇਸ ਬਾਰੇ ਅਜੇ ਤਕ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਪਰ ਉਨ੍ਹਾਂ ਨੂੰ ਜਿਹੜੀ ਵੀ ਜ਼ਿੰਮੇਵਾਰੀ ਮਿਲੇਗੀ ਉਸ ਨੂੰ ਉਹ ਪੂਰੀ ਤਨਦੇਹੀ ਤੇ ਸ਼ਿੱਦਤ ਨਾਲ ਨਿਭਾਉਣਗੇ। ਖੁੱਡੀਆਂ ਨੇ ਕਿਹਾ ਕਿ ਜ਼ਿੰਮੇਵਾਰੀ ਬਹੁਤ ਵੱਡੀ ਹੈ ਪਰ ਜ਼ਿੰਮੇਵਾਰੀਆਂ ਬੰਦੇ ਵੀ ਨਿਭਾਉਂਦੇ ਹਨ, ਅਸੀਂ ਬਾਖਾਬੂ ਨਿਭਾਵਾਂਗੇ।

ਇਸ ਦੌਰਾਨ ਨਵੇਂ ਬਣੇ ਮੰਤਰੀ ਬਲਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਜਿਹੜੀ ਵੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਜਾਵੇਗੀ ਉਹ ਈਮਾਨਦਾਰੀ ਨਾਲ ਨਿਭਾਉਣਗੇ। ਜਲੰਧਰ ਦੀ ਜ਼ਿਮਨੀ ਚੋਣ ਵਿਚ ਸਾਰੀ ਪਾਰਟੀ ਨੇ ਬਹੁਤ ਮਿਹਨਤ ਕੀਤੀ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਪਾਰਟੀ ਨੇ ਚੰਗਾ ਕੰਮ ਕੀਤਾ ਅਤੇ ਜਲੰਧਰ ਦੇ ਲੋਕਾਂ ਵਲੋਂ ਵਧਾਏ ਗਏ ਹੌਂਸਲੇ ਸਦਕਾ ਹੀ ਇਥੇ ਤਕ ਪਹੁੰਚ ਸਕੇ ਹਾਂ। ਪੰਜਾਬ ਸਰਕਾਰ ਦੋਆਬੇ ਵਿਚ ਹਰ ਪਹਿਲੂ ਤੋਂ ਕੰਮ ਕਰ ਰਹੀ ਹੈ। ਜਿਸ ਤਰ੍ਹਾਂ ਲੋਕਾਂ ਨੇ ਸਹਿਯੋਗ ਦਿੱਤਾ ਹੈ ਕੰਮ ਵੀ ਉਸੇ ਤਰ੍ਹਾਂ ਡੱਟ ਕੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਿਗਮ ਚੋਣਾਂ ਵਿਚ ਵੀ ਚੰਗੇ ਉਮੀਦਵਾਰ ਅੱਗੇ ਲਿਆਂਦੇ ਜਾਣਗੇ।

# ਦਰਬਾਰ ਸਾਹਿਬ ਨੇੜੇ ਬੰਬ ਧਮਾਕੇ ਕਰਨ ਵਾਲੇ ਦੋਸ਼ੀਆਂ ਨੂੰ ਸਰਾਂ 'ਚ ਕਮਰਾ ਸ਼੍ਰੋਮਣੀ ਕਮੇਟੀ ਦੇ ਕਿਸ ਅਧਿਕਾਰੀ ਨੇ ਦਿਵਾਇਆ ਸੀ ? : ਫ਼ੈਡਰੇਸ਼ਨ ਭਿੰਡਰਾਂਵਾਲਾ

*ਦੋਸ਼ੀਆਂ ਦੀ ਮਨਸ਼ਾ ਤੇ ਲੁਕਵੇਂ ਬੰਦੇ ਵੀ ਨਸ਼ਰ ਕੀਤੇ ਜਾਣ*



ਅੰਮ੍ਰਿਤਸਰ : ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲਾ ਦੇ ਪ੍ਰਧਾਨ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਅਤੇ ਮੀਤ ਪ੍ਰਧਾਨ ਭਾਈ ਭੁਪਿੰਦਰ ਸਿੰਘ ਛੇ ਜੂਨ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਹੋਏ ਬੰਬ ਧਮਾਕੇ ਕਿਸੇ ਡੂੰਘੀ ਸਾਜਿਸ਼ ਦਾ ਸੰਕੇਤ ਸਨ ਜਿਨ੍ਹਾਂ ਦੀ ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ। ਇਸ ਕਾਂਡ ਪਿੱਛੇ ਜਿਨ੍ਹਾਂ ਦਾ ਲੁਕਵਾਂ ਹੱਥ ਹੈ ਉਹ ਬੰਦੇ ਵੀ ਨਸ਼ਰ ਹੋਣੇ ਚਾਹੀਦੇ ਹਨ। ਇਹਨਾਂ ਬੰਬ ਧਮਾਕਿਆਂ ਦੇ ਦੋਸ਼ ਵਿੱਚ ਫੜੇ ਗਏ ਨੌਜਵਾਨਾਂ ਕਾਰਨ ਪੂਰੀ ਸਿੱਖ ਕੌਮ ਨੂੰ ਸ਼ਰਮਸਾਰ ਹੋਣਾ ਪਿਆ ਹੈ। ਫ਼ੈਡਰੇਸ਼ਨ ਆਗੂਆਂ ਨੇ ਕਿਹਾ ਕਿ ਪੁਲਿਸ ਇਹਨਾਂ ਬੰਬ ਧਮਾਕਿਆਂ ਦੇ ਦੋਸ਼ੀਆਂ ਨੂੰ ਫੜਨ ਵਿੱਚ ਬਿਲਕੁਲ ਵੀ ਗੰਭੀਰ ਨਹੀਂ ਸੀ ਕਿਉਂਕਿ ਸਰਕਾਰ ਚਾਹੁੰਦੀ ਸੀ ਕਿ ਜੂਨ 1984 ਦੇ ਘੱਲੂਘਾਰੇ ਦੀ 39ਵੀਂ ਵਰ੍ਹੇਗੰਢ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸ਼ਹਿਰ ਅਤੇ ਪੂਰੇ ਪੰਜਾਬ ਵਿੱਚ ਦਹਿਸ਼ਤ ਦਾ ਮਾਹੌਲ ਬਣਿਆ ਰਹੇ। ਉਹਨਾਂ ਕਿਹਾ ਕਿ ਇਹ ਵੀ ਸੱਚਾਈ ਸਾਹਮਣੇ ਆਉਣੀ ਚਾਹੀਦੀ ਹੈ ਕਿ ਇਹਨਾਂ ਨੌਜਵਾਨਾਂ ਨੂੰ ਸ੍ਰੀ ਦਰਬਾਰ ਸਾਹਿਬ ਦੀਆਂ ਸਰਾਵਾਂ ਦੇ ਵਿੱਚ ਕਮਰੇ ਕਿਸ ਨੇ ਅਤੇ ਕਿਉਂ ਦਿਵਾਏ ਸਨ ? ਕੀ ਇਸ ਪਿੱਛੇ ਸ਼੍ਰੋਮਣੀ ਕਮੇਟੀ ਦਾ ਕੋਈ ਮੈਨੇਜਰ, ਐਡੀਸ਼ਨਲ ਮੈਨੇਜਰ, ਸਕੱਤਰ, ਮੈਂਬਰ ਜਾਂ ਸਰਕਾਰੀ ਅਧਿਕਾਰੀ ਜ਼ਿੰਮੇਵਾਰ ਹੈ ? ਉਸ ਬੰਦੇ ਦੀ ਘੋਖ ਕਰ ਕੇ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਪੰਥਕ ਗਲਿਆਰਿਆਂ ਵਿੱਚ ਚਰਚਾ ਚੱਲ ਰਹੀ ਹੈ ਕਿ ਉਹਨਾਂ ਦੋਸ਼ੀਆਂ ਨੂੰ ਸ੍ਰੀ ਗੁਰੂ ਰਾਮ ਦਾਸ ਸਰਾਂ 'ਚ ਕਮਰਾ ਦਿਵਾਉਣ ਵਾਲਾ ਇੱਕ ਸ਼ ?ੋਮਣੀ ਕਮੇਟੀ ਦਾ ਸੀਨੀਅਰ ਅਧਿਕਾਰੀ ਸੀ ਉਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਪੱਸ਼ਟ ਕਰਨ ਤੇ ਬਾਦਲ ਦਲ ਵੱਲੋਂ ਥਾਪੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਇਸ ਮਾਮਲੇ ਨੂੰ ਵਿਚਾਰਨ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਸਗੋਂ ਇਹ ਗੱਲ ਵੀ ਸਾਹਮਣੇ ਆਉਣੀ ਚਾਹੀਦੀ ਹੈ ਕਿ ਵਿਰਾਸਤੀ ਮਾਰਗ ਅਤੇ ਸ੍ਰੀ ਦਰਬਾਰ ਸਾਹਿਬ ਦੇ ਐਨ ਨੇੜੇ ਪਾਰਕਿੰਗ ਵਿੱਚ ਬੰਬ ਧਮਾਕੇ ਕਰਨ ਵਾਲੇ ਇਨ੍ਹਾਂ ਦੋਸ਼ੀਆਂ ਦੀ ਅਸਲ ਮਨਸ਼ਾ ਕੀ ਸੀ, ਉਹ ਕਿਸ ਦੇ ਕਹਿਣ 'ਤੇ ਇਹ ਸਭ ਕੁੱਝ ਕਰ ਰਹੇ ਸਨ ਤੇ ਅਜੇ ਅਗਾਂਹ ਉਹਨਾਂ ਨੇ ਕੀ ਕਰਨਾ ਸੀ। ਫ਼ੈਡਰੇਸ਼ਨ ਚੀਫ਼ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਉਹਨਾਂ ਦੋਸ਼ੀਆਂ ਦੀ ਇਸ ਘਟੀਆ ਕਾਰਵਾਈ ਕਾਰਨ ਸ੍ਰੀ ਦਰਬਾਰ ਸਾਹਿਬ ਅਤੇ ਸੰਗਤਾਂ ਦਾ ਭਾਰੀ ਨੁਕਸਾਨ ਵੀ ਹੋ ਸਕਦਾ ਸੀ। ਇਸ ਹਮਲੇ ਨੂੰ ਲੈ ਕੇ ਸੰਗਤਾਂ ਬੇਹੱਦ ਚਿੰਤਤ ਅਤੇ ਨਿਰਾਸ਼ਾਜਨਕ ਹਨ, ਸਿੱਖ ਭਾਵਨਾਵਾਂ ਨੂੰ ਡੂੰਘੀ ਸੱਟ ਵੱਜੀ ਹੈ। ਇਸ ਪਿੱਛੇ ਜ਼ਰੂਰ ਕੋਈ ਸਰਕਾਰੀ ਏਜੰਸੀਆਂ ਦੀ ਵੀ ਤਾਰ ਜੁੜੀ ਹੋ ਸਕਦੀ ਹੈ। ਭਾਈ ਰਣਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਉਹਨਾਂ ਸੇਵਾਦਾਰਾਂ ਦੀ ਸ਼ਲਾਘਾ ਵੀ ਕੀਤੀ ਜਿਨ੍ਹਾਂ ਨੇ ਇਨ੍ਹਾਂ ਦੋਸ਼ੀਆਂ ਨੂੰ ਸੀ.ਸੀ.ਟੀ.ਵੀ. ਫੁਟੇਜ਼ ਰਾਹੀਂ ਲੱਭਣ ਵਿੱਚ ਸ਼ਾਨਦਾਰ ਰੋਲ ਨਿਭਾਇਆ ਤੇ ਪੁਲਿਸ ਕੋਲ ਫੜਾਇਆ, ਪਰ ਨਾਲ ਹੀ ਉਹਨਾਂ ਕਿਹਾ ਕਿ ਦੋਸ਼ੀਆਂ ਦੀ ਮਦਦ ਕਰਨ ਵਾਲੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਉੱਤੇ ਵੀ ਪੁਲਿਸ ਪ੍ਰਸ਼ਾਸਨ ਅਤੇ ਸ਼੍ਰੋਮਣੀ ਕਮੇਟੀ ਤੁਰੰਤ ਕਾਰਵਾਈ ਕਰੇ, ਉਸ ਨੂੰ ਹਰਗਿਜ਼ ਬਖ਼ਸ਼ਿਆ ਨਹੀਂ ਜਾਣਾ ਚਾਹੀਦਾ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਇਸ ਬਾਰੇ ਚੁੱਪ ਕਿਉਂ ਹੈ ? ਇਸ ਮਾਮਲੇ ਸਬੰਧੀ ਹੋਰ ਵੀ ਬਹੁਤ ਸਾਰੇ ਸਵਾਲ ਹਨ ਜਿਨ੍ਹਾਂ ਦਾ ਜਵਾਬ ਖ਼ਾਲਸਾ ਪੰਥ ਮੰਗਦਾ ਹੈ।

# ਪ੍ਰਵਾਸੀਓ, ਸਿਰ ਖੜ੍ਹੇ ਦਾ ਹੀ ਖਾਲਸਾ ਹੁੰਦਾ ਐ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268





ਸੁਰਜੀਤ ਪਾਤਰ ਦਾ ਇੱਕ ਸ਼ਿਅਰ ਹੈ–

**'ਪਿੰਡ ਜਿਨ੍ਹਾਂ ਦੇ ਗੱਡੇ ਚੱਲਣ**
**ਹੁਕਮ ਅਤੇ ਸਰਦਾਰੀ।**
**ਸ਼ਹਿਰ 'ਚ ਆ ਕੇ ਬਣ ਜਾਂਦੇ ਨੇ**
**ਬੱਸ ਦੀ ਇੱਕ ਸਵਾਰੀ '**

ਆਪਣਾ ਜੱਦੀ ਪੁਸ਼ਤੀ ਘਰ ਛੱਡ ਕੇ ਲਾਗੇ-ਚਾਗੇ ਦੇ ਸ਼ਹਿਰਾਂ ਵਿੱਚ ਜਾ ਵਸਿਆਂ ਨੂੰ ਹੀ ਪਿੰਡ ਵਾਲੇ 'ਬੱਸ ਦੀ ਸਵਾਰੀ' ਸਮਝਣ ਲੱਗ ਪੈਂਦੇ ਹਨ ਪਰ ਜਿਹੜੇ ਸਾਡੇ ਵਰਗੇ ਸੱਤ ਸਮੁੰਦਰੋਂ ਪਾਰ ਵਿਦੇਸ਼ੀਂ ਜਾ ਵਸਦੇ ਨੇ ਉਨ੍ਹਾਂ ਨੂੰ ਪਿੰਡ ਵਾਲੇ ਕਿਆ ਜਾਣਦੇ ਹੋਣਗੇ ? ਮੈਂ ਦੱਸਦਾ ਹਾਂ ਆਪਣਾ ਤਾਜ਼ਾ ਤਜ਼ਰਬਾ–

ਹੋਇਆ ਇੰਜ ਕਿ ਸਾਡੇ ਗੁਆਂਢੀ ਪਿੰਡ ਸ਼ੇਖੂ ਪੁਰ ਤੋਂ ਵੀਰ ਪਿਆਰਾ ਸਿੰਘ ਨਾਲ ਸਾਡੀ ਪਿਤਾ-ਪੁਰਖੀ ਦੋਸਤੀ ਹੈ। ਅਸੀਂ ਦੋਵੇਂ ਅਮਰੀਕਾ ਤੋਂ ਪਿੰਡ ਗਏ ਹੋਏ ਸਾਂ। ਸਾਡੇ ਲਾਗੇ ਦੇ ਹੀ ਪਿੰਡ ਸੋਇਤੇ ਉਸਦੇ ਸਹੁਰੇ ਪ੍ਰਵਾਰ ਨਾਲ ਵੀ ਮੇਰਾ ਸੁੱਖ-ਪਿਆਰ ਹੈ! ਵੀਰ ਪਿਆਰਾ ਸਿੰਘ ਦੇ ਬੱਚਿਆਂ ਦੇ ਪੰਜ ਮਾਮੇ ਹਨ, ਜਿਨ੍ਹਾਂ ਨੇ ਨਵਾਂ ਸ਼ਹਿਰ ਕੋਠੀਆਂ ਪਾ ਲਈਆਂ ਹਨ ਤੇ ਆਪੋ ਆਪਣੇ ਚੰਗੇ ਕਾਰੋਬਾਰ ਕਰਦੇ ਹਨ! ਇੱਕ ਡੀ.ਐਸ.ਪੀ ਹੈ ਇੱਕ ਨੇ ਐਮ.ਸੀ ਦੀ ਚੋਣ ਲੜੀ ਸੀ ਤੇ ਦੂਸਰੇ ਆਪੋ ਆਪਣੇ ਬੇਟਿਆਂ ਕੋਲ ਕੈਨੇਡਾ ਅਮਰੀਕਾ ਇੱਕ ਇੱਕ ਗੇੜਾ ਮਾਰ ਕੇ ਨਵੇਂ ਸ਼ਹਿਰ ਅਨੰਦ ਨਾਲ ਵਸਦੇ-ਰਸਦੇ ਹਨ। ਪੰਜੇ ਈ ਭਰਾ ਵੀਰ ਪਿਆਰਾ ਸਿੰਘ ਦਾ ਰੱਜ ਕੇ ਅਦਬ ਸਤਿਕਾਰ ਕਰਦੇ ਹਨ।

ਉਨ੍ਹਾਂ ਸੋਚਿਆ ਕਿ ਹੁਣ 'ਭਾਅ ਜੀ' ਬਾਹਰੋਂ ਆਇਆ ਹੋਇਆ ਐ ਸੋ ਪਿੰਡ ਜਾ ਕੇ ਸੁਖਮਨੀ ਸਾਹਿਬ ਦਾ ਪਾਠ ਕਰਾਈਏ ਨਾਲੇ ਸੰਗਤ ਦੀ ਲੰਗਰ ਪਾਣੀ ਨਾਲ ਟਹਿਲ ਸੇਵਾ ਕਰੀਏ! ਉਸ ਪ੍ਰੋਗਰਾਮ ਵਾਸਤੇ ਮੈਨੂੰ ਵੀ ਸੱਦਾ ਆਇਆ।

ਕਈ ਵਰ੍ਹਿਆਂ ਬਾਅਦ ਪਿੰਡ ਸੋਇਤੇ ਗਿਆ ਸਾਂ, ਇਸ ਕਰਕੇ ਪਿੰਡ 'ਚ ਵੜ ਕੇ ਮੈਂ ਇੱਕ ਹੱਟੀ ਵਾਲੇ ਤੋਂ ਪੁੱਛਿਆ ਕਿ ਜਿਹੜੇ ਡੀ.ਐਸ.ਪੀ ਸਾਹਬ ਨਵੇਂ ਸ਼ਹਿਰ ਰਹਿੰਦੇ ਆ, ਐਥੇ ਉਨ੍ਹਾਂ ਦਾ ਘਰ ਕਿੱਥੇ ਕੁ ਆ ਜੀ ?

ਦੁਕਾਨਦਾਰ ਤੇ ਉੱਥੇ ਅਖਬਾਰ ਪੜ੍ਹਨ ਬੈਠੇ ਦੋ ਬੰਦੇ ਹੋਰ ਮੇਰੇ ਵੱਲ੍ਹ ਐਦਾਂ ਦੇਖਣ ਲੱਗ ਪਏ ਜਿਵੇਂ ਮੈਂ ਗਲ੍ਹਤ ਪਿੰਡ ਆ ਵੜਿਆ ਹੋਵਾਂ! ਫਿਰ ਮੈਂ ਵੱਡੇ ਭਰਾ ਦਾ ਨਾਂ ਲੈਂਦਿਆਂ ਦੱਸਿਆ ਕਿ ਅੱਜ ਉਨ੍ਹਾਂ ਦੇ ਘਰ ਸੁਖਮਨੀ ਸਾਹਬ ਦੇ ਪਾਠ ਦਾ ਪ੍ਰੋਗਰਾਮ ਐ ਜੀ! ਸੁਖਮਨੀ ਸਾਹਬ ਦੇ ਪਾਠ ਦਾ ਨਾਂ ਸੁਣਕੇ ਉਹ ਤਿੰਨੇਂ ਜਣੇ 'ਕੱਠੇ ਈ ਬੋਲੇ- 'ਓ ਅੱਛਾ! ਤੁਸੀਂ 'ਨਿੰਦੇ ਕੇ ਘਰ' ਜਾਣਾ ਹੋਣਾ ਐਂ!!.. ਜੀ ਉਨ੍ਹਾਂ ਦਾ ਛੋਟਾ ਭਰਾ ਨਰਿੰਦਰ ਸਿੰਘ ਇੱਥੇ ਈ ਰਹਿੰਦਾ ਐ, ਉਹਦੇ ਘਰ ਪ੍ਰੋਗਰਾਮ ਰੱਖਿਆ ਹੋਇਐ ਅੱਜ !!'

ਇਹ ਦੱਸਕੇ ਉਨ੍ਹਾਂ 'ਚੋਂ ਇੱਕ ਜਣੇ ਨੇ ਮੈਨੂੰ ਗੁਰਦੁਆਰਾ ਸਾਹਿਬ ਨੂੰ ਜਾਂਦੀ ਗਲੀ ਦੇ ਰਾਹ ਪਾ ਦਿੱਤਾ!

ਸਮਾਗਮ ਵਿੱਚ ਜਾ ਕੇ ਜਦ ਮੈਂ ਸਟੇਜ ਤੋਂ ਬੋਲਦਿਆਂ ਕਿਹਾ ਕਿ ਗੁਰਮਤਿ ਪ੍ਰਚਾਰ ਤਾਂ ਮੈਥੋਂ ਪਹਿਲਾਂ ਭਾਈ ਸਾਹਬ ਨੇ ਕਰ ਦਿੱਤਾ ਐ, ਮੈਂ ਤਾਂ ਭਰਾਵੋ ਤੁਹਾਨੂੰ ਪ੍ਰਵਾਸੀਆਂ ਬਾਰੇ ਆਪਣਾ 'ਨਵਾਂ ਤਜ਼ਰਬਾ' ਹੀ ਦੱਸਣਾ ਐ! ਮੇਰੇ ਮੂੰਹੋਂ ਉਪਰੋਕਤ ਸਾਰਾ ਵੇਰਵਾ ਸੁਣਕੇ ਇਕੱਠ ਵਿੱਚ ਹਾਸੜ ਮਚ ਗਈ ਤੇ ਪਿੰਡ ਸੋਇਤੇ ਵਾਲਿਆਂ ਲਈ 'ਨਿੰਦਾ' ਛੋਟਾ ਵੀਰ ਨਰਿੰਦਰ ਸਿੰਘ ਵੀ ਆਪਣੇ ਸ਼ਹਿਰੀਏ ਭਰਾਵਾਂ ਵੱਲ੍ਹ ਦੇਖ ਕੇ ਮੁਸ਼ਕੜੀਏ ਹੱਸ ਰਿਹਾ ਸੀ! ਸਮਾਪਤੀ 'ਤੇ ਜਦ ਨਵੇਂ ਸ਼ਹਿਰੀਏ ਵੀਰਾਂ ਨੇ ਨੀਲੀ ਦਸਤਾਰ ਨਾਲ ਮੇਰਾ ਮਾਣ ਸਨਮਾਨ ਕੀਤਾ ਤਾਂ ਮੈਂ ਸਮਝ ਗਿਆ ਕਿ ਮੇਰੀ ਵਿਅੰਗਮਈ ਟਿੱਪਣੀ ਤੋਂ ਖ਼ੁਸ਼ ਨੇ ਸਾਰੇ!

# ਕੈਨੇਡਾ 'ਚ ਗੈਂਗਸਟਰ ਅਮਰਪ੍ਰੀਤ ਸਮਰਾ ਦੀ ਗੋਲੀਆਂ ਮਾਰ ਕੇ ਹੱਤਿਆ

### *ਵਿਆਹ ਸਮਾਗਮ 'ਚ ਭੰਗੜਾ ਪਾ ਕੇ ਨਿਕਲੇ ਗੈਂਗਸਟਰ 'ਤੇ ਹੋਇਆ ਹਮਲਾ*



ਵੈਨਕੂਵਰ : ਵੈਨਕੂਵਰ ਵਿਚ ਕਈ ਸਾਲਾਂ ਤੋਂ ਚੱਲ ਰਹੀ ਗੈਂਗਵਾਰ ਦਰਮਿਆਨ ਅੱਜ ਇੱਕ ਹੋਰ ਗੈਂਗਸਟਰ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਮਾਰੇ ਗਏ ਗੈਂਗਸਟਰ ਦੀ ਪਛਾਣ ਅਮਰਪ੍ਰੀਤ (ਚੱਕੀ) ਸਮਰਾ (28) ਵਜੋਂ ਹੋਈ ਹੈ। ਕਾਤਲਾਂ ਨੇ ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਕੁਝ ਦੂਰੀ 'ਤੇ ਜਾ ਕੇ ਆਪਣੀ ਕਾਰ ਨੂੰ ਅੱਗ ਲਾ ਦਿੱਤੀ। ਪੁਲੀਸ ਅਨੁਸਾਰ ਅਮਰਪ੍ਰੀਤ ਸਮਰਾ ਫਿਰੌਤੀਆਂ, ਡਕੈਤੀਆਂ ਅਤੇ ਅਗਵਾ ਆਦਿ ਕਈ ਜੁਰਮਾਂ ਵਿਚ ਸ਼ਾਮਲ ਸੀ। ਕੁਝ ਮਹੀਨੇ ਪਹਿਲਾਂ ਉਹ ਜੇਲ੍ਹ 'ਚੋਂ ਬਾਹਰ ਆਇਆ ਸੀ। ਮਈ 2021 ਵਿਚ ਮਾਰੇ ਗਏ ਜੇਲ੍ਹ ਅਫਸਰ ਬਿਕਰਮਦੀਪ ਰੰਧਾਵਾ ਦਾ ਘਰ ਅਮਰਪ੍ਰੀਤ ਸਮਰਾ ਦੇ ਗੁਆਂਢ ਵਿੱਚ ਹੋਣ ਕਰਕੇ ਪੁਲੀਸ ਨੂੰ ਸ਼ੱਕ ਸੀ ਕਿ ਉਸ ਦੇ ਕਤਲ ਪਿੱਛੇ ਸਮਰਾ ਦਾ ਹੀ ਹੱਥ ਸੀ। ਪੁਲੀਸ ਹੁਣ ਤਕ ਇਸ ਦੇ ਸਬੂਤ ਇਕੱਠੇ ਕਰ ਰਹੀ ਸੀ।

ਜਾਣਕਾਰੀ ਅਨੁਸਾਰ ਵੈਨਕੂਵਰ ਦੇ ਫਰੇਜ਼ਰ ਵਿਊ ਹਾਲ ਵਿਚ ਵਿਆਹ ਸਮਾਗਮ ਚੱਲ ਰਿਹਾ ਸੀ, ਜਿਸ ਵਿਚ ਅਮਰਪ੍ਰੀਤ ਸਮਰਾ ਤੇ ਉਸ ਦਾ ਵੱਡਾ ਭਰਾ ਰਵਿੰਦਰ ਸਮਰਾ ਸ਼ਾਮਲ ਸਨ। ਡੇਢ ਕੁ ਵਜੇ ਤਕ ਦੋਵੇਂ ਡੀਜੇ ਉਤੇ ਭੰਗੜਾ ਪਾ ਰਹੇ ਸਨ। ਕੁਝ ਮਿੰਟਾਂ ਬਾਅਦ ਜਿਵੇਂ ਹੀ ਅਮਰਪ੍ਰੀਤ ਸਮਰਾ ਹਾਲ 'ਚੋਂ ਬਾਹਰ ਨਿਕਲਿਆ ਤਾਂ ਕਿਸੇ ਨੇ ਉਸ ਉੱਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਉਸ ਦੀ ਮੌਕੇ 'ਤੇ ਮੌਤ ਹੋ ਗਈ। ਪੁਲੀਸ ਤਰਜਮਾਨ ਬੀਬੀ ਤਾਨੀਆ ਵਿੰਸਟਨ ਨੇ ਦੱਸਿਆ ਕਿ ਮੁੱਢਲੇ ਵੇਰਵਿਆਂ ਅਨੁਸਾਰ ਇਹ ਹੱਤਿਆ ਦੋ ਗਰੋਹਾਂ ਦੀ ਪੁਰਾਣੀ ਦੁਸ਼ਮਣੀ ਦਾ ਨਤੀਜਾ ਹੈ। ਬੀਬੀ ਤਾਨੀਆ ਨੇ ਵਿਆਹ ਵਿੱਚ ਸ਼ਾਮਲ ਵਿਅਕਤੀ ਦੇ ਹਵਾਲੇ ਨਾਲ ਦੱਸਿਆ ਕਿ ਕਤਲ ਕਰਨ ਤੋਂ ਬਾਅਦ ਇੱਕ ਹਮਲਾਵਰ ਹਾਲ ਦੇ ਅੰਦਰ ਆਇਆ ਤੇ ਭੰਗੜਾ ਬੰਦ ਕਰਨ ਲਈ ਕਿਹਾ। ਉਸ ਦੇ ਹੱਥ ਵਿਚ ਮਸ਼ੀਨ ਗੰਨ ਵੇਖ ਕੇ ਵਿਆਹ ਚ ਸ਼ਾਮਲ 50-60 ਲੋਕ ਭੱਜ ਕੇ ਕੰਧਾਂ ਓਹਲੇ ਜਾ ਲੁਕੇ। ਕਾਤਲ ਸਭ ਨੂੰ ਵੰਗਾਰਦੇ ਹੋਏ ਬੜੇ ਆਰਾਮ ਨਾਲ ਅੰਦਰੋਂ ਬਾਹਰ ਚਲਾ ਗਿਆ। ਉਸ ਤੋਂ ਕੁਝ ਮਿੰਟਾਂ ਬਾਅਦ ਸਰੀ ਤੇ ਡੈਲਟਾ ਵਿਚਲੀ ਸੜਕ ਉੱਤੇ ਕਾਰ ਨੂੰ ਅੱਗ ਲਾਈ ਗਈ। ਪੁਲੀਸ ਦਾ ਮੰਨਣਾ ਹੈ ਕਿ ਦੋਸ਼ੀਆਂ ਨੇ ਉਹੀ ਕਾਰ ਵਾਰਦਾਤ ਸਥਾਨ ਤੋਂ ਭੱਜਣ ਲਈ ਵਰਤੀ ਹੋਵੇਗੀ ਤੇ ਪਹਿਲਾਂ ਵਾਂਗ ਸਬੂਤ ਖਤਮ ਕਰਨ ਲਈ ਉਸ ਨੂੰ ਸਾੜ ਦਿੱਤਾ।

# ਹੁਸ਼ਿਆਰਪੁਰ ਦੇ ਜੰਮਪਲ ਚਮਨ ਲਾਲ ਬਣੇ ਬਰਮਿੰਘਮ ਦੇ ਲਾਰਡ ਮੇਅਰ

### *ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਦੇ ਸ਼ਹਿਰ ਦਾ ਪਹਿਲਾ ਭਾਰਤੀ-ਬਰਤਾਨਵੀ ਲਾਰਡ ਮੇਅਰ ਬਣ ਕੇ ਸਿਰਜਿਆ ਇਤਿਹਾਸ*



ਲੰਡਨ : ਪੰਜਾਬ ਦੇ ਜੰਮਪਲ ਚਮਨ ਲਾਲ ਨੇ ਬਰਮਿੰਘਮ ਦਾ ਪਹਿਲਾ ਭਾਰਤੀ-ਬਰਤਾਨਵੀ ਲਾਰਡ ਮੇਅਰ ਬਣ ਕੇ ਇਤਿਹਾਸ ਸਿਰਜ ਦਿੱਤਾ ਹੈ। ਇੰਗਲੈਂਡ ਦੇ ਵੈਸਟ ਮਿਡਲੈਂਡਜ਼ ਖੇਤਰ ਦੇ ਸ਼ਹਿਰ ਬਰਮਿੰਘਮ ਦੇ ਕੌਂਸਲਰਾਂ ਨੇ ਚਮਨ ਲਾਲ ਨੂੰ ਕੌਂਸਲ ਦੀ ਅਗਵਾਈ ਲਈ ਚੁਣਿਆ ਹੈ। ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਪੱਖੋਵਾਲ ਪਿੰਡ 'ਚ ਜਨਮੇ ਚਮਨ ਬਰਤਾਨਵੀ ਸਿੱਖਾਂ ਦੇ ਰਵਿਦਾਸੀਆ ਭਾਈਚਾਰੇ ਨਾਲ ਸਬੰਧ ਰੱਖਦੇ ਹਨ। ਯੂਕੇ ਜਾਣ ਤੋਂ ਬਾਅਦ ਉਹ ਕਈ ਸਾਲਾਂ ਤੱਕ ਸਥਾਨਕ ਕੌਂਸਲ ਦੇ ਮੈਂਬਰ (ਕੌਂਸਲਰ) ਰਹੇ ਹਨ। ਲੇਬਰ ਪਾਰਟੀ ਨਾਲ ਜੁੜੇ ਚਮਨ ਪਹਿਲੀ ਵਾਰ 1994 ਵਿਚ ਚੁਣੇ ਗਏ ਸਨ ਤੇ ਹਾਲ ਹੀ ਵਿਚ ਹੋਈਆਂ ਸਥਾਨਕ ਚੋਣਾਂ 'ਚ ਉਹ ਮੁੜ ਸੋਹੋ ਤੇ ਜਿਊਲਰੀ ਕੁਆਰਟਰ ਵਾਰਡ ਤੋਂ ਕੌਂਸਲਰ ਚੁਣੇ ਗਏ ਸਨ। ਮੇਅਰ ਬਣਨ ਮੌਕੇ ਹੋਏ ਸਮਾਰੋਹ ਵਿਚ ਉਨ੍ਹਾਂ ਕਿਹਾ ਕਿ, 'ਇਹ ਮੇਰੇ ਤੇ ਮੇਰੇ ਪਰਿਵਾਰ ਲਈ ਬੜੇ ਮਾਣ ਵਾਲੀ ਗੱਲ ਹੈ, ਨਾ ਸਿਰਫ ਭਾਰਤ ਵਿਚ ਜਨਮੇ ਇਕ ਫ਼ੌਜੀ ਅਧਿਕਾਰੀ ਦੇ ਬੇਟੇ ਵਜੋਂ, ਪਰ ਬਰਮਿੰਘਮ ਵਿਚ ਇੱਥੋਂ ਤੱਕ ਪਹੁੰਚਣ ਵਜੋਂ ਵੀ।' ਚਮਨ ਲਾਲ ਨੇ ਕਿਹਾ ਕਿ ਉਨ੍ਹਾਂ ਕਦੇ ਨਹੀਂ ਸੋਚਿਆ ਸੀ ਕਿ ਇਕ ਦਿਨ ਉਹ ਬਰਮਿੰਘਮ ਦੇ ਲਾਰਡ ਮੇਅਰ ਬਣਨਗੇ। ਉਨ੍ਹਾਂ ਇਸ ਮੌਕੇ ਸਾਥੀ ਕੌਂਸਲਰਾਂ ਤੇ ਸ਼ਹਿਰ ਵਾਸੀਆਂ ਦਾ ਧੰਨਵਾਦ ਕੀਤਾ। ਬਰਮਿੰਘਮ ਸਿਟੀ ਕੌਂਸਲ ਮੁਤਾਬਕ ਚਮਨ ਲਾਲ ਦੇ ਪਿਤਾ ਸਰਦਾਰ ਹਰਨਾਮ ਸਿੰਘ ਬੰਗਾ ਬਰਤਾਨਵੀ-ਭਾਰਤੀ ਫ਼ੌਜ ਦੇ ਅਧਿਕਾਰੀ ਸਨ ਜਿਨ੍ਹਾਂ ਦੂਜੀ ਵਿਸ਼ਵ ਜੰਗ ਵਿਚ ਸੇਵਾਵਾਂ ਦਿੱਤੀਆਂ। ਚਮਨ ਲਾਲ ਦੇ ਪਿਤਾ 1954 ਵਿਚ ਇੰਗਲੈਂਡ ਆ ਗਏ ਤੇ ਬਰਮਿੰਘਮ 'ਚ ਵਸ ਗਏ। ਇਸ ਤੋਂ ਬਾਅਦ ਉਨ੍ਹਾਂ ਕਈ ਤਰ੍ਹਾਂ ਦੀਆਂ ਉਦਯੋਗਿਕ ਇਕਾਈਆਂ ਵਿਚ ਕੰਮ ਕੀਤਾ ਜਿਸ ਵਿਚ ਸਟੀਲ ਫੈਕਟਰੀ (ਬ੍ਰਿਟਿਸ਼ ਸਟੀਲ) ਦਾ ਕੰਮ ਵੀ ਸ਼ਾਮਲ ਸੀ। ਚਮਨ ਲਾਲ ਮਾਂ ਜੈ ਕੌਰ ਨਾਲ 1964 ਵਿਚ ਆਪਣੇ ਪਿਤਾ ਕੋਲ ਇੰਗਲੈਂਡ ਪਹੁੰਚੇ ਸਨ। ਉਨ੍ਹਾਂ ਸੈਕੰਡਰੀ ਤੱਕ ਦੀ ਪੜ੍ਹਾਈ ਵਾਟਵਿਲੇ ਮੌਡਰਨ ਸਕੂਲ ਤੋਂ ਕੀਤੀ। ਇਸ ਤੋਂ ਬਾਅਦ ਉਹ ਸੈਂਡਵੈੱਲ ਤੇ ਮੈਥਿਊ ਬੋਲਟਨ ਕਾਲਜ ਵਿਚ ਸ਼ਾਮ ਦੀਆਂ ਕਲਾਸਾਂ ਵੀ ਲਾਉਂਦੇ ਰਹੇ। ਸਿਟੀ ਕੌਂਸਲ ਮੁਤਾਬਕ ਚਮਨ ਲਾਲ ਲਗਾਤਾਰ ਸਿੱਖਦੇ ਰਹੇ ਤੇ ਪੜ੍ਹਾਈ ਜਾਰੀ ਰੱਖੀ। ਉਨ੍ਹਾਂ ਸਥਾਨਕ ਪੌਲੀਟੈਕਨਿਕ ਤੋਂ ਅਰਥਸ਼ਾਸਤਰ ਤੇ ਲਾਅ ਦੇ ਪਾਰਟ-ਟਾਈਮ ਡਿਗਰੀ ਕੋਰਸ ਵੀ ਕੀਤੇ। ਮਗਰੋਂ ਉਨ੍ਹਾਂ ਇਲੈਕਟ੍ਰੌਨਿਕਸ ਇੰਜਨੀਅਰ ਦੀ ਯੋਗਤਾ ਹਾਸਲ ਕੀਤੀ ਤੇ ਇਕ ਇਲੈਕਟ੍ਰੌਨਿਕਸ ਕੰਪਨੀ ਦੇ ਸਰਵਿਸ ਵਿਭਾਗ 'ਚ ਸਭ ਤੋਂ ਘੱਟ ਉਮਰ ਦੇ ਚੀਫ ਇੰਜਨੀਅਰ ਬਣੇ। ਇਸੇ ਵਿਭਾਗ ਦੇ ਉਹ ਮਗਰੋਂ ਮੈਨੇਜਰ ਵੀ ਬਣੇ। ਉਨ੍ਹਾਂ ਮਗਰੋਂ ਆਪਣੇ ਕਾਰੋਬਾਰ ਵੀ ਸ਼ੁਰੂ ਕੀਤੇ। ਸੰਨ 1971 ਵਿਚ ਚਮਨ ਨੇ ਵਿਦਿਆਵਤੀ ਨਾਲ ਵਿਆਹ ਕਰਾਇਆ। ਜੋੜੇ ਦੇ ਤਿੰਨ ਧੀਆਂ ਤੇ ਦੋ ਪੁੱਤਰ ਹਨ। ਸਿਆਸਤ ਵਿਚ ਪੈਰ ਉਨ੍ਹਾਂ 1989 ਵਿਚ ਰੱਖਿਆ ਜਦ ਉਹ ਲੇਬਰ ਪਾਰਟੀ ਦੇ ਮੈਂਬਰ ਬਣੇ।

# ਕੈਨੇਡਾ: ਸਸਕੈਚਵਾਨ ਸੂਬੇ 'ਚ ਸਿੱਖਾਂ ਨੂੰ ਵਿਸ਼ੇਸ਼ ਮੌਕਿਆਂ 'ਤੇ ਬਿਨਾਂ ਹੈਲਮਟ ਮੋਟਰਸਾਈਕਲ ਚਲਾਉਣ ਦੀ ਪ੍ਰਵਾਨਗੀ

ਟੋਰਾਂਟੋ : ਸਰਕਾਰ ਨੇ ਕੈਨੇਡਾ ਦੇ ਸਸਕੈਚਵਾਨ ਸੂਬੇ ਵਿੱਚ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਨਗਰ ਕੀਰਤਨ ਤੇ ਰੈਲੀਆਂ ਸਣੇ ਹੋਰਨਾਂ ਵਿਸ਼ੇਸ਼ ਮੌਕਿਆਂ 'ਤੇ ਹੈਲਮਟ ਪਾਉਣ ਤੋਂ ਆਰਜ਼ੀ ਛੋਟ ਦਿੱਤੀ ਹੈ। ਸਰਕਾਰ ਨੇ ਇਹ ਫੈਸਲਾ ਅਜਿਹੇ ਮੌਕੇ ਲਿਆ ਹੈ ਜਦੋਂ ਬ੍ਰਿਟਿਸ਼ ਕੋਲੰਬੀਆ ਅਧਾਰਿਤ 'ਲੀਜੈਂਡਰੀ ਸਿੱਖ ਰਾਈਡਰਜ਼' ਨਾਂ ਦੇ ਮੋਟਰਸਾਈਕਲ ਗਰੁੱਪ ਨੇ ਸੂਬਾ ਸਰਕਾਰ ਅੱਗੇ ਤਜਵੀਜ਼ ਰੱਖੀ ਸੀ ਕਿ ਉਨ੍ਹਾਂ ਨੂੰ ਲੋਕ ਭਲਾਈ ਦੇ ਕੰਮਾਂ ਲਈ ਫੰਡ ਇਕੱਤਰ ਕਰਨ ਖਾਤਿਰ ਪੂਰੇ ਕੈਨੇਡਾ ਵਿੱਚ ਮੋਟਰਸਾਈਕਲ ਰੈਲੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇ। ਚੇਤੇ ਰਹੇ ਕਿ ਬ੍ਰਿਟਿਸ਼ ਕੋਲੰਬੀਆ, ਐਲਬਰਟਾ, ਮੈਨੀਟੋਬਾ ਤੇ ਓਂਟਾਰੀਓ ਸੂਬਿਆਂ ਵਿਚ ਧਾਰਮਿਕ ਕਾਰਨਾਂ ਕਰਕੇ ਜਿੱਥੇ ਪੱਗੜੀਧਾਰੀ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਮੌਕੇ ਹੈਲਮਟ ਪਾਉਣ ਤੋਂ ਮੁਕੰਮਲ ਛੋਟ ਹੈ, ਉਥੇ ਸਸਕੈਚਵਾਨ ਵਿੱਚ ਸੜਕਾਂ 'ਤੇ ਮੋਟਰਸਾਈਕਲ ਚਲਾਉਣ ਮੌਕੇ ਸਾਰਿਆਂ ਲਈ ਹੈਲਮਟ ਪਾਉਣਾ ਲਾਜ਼ਮੀ ਹੈ। ਸਬੰਧਤ ਮੰਤਰੀ ਡੌਨ ਮੌਰਗਨ ਨੇ ਕਿਹਾ, "ਮੋਟਰਸਾਈਕਲ ਸਵਾਰਾਂ ਦੀ ਸੁਰੱਖਿਆ ਲਈ ਹੈਲਮਟ ਲਾਜ਼ਮੀ ਹੈ।" ਸਸਕੈਚਵਾਨ ਸਰਕਾਰ ਵੱਲੋਂ ਜਾਰੀ ਰਿਲੀਜ਼ ਮੁਤਾਬਕ ਵਹੀਕਲ ਇਕੁਇਪਮੈਂਟ ਰੈਗੂਲੇਸ਼ਨਜ਼ ਵਿੱਚ ਕੀਤੀ ਸੋਧ ਆਰਜ਼ੀ ਹੈ ਤੇ ਇਹ ਸਿੱਖ ਮੋਟਰਸਾਈਕਲ ਸਵਾਰਾਂ ਨੂੰ ਬਿਨਾਂ ਹੈਲਮਟ ਵਹੀਕਲ ਚਲਾਉਣ ਦੀ ਮੁਕੰਮਲ ਛੋਟ ਨਹੀਂ ਦਿੰਦੀ। ਮੌਰਗਨ ਨੇ ਕਿਹਾ ਕਿ ਮੋਟਰਸਾਈਕਲ ਹੈਲਮਟ ਕਾਨੂੰਨ ਵਿੱਚ ਮੁਕੰਮਲ ਛੋਟ ਦੇਣ ਦੀ ਉਨ੍ਹਾਂ ਦੀ ਕੋਈ ਯੋਜਨਾ ਨਹੀਂ ਹੈ ਤੇ ਸਾਡੀ ਸਰਕਾਰ ਇਸ ਨੂੰ ਆਰਜ਼ੀ ਵਿਵਸਥਾ ਵਜੋਂ ਵੇਖਦੀ ਹੈ। ਮੰਤਰੀ ਨੇ ਕਿਹਾ ਕਿ ਛੋਟ ਬਾਰੇ ਸਸਕੈਚਵਾਨ ਗਵਰਨਮੈਂਟ ਇੰਸ਼ੋਰੈਂਸ (ਐਸਜੀਆਈ) ਵੱਲੋਂ ਲੋੜੀਂਦੀ ਪ੍ਰਵਾਨਗੀ ਦਿੱਤੀ ਜਾਵੇਗੀ ਤੇ ਇਹ ਛੋਟ ਸਿਰਫ ਸਿੱਖ ਭਾਈਚਾਰੇ ਦੇ ਪੱਗੜੀਦਾਰੀ ਮੈਂਬਰਾਂ ਨੂੰ ਮਿਲੇਗੀ, ਜੋ ਆਪਣੇ ਧਾਰਮਿਕ ਅਕੀਦੇ ਕਰਕੇ ਹੈਲਮਟ ਨਹੀਂ ਪਾ ਸਕਦੇ। ਲਰਨਿੰਗ ਲਾਇਸੈਂਸ ਵਾਲੇ ਮੁਸਾਫ਼ਰਾਂ ਜਾਂ ਸਵਾਰਾਂ ਨੂੰ ਇਸ ਛੋਟ ਦਾ ਲਾਭ ਨਹੀਂ ਮਿਲੇਗਾ।





*ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼*

# ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਜੀਵਨ ਦਰਸ਼ਨ

ਅਵਤਾਰ ਸਿੰਘ ਆਨੰਦ

ਪੰਚਮ ਪਾਤਸ਼ਾਹ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਪੈਦਾ ਹੋਏ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸਰੀਰਕ ਅਤੇ ਮਾਨਸਿਕ ਤੌਰ 'ਤੇ ਮਜ਼ਬੂਤ ਅਤੇ ਸ਼ਕਤੀਸ਼ਾਲੀ ਸੂਰਬੀਰ ਯੋਧੇ ਸਨ। ਜਿਨ੍ਹਾਂ ਨੇ ਆਪਣੇ ਦਮ 'ਤੇ ਮੁਗਲ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ। ਤਾਂ ਹੀ ਇਨ੍ਹਾਂ ਨੂੰ ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ' ਬੰਦੀ ਛੋੜ ਦਾਤਾ, ਮੀਰੀ ਪੀਰੀ ਦੇ ਮਾਲਕ ਆਦਿ ਕਈ ਨਾਵਾਂ ਨਾਲ ਸਤਿਕਾਰਿਆ ਜਾਂਦਾ ਹੈ।

ਪ੍ਰਿਥੀ ਚੰਦ ਤੋਂ ਸਰੀਰਕ ਦੂਰੀ ਬਣਾਉਂਦਿਆਂ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋ ਅੰਮ੍ਰਿਤਸਰ ਛੱਡ ਗੁਰੂ ਕੀ ਵਡਾਲੀ ਵਿਖੇ ਗ੍ਰਿਹਿ ਨਿਵਾਸ ਕਰਨ ਉਪਰੰਤ 1595 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਮਾਤਾ ਗੰਗਾ ਜੀ ਦੀ ਕੁੱਖੋਂ ਹੋਇਆ। ਪ੍ਰਿਥੀ ਚੰਦ ਤਾਂ ਪਹਿਲਾਂ ਹੀ ਨਹੀਂ ਸੀ ਚਾਹੁੰਦਾ ਕਿ ਗੁਰੂ ਅਰਜਨ ਦੇਵ ਜੀ ਦੇ ਘਰ ਕੋਈ ਪੁੱਤਰ ਜਨਮ ਲਵੇ। ਆਪਣੇ ਪੁੱਤਰ ਨੂੰ ਗੱਦੀ 'ਤੇ ਬਿਰਾਜਮਾਨ ਕਰਨ ਦੀ ਇੱਛਾ ਰੱਖਣ ਵਾਲੇ ਪ੍ਰਿਥੀ ਚੰਦ ਗੁਰੂ ਹਰਿਗੋਬਿੰਦ ਸਾਹਿਬ ਦੇ ਆਗਮਨ 'ਤੇ ਬਹੁਤਾ ਖੁਸ਼ ਨਹੀਂ ਸੀ। ਇਸੇ ਬਾਬਤ ਦੁੱਖੀ ਪ੍ਰਿਥੀ ਚੰਦ ਨੇ ਬਾਲ ਗੁਰੂ ਹਰਗੋਬਿੰਦ ਸਾਹਿਬ ਨੂੰ ਖ਼ਤਮ ਕਰਨ ਲਈ ਬੜੇ ਹੱਥ ਕੰਢੇ ਵਰਤੇ। ਬਾਲ ਅਵਸਥਾ ਵਿੱਚ ਹੀ ਗੁਰੂ ਸਾਹਿਬ ਨੂੰ ਦਾਈ ਰਾਹੀਂ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ; ਫਿਰ ਸੱਪ ਲੜਾਉਣ ਦੀ ਸਾਜ਼ਿਸ਼ ਕੀਤੀ ਪਰ ਸਫ਼ਲ ਕੋਈ ਨਾ ਹੋ ਸਕੀ।

**ਸਦਾ ਸਦਾ ਹਰਿ ਜਾਪੇ ॥ ਪ੍ਰਭ ਬਾਲਕ ਰਾਖੇ ਆਪੇ ॥**

ਪ੍ਰਿਥੀ ਚੰਦ ਅਜੇ ਵੀ ਨਹੀਂ ਸੀ ਟਲ ਰਿਹਾ। ਗੁਰੂ ਹਰਗੋਬਿੰਦ ਸਾਹਿਬ ਨੂੰ ਖ਼ਤਮ ਕਰਨ ਲਈ ਰਸੋਈਏ ਰਾਹੀਂ ਦਹੀਂ ਵਿੱਚ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ। ਬਾਲ ਗੁਰੂ ਨੇ ਦਹੀਂ ਤਾਂ ਨਾ ਖਾਧਾ ਪਰ ਰਸੋਈਆ ਢਿੱਡ ਵਿੱਚ ਸੂਲ ਹੋਣ ਕਰਕੇ ਮਰ ਗਿਆ। ਗੁਰੂ ਅਰਜਨ ਦੇਵ ਜੀ ਨੇ ਇਸ ਬਾਬਤ ਸ਼ਬਦ ਉਚਾਰਿਆ ।

**ਲੇਪੁ ਨ ਲਾਗੋ ਤਿਲ ਕਾ ਮੂਲਿ ॥**

**ਦੁਸਟੁ ਬ੍ਰਾਹਮਣੁ ਮੂਆ ਹੋਇ ਕੈ ਸੂਲ ॥**

ਆਪਣੇ ਪਿਤਾ ਪੰਚਮ ਪਾਤਸ਼ਾਹ ਦੀ ਸ਼ਹਾਦਤ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਸਿਰਫ਼ ਯਾਰਾਂ ਸਾਲ ਦੀ ਉਮਰ ਵਿੱਚ ਸਨ। ਛੋਟੀ ਉਮਰੇ ਭਾਰੀ ਜ਼ਿੰਮੇਵਾਰੀਆਂ ਨੇ ਗੁਰੂ ਸਾਹਿਬ ਅੰਦਰ ਜੀਵਨ ਜੀਣ ਦਾ ਸੰਕਲਪ ਪੈਦਾ ਕਰ ਦਿੱਤਾ। ਬਾਬਾ ਬੁੱਢਾ ਜੀ ਦੀ ਰਹਿਨੁਮਾਈ ਹੇਠ ਗੁਰੂ ਹਰਿਗੋਬਿੰਦ ਸਾਹਿਬ ਨੇ ਘੋੜ ਸਵਾਰੀ, ਨੇਜੇ ਬਾਜ਼ੀ, ਤੀਰ ਅੰਦਾਜੀ ਦੇ ਗੁਰ ਸਿੱਖਣ ਦੇ ਨਾਲ ਨਾਲ ਰਾਜਨੀਤੀ ਅਤੇ ਰਣਨੀਤੀ ਦੀ ਸਿਖਿਆ ਵੀਬਾਬਾ ਬੁੱਢਾ ਸਾਹਿਬ ਨੇ ਦਿੱਤੀ।

ਜਦੋਂ ਗੁਰੂ ਅਰਜਨ ਦੇਵ ਜੀ ਜਹਾਗੀਰ ਦੇ ਕਹਿਣ 'ਤੇ ਲਾਹੌਰ ਗਏ ਤਾਂ ਗੁਰੂ ਜੀ ਨੇ ਸੰਗਤਾਂ ਨੂੰ ਕਿਹਾ ਕਿ ਉਨ੍ਹਾਂ ਪਿੱਛੋਂ ਨਾਨਕ ਦੇਵ ਜੀ ਦੀ ਗੱਦੀ 'ਤੇ ਹਰਿਗੋਬਿੰਦ ਸਾਹਿਬ ਨੂੰ ਬਿਠਾਇਆ ਜਾਵੇ। ਸੋ 25 ਮਈ 1606 ਈ. ਐਤਵਾਰ ਜੇਠ ਵਦੀ 14 ਮਿਤੀ 28 ਜੇਠ ਸੰਮਤ 1663 ਬਿ: ਨੂੰ ਬਾਬਾ ਬੁੱਢਾ ਜੀ ਨੇ ਸ੍ਰੀ ਹਰਿਗੋਬਿੰਦ ਜੀ ਨੂੰ ਗੱਦੀ 'ਤੇ ਬਿਠਾ ਕੇ ਗੁਰਿਆਈ ਦਾ ਤਿਲਕ ਦਿੱਤਾ। ਉਸ ਵੇਲੇ ਗੁਰੂ ਹਰਿਗੋਬਿੰਦ ਜੀ ਦੀ ਉਮਰ 10 ਸਾਲ, 10 ਮਹੀਨੇ ਦੇ ਕਰੀਬ ਸੀ। ਗੁਰਿਆਈ ਦੀ ਗੱਦੀ 'ਤੇ ਬੈਠਣ ਲੱਗਿਆਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦੋ ਤਲਵਾਰਾਂ ਪਹਿਨੀਆਂ। ਉਨ੍ਹਾਂ ਫ਼ੁਰਮਾਇਆ ਕਿ ਅਸੀਂ ਇਹ ਦੋ ਤਲਵਾਰਾਂ ਆਕਾਲ ਪੁਰਖ ਦੀ ਆਗਿਆ ਅਨੁਸਾਰ ਹੀ ਪਹਿਨੀਆਂ ਹਨ, ਜਿਨ੍ਹਾਂ ਵਿੱਚ ਇਕ ਮੀਰੀ ਦੀ ਪ੍ਰਤੀਕ ਹੈ ਤੇ ਦੂਜੀ ਪੀਰੀ ਦੀ।

ਗੁਰੂ ਸਾਹਿਬ ਜੀ ਦੀ ਸ਼ਹਾਦਤ ਦਾ ਅਸਰ ਸਿੱਖਾਂ 'ਤੇ ਪੈਣ ਕਰਕੇ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖਾਂ ਨੂੰ ਸ਼ਸਤ੍ਰ ਧਾਰੀ ਹੋਣ ਦਾ ਹੁਕਮ ਕੀਤਾ ਅਤੇ ਸਿੱਧੇ ਰੂਪ 'ਚ ਜਹਾਗੀਰ ਦੀ ਜਾਲਮ ਰਾਜਨੀਤੀ ਨੂੰ ਲਲਕਾਰਿਆ। ਜਹਾਗੀਰ ਨੇ ਜਦੋਂ ਹੁਕਮ ਜਾਰੀ ਕੀਤਾ ਕੇ ਸਿਰਫ ਮੁਸਲਮਾਨ ਹੀ ਪਗੜੀ ਧਾਰੀ ਹੋਵੇਗਾ ਅਤੇ ਬਾਕੀ ਦੂਜੀ ਕੌਮ ਮੁਸਲਮਾਨਾਂ ਨੂੰ ਸੀਸ ਨਿਵਾ ਕੇ ਲੰਘੇਗੀ। ਇਹ ਗੱਲ ਪਾਤਸ਼ਾਹ ਨੂੰ ਚੰਗੀ ਨਾ ਲੱਗੀ। ਉਨ੍ਹਾਂ ਨੇ ਸਿੱਖ ਕੌਮ ਨੂੰ ਦਸਤਾਰ ਸਜਾ ਕੇ ਰਹਿਣ ਦਾ ਹੁਕਮ ਦਿੱਤਾ, ਜਿਸ ਨਾਲ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਜਹਾਗੀਰ ਨਾਲ ਸਬੰਧ ਵਿਗੜ ਗਏ। ਵਿਗੜੇ ਹੋਏ ਹਾਲਾਤ ਵੇਖ ਕੇ ਸਿੱਖ ਸੰਗਤਾਂ ਨਗਦ ਭੇਟਾ ਦੇਣ ਦੀ ਥਾਂ ਸ਼ਸਤ੍ਰ 'ਤੇ ਘੋੜੇ ਭੇਟਾ ਕਰਨ ਲੱਗ ਪਈਆਂ। ਮਾਝੇ, ਮਾਲਵੇ ਅਤੇ ਦੁਆਬੇ ਵਿਚੋਂ ਕੋਈ ਪੰਜ ਸੌ ਜਵਾਨ ਅੰਮ੍ਰਿਤਸਰ ਵਿੱਚ ਇਕੱਠੇ ਹੋ ਗਏ। ਅੰਮ੍ਰਿਤਸਰ ਸਿਖਾਂ ਦਾ ਕੇਂਦਰੀ ਅਸਥਾਨ ਹੋਣ ਕਰਕੇ ਸ੍ਰੀ ਹਰਮੰਦਰ ਸਾਹਿਬ ਦੇ ਸਾਹਮਣੇ 1609 ਵਿੱਚ ਸ੍ਰੀ ਅਕਾਲ ਤਖਤ ਦੀ ਉਸਾਰੀ ਕਰਵਾ ਕੇ ਸੂਰਮਿਆ ਵਿੱਚ ਬੀਰ-ਰਸ ਭਰਨ ਲਈ ਯੋਧਿਆਂ ਦੀਆਂ ਵਾਰਾਂ ਦਾ ਗਾਇਨ ਸ਼ੁਰੂ ਕੀਤਾ। ਵਾਰਾਂ ਗਾਉਣ ਵਾਲੇ ਪਹਿਲੇ ਪਹਿਲੇ ਢਾਡੀ ਦਾ ਨਾਮ ਅਬਦੁੱਲਾ ਸੀ। ਗੁਰੂ ਸਾਹਿਬ ਨੇ ਸਰੀਰਕ ਬਲਵਾਨਤਾ ਦੇ ਨਾਲ-ਨਾਲ ਸੈਨਿਕ ਸ਼ਕਤੀ ਨੂੰ ਮਜਬੂਤ ਕਰਨ ਲਈਪੂਰਾ ਧਿਆਨ ਦਿੱਤਾ। ਗੁਰੂ ਸਾਹਿਬ ਹਰੇਕ ਦੁਖੀ ਲੋੜਵੰਦ ਨੂੰ ਸ਼ਰਨ ਵਿੱਚ ਜਗ ?ਹਾ ਦਿੰਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ 1612 ਮਾਲਵੇ ਵਿਚ ਸਿੱਖੀ ਦਾ ਪ੍ਰਚਾਰ ਕਰਦਿਆਂ ਪੈਂਦੇ ਖਾਂ ਨੂੰ ਅਪਣਾਇਆ ਜਿਸ 'ਤੇ ਮੇਹਰ ਕਰਦਿਆਂ ਪੈਂਦੇ ਖਾਂ ਦਾ ਆਪਣੇ ਬੱਚਿਆ ਵਾਂਗ ਪਾਲਣ ਪੋਸ਼ਣ ਕੀਤਾ। 1613 ਵਿਚ ਬਾਬਾ ਗੁਰਦਿਤਾ ਜੀ ਦਾ ਜਨਮ ਡਰੌਲੀ ਵਿੱਚ ਹੋਇਆ।

ਅੰਮ੍ਰਿਤਸਰ ਸਿੱਖੀ ਦੇ ਧੁਰੇ ਵਜੋਂ ਵਿਕਸਤ ਹੋ ਚੁੱਕਾ ਸੀ। ਦੂਰ ਦੁਰਾਡੇ ਤੋਂ ਸੰਗਤਾਂ ਗੁਰੂ ਦੇ ਦਰਸ਼ਨ ਕਰਨ ਆਉਂਦੀਆਂ ਤਾਂ ਅੰਮ੍ਰਿਤਸਰ ਚ ਰੌਣਕ ਲੱਗੀ ਰਹਿੰਦੀ। ਸੰਗਤਾਂ ਦੀ ਪਾਣੀ ਦੀ ਲੋੜ ਪੂਰੀ ਕਰਨ ਲਈ ਰਾਮਸਰ, ਕੌਲਸਰ ਅਤੇ ਬਿਬੇਕਸਰ ਨਾਮ ਦੇ ਸਰੋਵਰ ਬਣਵਾਏ ਅਤੇ ਅੰਮ੍ਰਿਤਸਰ ਦੀ ਰੱਖਿਆ ਲਈ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਕਰਵਾਈ, ਉਥੇ ਜੰਗ ਨਾਲ ਸਬੰਧਤ ਸਾਮਾਨ ਰੱਖਿਆ ਗਿਆ। ਭਾਈ ਜੇਠਾ ਜੀ, ਭਾਈ ਲੰਗਾਹ ਜੀ, ਭਾਈ ਪਿਰਾਣਾ ਜੀ, ਭਾਈ ਬਿਧੀ ਚੰਦ ਜੀ ਤੇ ਭਾਈ ਪੈੜਾ ਜੀ ਹਰ ਵੇਲੇ ਬਾਹਰੀ ਹਮਲਿਆਂ ਤੋਂ ਗੁਰੂ ਜੀ ਨੂੰ ਜਾਣੂੰ ਕਰਵਾਈ ਰੱਖਦੇ। ਅੰਮ੍ਰਿਤਸਰ ਸਿੱਖਾਂ ਦਾ ਕੇਂਦਰ ਹੋਣ ਕਰਕੇ ਮੁਗਲ ਹਕੂਮਤ ਨੂੰਸਾਰੀ ਜਾਣਕਾਰੀ ਮਿਲ ਰਹੀ ਸੀ।

ਸ੍ਰੀ ਅਕਾਲ ਤਖਤ ਦੀ ਉਸਾਰੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਸੰਗਤਾਂ ਚ ਹਰਮਨ ਪਿਆਰੇ ਆਗੂ ਵਜੋਂ ਉਭਰੇ ਤਾਂ ਇਹ ਗੱਲ ਜਹਾਗੀਰ ਨੂੰ ਚੰਗੀ ਨਾ ਲੱਗੀ। ਸੱਤਾ ਦੇ ਨਸ਼ੇ ਵਿੱਚ ਚੂਰ ਮੁਗਲ ਸਰਕਾਰ ਨੇ 1612 'ਚ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਪਰ ਅੰਤ ਜਹਾਗੀਰ ਨੂੰ ਸੰਗਤਾਂ ਦੇ ਦਬਾਅ ਹੇਠ ਝੁਕਦਿਆਂ ਗੁਰੂ ਸਾਹਿਬ ਨੂੰ 52 ਰਾਜਿਆ ਸਮੇਤ ਰਿਹਾਅ ਕਰਨਾ ਪਿਆ।

ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜੀਵਨ ਕਾਲ ਵਿੱਚ ਚਾਰ ਜੰਗਾਂ ਲੜੀਆਂ ਤੇ ਇਨ੍ਹਾਂ ਚਾਰੇ ਜੰਗਾਂ ਦੇ ਜਰਨੈਲਾਂ ਨੂੰ ਆਪਣੇ ਹੱਥੀਂ ਮੌਤ ਦੇ ਘਾਟ ਉਤਾਰਿਆ। ਇਹ ਜੰਗ ਰਾਜਸੀ ਨਾ ਹੋ ਕੇ ਧਰਮ ਯੁੱਧ ਸੀ। ਪਹਿਲਾ ਅੰਮ੍ਰਿਤਸਰ, ਦੂਜਾ ਸ੍ਰੀ ਹਰਿਗੋਬਿੰਦਪੁਰ, ਤੀਜਾ ਗੁਰੂਸਰ ਮਹਿਰਾਜ ਦੇ ਸਥਾਨ 'ਤੇ ਅਤੇ ਚੌਥਾ ਜੰਗ ਕਰਤਾਰਪੁਰ ਨਗਰ ਵਿੱਚ ਹੋਇਆ।

1634 ਈ: ਵਿੱਚ ਸ਼ਾਹਜਹਾਂ ਦੇ ਸੈਨਾਪਤੀ ਗੁਲਾਮ ਰਸੂਲ ਖਾਂ ਅਤੇ ਮੁਖਲਿਸ ਖਾਂ ਅਤੇ ਸਿੱਖਾਂ ਵਿੱਚਕਾਰ ਬਾਜ਼ ਦੇ ਕਾਰਨ ਹੋਈ। ਜਿਸ ਵਿੱਚ ਗੁਰੂ ਜੀ ਦੀ ਜਿੱਤ ਹੋਈ। ਇਹ ਗੁਰੂ ਜੀ ਦੀ ਸ਼ਾਹਜਹਾਂ ਨਾਲ ਪਹਿਲੀ ਲੜਾਈ ਸੀ। 1635 ਈ: ਵਿੱਚ ਪੈਂਦੇ ਖਾਂ ਨੇ ਜਲੰਧਰ ਦੇ ਸੂਬੇਦਾਰ ਨਾਲ ਰਲ ਕੇਨਵਾਬ ਨੇ ਕਾਲੇ ਖਾਂ ਦੀ ਕਮਾਨ ਹੇਠ ਕਰਤਾਰਪੁਰ ਚ ਜੰਗ ਲੜੀ। ਇਸ ਜੰਗ 'ਚ 14 ਸਾਲ ਦੇ ਤੇਗ ਮੱਲ ( ਸ੍ਰੀ ਗੁਰੂ ਤੇਗ ਬਹਾਦਰ ਜੀ ) ਜੀ ਨੇ ਵੀ ਮੈਦਾਨੇ ਜੰਗ ਵਿੱਚ ਤੇਗ ਦੇ ਜੌਹਰ ਵਿਖਾਏ। ਪੈਂਦੇ ਖਾਂ ਨੂੰ ਗੁਰੂ ਸਾਹਿਬ ਨੇ ਇਸੇ ਮੈਦਾਨ ਵਿੱਚ ਮੌਤ ਦੇ ਘਾਟ ਉਤਾਰਿਆ।

ਸਾਰੀ ਉਮਰ ਸਿੱਖ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਦੱਸੇ ਰਾਹ 'ਤੇ ਤੁਰਨ ਲਈ ਪ੍ਰੇਰਿਤ ਕਰਦੇ ਰਹੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਅੰਤਿਮ ਦੱਸ ਸਾਲ ਕੀਰਤਪੁਰ ਸਾਹਿਬ ਵਿਖੇ ਬਤੀਤ ਕਿਤੇ। ਇਥੇ ਹੀ ਅੰਤਮ ਸਮਾਂ ਨੇੜੇ ਵੇਖ ਕੇ ਗੁਰੂ ਜੀ ਨੇ ਆਪਣੇ ਪੋਤਰੇ ਸ੍ਰੀ ਹਰਿਰਾਇ ਸਾਹਿਬ ਨੂੰ ਗੱਦੀ ਨਸ਼ੀਨ ਕਰਕੇ 1644 ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤਿ ਸਮਾ ਗਏ।

# ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ

ਸ਼ਮਸ਼ੇਰ ਸਿੰਘ ਜੇਠੂਵਾਲ

ਅੰਮ੍ਰਿਤਸਰ ਦੀ ਪਵਿੱਤਰ ਧਰਤੀ, ਜਿਸ ਨੂੰ ਗੁਰੂ ਨਗਰੀ ਹੋਣ ਦਾ ਮਾਣ ਪ੍ਰਾਪਤ ਹੈ। ਅੰਮ੍ਰਿਤਸਰ ਤੋਂ ਥੋੜੀ ਹੀ ਦੂਰ ਪਿੰਡ ਹੈ ਗੁਰੂ ਕੀ ਵਡਾਲੀ। ਇਸ ਪਿੰਡ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਘਰ ਅਤੇ ਮਾਤਾ ਗੰਗਾ ਜੀ ਦੀ ਕੁੱਖੋਂ ਪ੍ਰਕਾਸ਼ ਹਾੜ ਵਦੀ 7, 21 ਹਾੜ ਸੰਮਤ 1652 ਬਿਕ੍ਰਮੀ ਮੁਤਾਬਕ 19 ਜੂਨ 1595 ਈ ਨੂੰ ਜਨਮ ਲਿਆ। ਇਸੇ ਕਰਕੇ ਉਸ ਨਗਰ ਨੂੰ ਅੱਜ 'ਗੁਰੂ ਕੀ ਵਡਾਲੀ' ਕਿਹਾ ਜਾਂਦਾ ਹੈ।

ਸ੍ਰੀ ਗੁਰੂ ਅਰਜੁਨ ਦੇਵ ਜੀ ਨੇ ਬਚਪਨ ਤੋਂ ਹੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੂੰ ਬਾਣੀ ਪੜ੍ਹਨ ਅਤੇ ਵਿਦਿਆ ਸਿੱਖਣ ਲਈ ਬਾਬਾ ਬੁੱਢਾ ਸਾਹਿਬ ਜੀ ਦੇ ਲੜ ਲਗਾ ਦਿੱਤਾ। ਉਨ੍ਹਾਂ ਨੇ ਹਰਿਗੋਬਿੰਦ ਜੀ ਨੂੰ ਧਾਰਮਿਕ ਵਿਦਿਆ ਦੇ ਨਾਲ-ਨਾਲ ਸ਼ਸਤਰ ਵਿਦਿਆ ਦਾ ਅਭਿਆਸ ਵੀ ਕਰਨ ਲਈ ਕਿਹਾ। ਸੰਨ 1603 ਵਿਚ (ਗੁਰੂ) ਹਰਗੋਬਿੰਦ ਜੀ ਦੀ ਵਿਦਿਆ ਅਤੇ ਸ਼ਸਤਰਾਂ ਦੀ ਸਿਖਲਾਈ ਲਈ ਬਾਬਾ ਬੁੱਢਾ ਜੀ ਨੂੰ ਜ਼ਿੰਮੇਵਾਰੀ ਸੌਂਪੀ ਗਈ। ਸ਼ਸਤਰ ਵਿਦਿਆ ਦਾ ਆਪ ਜੀ ਨੂੰ ਬਹੁਤ ਸ਼ੌਕ ਸੀ ਅਤੇ ਜਲਦੀ ਹੀ ਇਸ ਕਲਾ ਵਿਚ ਨਿਪੁੰਨ ਹੋ ਗਏ। ਬਾਬਾ ਬੁੱਢਾ ਜੀ ਆਪ ਜੀ ਨੂੰ ਦੇਖ ਕੇ ਮਹਾਂਬਲੀ ਯੋਧਾ ਨਾਂ ਨਾਲ ਪੁਕਾਰਦੇ ਸਨ।

ਆਪ ਦਾ ਵਿਆਹ ਗੁਰੂ ਮਹਿਲ ਦਮੋਦਰੀ ਜੀ, ਮਾਤਾ ਨਾਨਕੀ ਜੀ ਅਤੇ ਮਾਤਾ ਮਹਾਂ ਦੇਵੀ (ਮਰਵਾਹੀ) ਨਾਲ ਹੋਇਆ। ਆਪ ਜੀ ਦੇ ਘਰ ਪੰਜ ਪੁੱਤਰਾਂ- ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਤੇਗ ਮੱਲ ਜੀ (ਗੁਰੂ ਤੇਗ ਬਹਾਦਰ ਜੀ) ਅਤੇ ਇਕ ਪੁੱਤਰੀ ਬੀਬੀ ਵੀਰੋ ਜੀ ਨੇ ਜਨਮ ਲਿਆ।

ਜੋ ਸਿੱਖ ਸ਼ਸਤਰ ਜਾਂ ਘੋੜਾ ਗੁਰੂ ਸਾਹਿਬ ਨੂੰ ਭੇਟ ਕਰਦਾ, ਮਹਾਰਾਜ ਉਸ ਉੱਤੇ ਬਹੁਤ ਪ੍ਰਸੰਨ ਹੁੰਦੇ ਤੇ ਸਿਮਰਨ ਦੇ ਨਾਲ-ਨਾਲ ਅੰਦਰ ਸ਼ਕਤੀ ਪੈਦਾ ਕਰਨ ਦੀ ਪ੍ਰੇਰਨਾ ਦਿੰਦੇ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੇ ਮੰਨੇ ਹੋਏ ਪੰਜ ਤਖ਼ਤਾਂ ਵਿਚੋਂ ਪਹਿਲਾ ਸਰਵ-ਉੱਚ ਤਖ਼ਤ ਹੈ ਜਿਸ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਨੇ ਆਪਣੇ ਕਰ-ਕਮਲਾਂ ਨਾਲ ਉਸਾਰਿਆ। 6 ਸਾਵਣ ਸੰਮਤ 1663, 5 ਜੁਲਾਈ 1606 ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਲਈ ਕਿਹਾ। ਉਨ੍ਹਾਂ ਫ਼ੁਰਮਾਇਆ ਕਿ ਅਸੀਂ ਇਹ ਦੋ ਤਲਵਾਰਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਹੀ ਪਹਿਨੀਆਂ ਹਨ, ਜਿਨ੍ਹਾਂ ਵਿਚੋਂ ਇਕ ਮੀਰੀ ਦੀ ਪ੍ਰਤੀਕ ਹੈ ਤੇ ਦੂਜੀ ਪੀਰੀ ਦੀ। ਇਸ ਦਾ ਵਰਣਨ ਢਾਡੀ ਅਬਦੁੱਲਾ ਨੇ ਇਸ ਤਰ੍ਹਾਂ ਕੀਤਾ ਹੈ:

**ਦੋ ਤਲਵਾਰਾਂ ਬੱਧੀਆਂ,**
**ਇਕ ਮੀਰੀ ਦੀ ਇਕ ਪੀਰੀ ਦੀ।**
**ਇਕ ਅਜ਼ਮਤ ਦੀ, ਇਕ ਰਾਜ ਦੀ,**
**ਇਕ ਰਾਖੀ ਕਰੇ ਵਜ਼ੀਰ ਦੀ।**

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਫ਼ੁਰਮਾਇਆ ਕਿ ਗੁਰੂ-ਘਰ ਵਿਚ ਇਹ ਦੋਵੇਂ ਸ਼ਕਤੀਆਂ ਸੰਤ-(ਪੀਰੀ) ਤੇ ਸਿਪਾਹੀ (ਰਾਜਸੀ ਤਾਕਤ- ਮੀਰੀ) ਇਕੱਠੇ ਕੰਮ ਕਰਨਗੇ; ਚੰਗਾ ਸੰਤ ਹੀ ਚੰਗਾ ਸਿਪਾਹੀ ਹੋ ਸਕਦਾ ਹੈ ਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਨ੍ਹਾਂ ਤੋਂ ਪਹਿਲਾਂ ਦੋਹਾਂ ਨੂੰ ਇਕੱਠਿਆਂ ਕਰਨ ਦਾ ਕਿਸੇ ਨੇ ਵੀ ਯਤਨ ਨਹੀਂ ਸੀ ਕੀਤਾ ਸਗੋਂ ਇਸ ਦਾ ਵਿਰੋਧ ਕਰਦਿਆਂ ਦੋਹਾਂ ਗੁਣਾਂ ਨੂੰ ਵੱਖ-ਵੱਖ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਸਿਮਰਨ ਤੇ ਤਲਵਾਰ ਇਕੱਠੀਆਂ ਨਹੀਂ ਰਹਿ ਸਕਦੀਆਂ। ਗੁਰੂ ਸਾਹਿਬ ਜੀ ਨੇ ਫ਼ੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ, ਸਿਮਰਨ ਦੇ ਨਾਲ ਸ਼ਸਤਰ ਅਭਿਆਸ ਵੀ ਕਰਨ। ਅੱਗੋਂ ਤੋਂ ਸਾਡਾ ਧਰਮ ਤੇ ਰਾਜਨੀਤੀ ਇਕ ਹੋਣਗੇ ਪਰ ਧਰਮ ਰਾਜਨੀਤੀ ਦੇ ਅਧੀਨ ਨਹੀਂ ਹੋਵੇਗਾ ਬਲਕਿ ਧਰਮ ਤੋਂ ਸੇਧ ਲੈ ਕੇ ਰਾਜਨੀਤੀ ਕੀਤੀ ਜਾਵੇਗੀ।

1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋ ਬਾਗ਼ੀ ਹੋ ਕੇ ਆਗਰੇ ਤੋਂ ਪੰਜਾਬ ਆ ਗਿਆ। ਤਿੰਨ ਕੁ ਹਫ਼ਤਿਆਂ ਬਾਅਦ ਉਹ ਦਰਿਆ ਝਨਾਂ ਪਾਰ ਕਰਦਾ ਫੜਿਆ ਗਿਆ। ਸ਼ੇਖ ਅਹਿਮਦ ਸਰਹਿੰਦੀ ਤੇ ਹੋਰ ਕੱਟੜਵਾਦੀਆਂ ਨੇ ਜਹਾਂਗੀਰ ਦੇ ਕੰਨ ਭਰੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਦੀ ਮਦਦ ਕੀਤੀ ਹੈ। ਜਹਾਂਗੀਰ ਨੇ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ।

15 ਮਈ 1606 ਦੇ ਆਖ਼ਰੀ ਹਫ਼ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਤੇ ਹੋਰ ਸਿੱਖਾਂ ਨਾਲ ਚਰਚਾ ਕੀਤੀ ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰਿਆਈ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਸੌਂਪ ਦਿੱਤੀ। ਉਸ ਸਮੇਂ ਗੁਰੂ ਸਾਹਿਬ ਜੀ ਦੀ ਉਮਰ 11 ਕੁ ਸਾਲ ਦੀ ਸੀ। ਛੇਵੇਂ ਪਾਤਸ਼ਾਹ ਜੀ ਨੇ ਸੱਤਾ ਦੇ ਅਤਿਆਚਾਰਾਂ ਖ਼ਿਲਾਫ਼ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਦਸਵੰਧ ਦੇ ਨਾਲ-ਨਾਲ ਵਧੀਆ ਘੋੜੇ ਤੇ ਸ਼ਸਤਰ ਗੁਰੂ ਘਰ 'ਚ ਭੇਟ ਕਰਨ ਦੇ ਹੁਕਮਨਾਮੇ ਜਾਰੀ ਕੀਤੇ। ਸਿਖਾਂ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਯੋਗ ਪ੍ਰਬੰਧ ਕੀਤਾ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵਧਣ ਲੱਗੀ। ਸੱਤਾ ਦੇ ਮੁਕਾਬਲੇ ਆਪ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ।

ਸਿੱਖਾਂ ਨੂੰ ਸ਼ਿਕਾਰ ਅਤੇ ਸ਼ਸਤਰ ਵਿਦਿਆ ਸਿਖਾਉਣ ਲਈ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਬਿਧੀ ਚੰਦ ਵਰਗੇ ਚੋਣਵੇਂ ਸੂਰਮਿਆਂ ਦੀ ਨਿਗਰਾਨੀ ਹੇਠ ਗੱਭਰੂਆਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਸਿੱਖ ਫ਼ੌਜ ਦੀ ਨੀਂਹ ਰੱਖੀ। ਗੁਰੂ ਸਾਹਿਬ ਜੀ ਦੀ ਇਹ ਰੁਚੀ ਦੇਖ ਕੇ ਮਾਝੇ, ਮਾਲਵੇ ਅਤੇ ਦੁਆਬੇ ਵਿਚੋਂ ਕੋਈ ਪੰਜ ਸੌ ਨੌਜਵਾਨ ਆਪ ਦੀ ਸ਼ਰਨ ਵਿਚ ਇਕੱਠੇ ਹੋ ਗਏ। ਕਾਲ ਦੇ ਸਮੇਂ ਮੁਸਲਮਾਨ ਹਕੂਮਤ ਨੇ ਗਰੀਬਾਂ ਦੀ ਬਿਲਕੁਲ ਕੋਈ ਸਾਰ ਨਹੀਂ ਲਈ ਸੀ ਇਸ ਕਰਕੇ ਕਈ ਮੁਸਲਮਾਨ ਭੀ ਸਤਿਗੁਰੂ ਜੀ ਦੀ ਨਵੀਂ ਬਣ ਰਹੀ ਫੌਜ ਵਿਚ ਭਰਤੀ ਹੋ ਗਏ।



ਗੁਰੂ ਸਾਹਿਬ ਜੀ ਨੇ ਚਾਰ ਜੰਗਾਂ ਲੜੀਆਂ ਤੇ ਚਾਰਾਂ ਵਿੱਚ ਜਿੱਤ ਪ੍ਰਾਪਤ ਕੀਤੀ। ਪਹਿਲੀ ਜੰਗ 27 ਸਤੰਬਰ 1621 ਈ: ਨੂੰ ਰੁਹੇਲਾ 'ਤੇ ਹੋਈ, ਜਿਸ ਦਾ ਕਾਰਨ ਉਸ ਇਲਾਕੇ ਦੇ ਚੌਧਰੀ ਭਗਵਾਨ ਦਾਸ ਘੇਰੜ (ਚੰਦੂ ਦਾ ਕੁੜਮ) ਦਾ ਹੰਕਾਰ ਸੀ, ਜੋ ਗੁਰੂ ਜੀ ਦੇ ਜੇਲ੍ਹ ਜਾਣ ਉਪਰੰਤ ਗੁਰੂ ਘਰ ਦੀ ਜ਼ਮੀਨ ਦਾ ਮਾਲਕ ਬਣ ਬੈਠਾ ਸੀ। ਭਗਵਾਨ ਦਾਸ ਦੇ ਪੁੱਤਰ ਰਤਨ ਚੰਦ ਦੀ ਚੁੱਕਣਾ 'ਤੇ ਜਲੰਧਰ ਦਾ ਫੌਜਦਾਰ ਅਬਦੁੱਲਾ ਖ਼ਾਨ ਫੌਜ ਸਮੇਤ ਗੁਰੂ ਜੀ 'ਤੇ ਚੜ੍ਹਾਈ ਕਰਕੇ ਆਇਆ ਤੇ ਗੁਰੂ ਜੀ ਨੂੰ ਇਲਾਕਾ ਛੱਡ ਜਾਣ ਲਈ ਕਿਹਾ, ਇਸ ਲੜਾਈ ਵਿੱਚ ਭਗਵਾਨ ਦਾਸ, ਰਤਨ ਚੰਦ ਤੇ ਚੰਦੂ ਦਾ ਪੁੱਤਰ ਕਰਮ ਚੰਦ ਮਾਰੇ ਗਏ ।

28 ਅਕਤੂਬਰ 1627 ਨੂੰ ਜਹਾਂਗੀਰ ਦੀ ਮੌਤ ਹੋ ਗਈ। ਜਹਾਂਗੀਰ ਦਾ ਪੁੱਤਰ ਬਾਦਸ਼ਾਹ ਸ਼ਾਹਜਹਾਨ ਵੀ ਹੌਲ਼ੀ ਹੌਲ਼ੀ ਮੁਤੱਸਬੀ ਮੁਸਲਮਾਨਾਂ ਦੇ ਪ੍ਰਭਾਵ ਹੇਠ ਆ ਗਿਆ।

ਇਤਿਹਾਸ ਗਵਾਹ ਹੈ ਕਿ ਚਾਹੇ ਜ਼ਕਰੀਆ ਖਾਨ, ਮੀਰ ਮੰਨੂ ਹੋਵੇ ਜਾਂ ਅਹਿਮਦ ਸ਼ਾਹ ਅਬਦਾਲੀ ਜਾਂ 1984 ਦੀ ਭਾਰਤ ਸਰਕਾਰ, ਸਭਨਾਂ ਨੇ ਸਿੱਖ ਕੌਮ ਨੂੰ ਦਬਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਨਿਸ਼ਾਨਾ ਬਣਾਇਆ। ਸਮਾਂ ਬੀਤਦਾ ਗਿਆ ਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਵੀ ਦਿਨ ਪ੍ਰਤੀ-ਦਿਨ ਨਿਖਰਦੀ ਗਈ।

ਗੁਰੂ ਸਾਹਿਬ ਜੀ ਨੇ ਹਰ ਪਾਸੇ ਸਿੱਖੀ ਦਾ ਪਰਚਾਰ ਕੀਤਾ ਅਤੇ ਆਮ ਜਨਤਾ ਨੂੰ ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਤੋਂ ਕਢਿਆ। 1635 ਵਿਚ ਦਾਰਾ ਸ਼ਿਕੋਹ ਪੰਜਾਬ ਦਾ ਗਵਰਨਰ ਬਣਿਆ ਅਤੇ ਜੋ ਧਾਰਮਿਕ ਪੱਖ ਤੋਂ ਤੰਗ ਦਿਲ ਨਹੀਂ ਸੀ। ਸੋ 1644 ਤੱਕ ਅਮਨ ਸ਼ਾਂਤੀ ਦੇ ਸਮੇਂ ਸਿੱਖ ਧਰਮ ਦਾ ਪਰਚਾਰ ਜਾਰੀ ਰਿਹਾ। ਅੰਤ ਵੇਲਾ ਨੇੜੇ ਜਾਣਕੇ ਗੁਰੂ ਸਾਹਿਬ ਜੀ ਨੇ ਗੁਰਗੱਦੀ ਆਪਣੇ ਪੋਤਰੇ ਹਰਿ ਰਾਏ ਜੀ ਨੂੰ ਸੌਂਪੀ ਅਤੇ 3 ਮਾਰਚ 1644 ਨੂੰ 49 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ।

# ਸੁਪਰ ਪਾਵਰਾਂ 'ਚ ਦੁਨੀਆ ਦੀਆਂ ਕੰਪਨੀਆਂ 'ਤੇ ਭਾਰਤ ਦਾ ਕਬਜ਼ਾ


Rishi Sunak
UK Prime Minister


Neal Mohan, Youtube


Thomas Kurian, Google Cloud


Punit Renjen, Deloltte


Vasant Narsimham,
Novartis



Devlka B, Cgllvy


Revathi Advaithi,
Flextronics


Anjali Sud, Vimeo


Ravi Kumar, Cognizant


Laxman Narasimhan,
Starbucks


Arvind Krishna, IBM


R Raghuram, VMware


Sanjay Mehrotra, Micron


Sundar Pichai, Alphabet


Ajaypal Singh Banga
President of the World Bank Group


Satya Nadella, Microsoft


Raj Subramaniam, FedEx


George Kurian, NetApp


Sandeep Kataria, Bata


Shantanu Narayen, Adobe


Nikesh Arora, PaloAlto


Amrapali Gan, OnlyFans


Jayshree Ullal, Arista Networks


Leena Nair, Chanel


Niraj Shah, Wayfair


Vivek Sankaran, Albertsons
Companies

# ਸਾਕਾ ਨੀਲਾ ਤਾਰਾ ਅਤੇ ਸਿੱਖ ਮਾਨਸਿਕਤਾ

## ਭਾਰਤ ਸਰਕਾਰ ਨੇ ਦਰਬਾਰ ਸਾਹਿਬ ਤੇ ਹਮਲੇ ਲਈ 'ਸ਼ਹੀਦੀ ਦਿਹਾੜੇ' ਵਾਲਾ ਦਿਨ ਹੀ ਕਿਉਂ ਚੁਣਿਆ ?




***ਪੰਜਾਬ ਅਤੇ ਦੇਸ਼ ਦੇ ਹੋਰ ਸਾਰੇ ਅਖ਼ਬਾਰਾਂ ਨੇ ਪੰਜਾਬ ਵਿੱਚ ਆ ਰਹੀ ਫੌਜ ਬਾਰੇ ਕੋਈ ਖ਼ਬਰ ਨਸ਼ਰ ਨਹੀਂ ਕੀਤੀ । ਉਨੀ ਦਿਨੀਂ ਤਾਰਾ ਵਾਲੇ ਟੈਲੀਫੋਨ ਵੀ ਟਾਵੇਂ ਟੱਲੇ ਕੀ ਹੁੰਦੇ ਸਨ । ਕੋਈ ਮੋਬਾਈਲ ਫੋਨ ਨਹੀਂ ਸੀ ਹੁੰਦਾ । ਕੋਈ ਪ੍ਰਾਈਵੇਟ ਟੀ.ਵੀ. ਚੈਨਲ ਦੀ ਹੋਂਦ ਨਹੀਂ ਸੀ । ਖ਼ਬਰ ਦਾ ਇੱਕੋ ਇੱਕ ਸਾਧਨ ਅਖ਼ਬਾਰ ਹੀ ਹੁੰਦੇ ਸਨ ਜਿਨ੍ਹਾਂ ਨੇ ਪੰਜਾਬ ਵਿੱਚ ਆ ਰਹੀ ਫੌਜ ਦੀ ਜਾਣਕਾਰੀ ਨੂੰ ਲੋਕਾਂ ਤੋਂ ਜਾਣਬੁੱਝ ਕੇ ਲਕੋ ਕੇ ਰੱਖਿਆ । ਜੇ ਇਸ ਗੱਲ ਦੀ ਜਾਣਕਾਰੀ ਮਿਲ ਜਾਂਦੀ ਤਾਂ ਸ਼ਹੀਦੀ ਪੁਰਬ 'ਤੇ ਸੰਗਤਾਂ ਦਾ ਇਕੱਠ ਬਹੁਤ ਥੋੜ੍ਹਾ ਹੋਣਾ ਸੀ ।***

ਗੁਰਪ੍ਰੀਤ ਸਿੰਘ ਮੰਡਿਆਣੀ

ਭਾਰਤੀ ਫੌਜ ਵੱਲੋਂ ਜੂਨ 1984 ਵਿਚ ਦਰਬਾਰ ਸਾਹਿਬ (ਅੰਮ੍ਰਿਤਸਰ) 'ਤੇ ਕੀਤੇ ਗਏ ਹਮਲੇ ਲਈ ਚੁਣੇ ਗਏ ਦਿਨ ਬਾਰੇ ਅੱਜ ਤੱਕ ਕੋਈ ਤਸੱਲੀ ਬਖ਼ਸ਼ ਸਰਕਾਰੀ ਬਿਆਨ ਸਾਹਮਣੇ ਨਹੀਂ ਆਇਆ। 3 ਜੂਨ 1984 ਨੂੰ ਗੁਰੂ ਅਰਜਨ ਪਾਤਸ਼ਾਹ ਦਾ ਸ਼ਹੀਦੀ ਦਿਹਾੜਾ ਸੀ। ਇਹ ਦਿਹਾੜਾ ਮਨਾਉਣ ਖ਼ਾਤਰ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦਰਬਾਰ ਸਾਹਿਬ ਇਕੱਠੀਆਂ ਹੁੰਦੀਆਂ ਆਈਆਂ ਸਨ ਤੇ 3 ਜੂਨ 1984 ਨੂੰ ਵੀ ਆਈਆਂ। ਇਨ੍ਹਾਂ 'ਚੋਂ ਵਧੇਰੇ ਗਿਣਤੀ ਵਿੱਚ ਦੂਰ-ਦੁਰਾਡਿਓਂ ਆਉਣ ਵਾਲੀਆਂ ਸੰਗਤਾਂ ਹੁੰਦੀਆਂ ਸਨ ਤੇ ਉਹ ਰਾਤ ਵੀ ਦਰਬਾਰ ਸਾਹਿਬ ਵਿੱਚ ਹੀ ਬਿਤਾਉਂਦੀਆਂ ਆਈਆਂ ਸਨ। 3 ਜੂਨ ਸ਼ਾਮ ਨੂੰ ਕਰਫਿਊ ਲੱਗ ਗਿਆ ਜਿਸ ਕਰਕੇ ਸਾਰੀਆਂ ਸੰਗਤਾਂ ਇੱਥੇ ਹੀ ਘਿਰ ਗਈਆਂ। ਇਸ ਗੱਲ ਦਾ ਫੌਜ, ਖ਼ੂਫ਼ੀਆ ਏਜੰਸੀਆਂ ਤੇ ਸਰਕਾਰ ਸਮੇਤ ਸਭ ਨੂੰ ਇਲਮ ਸੀ ਕਿ ਇਸ ਦਿਨ ਕੀਤੇ ਗਏ ਫੌਜੀ ਹਮਲੇ ਵਿੱਚ ਹਜ਼ਾਰਾਂ ਬੇਗੁਨਾਹ ਬੱਚੇ, ਬੁੱਢੇ ਤੇ ਔਰਤਾਂ ਮਾਰੇ ਜਾ ਸਕਦੇ ਹਨ। ਇਸ ਦੇ ਬਾਵਜੂਦ ਵੀ ਇਹ ਦਿਨ ਹੀ ਕਿਉਂ ਚੁਣਿਆ ਗਿਆ। ਸਰਕਾਰ ਵੱਲੋਂ ਜਾਰੀ ਕੀਤੇ ਗਏ ਵਾਈਟ ਪੇਪਰ ਵਿੱਚ ਵੀ ਇਸ ਗੱਲ ਦੀ ਕੋਈ ਵਜ਼ਾਹਤ ਨਜ਼ਰ ਨਹੀਂ ਆਉਂਦੀ। ਫੌਜੀ ਹੱਲੇ ਦੇ ਮੁਰੈਲੀ ਰਹੇ ਜਨਰਲ ਕੁਲਦੀਪ ਸਿੰਘ ਬਰਾੜ ਆਪਦੇ ਵੱਲੋਂ ਲਿਖੀ ਗਈ ਕਿਤਾਬ 'ਓਪਰੇਸ਼ਨ ਬਲੂ ਸਟਾਰ ਅਸਲ ਕਹਾਣੀ' ਦੇ ਮੁੱਢ ਵਿੱਚ ਸਫ਼ਾ 17 'ਤੇ ਦੱਸਦਾ ਹੈ ਕਿ ਇਸ ਗੱਲ ਦਾ ਮੈਂ ਅਗਾਂਹ ਜਾ ਕੇ ਜਵਾਬ ਦੇਵਾਂਗਾ ਕਿ ਇਹ ਦਿਨ ਹੀ ਕਿਉਂ ਚੁਣਿਆ ਗਿਆ। ਅਗਾਂਹ ਜਾ ਕੇ ਜਿਹੜਾ ਉਹਨੇ ਜਵਾਬ ਦਿੱਤਾ ਹੈ ਉਹ ਕੱਚੀ ਕਉਡੀ ਵਰਗਾ ਵੀ ਨਹੀਂ। ਸਫ਼ਾ 81 'ਤੇ ਉਹ ਇਸ ਜਵਾਬ ਦਿੰਦਾ ਹੋਇਆ ਲਿਖਦਾ ਹੈ ਕਿ 'ਬਲੂ ਸਟਾਰ' ਕਾਰਵਾਈ ਤੋਂ ਪਿੱਛੋਂ ਹੋਈ ਚਰਚਾ ਦੌਰਾਨ ਇਸ ਦੇ ਜਿਹੜੇ ਪੱਖ ਉੱਤੇ ਸਭ ਤੋਂ ਜ਼ਿਆਦਾ ਬਹਿਸ ਹੋਈ ਉਹ ਇਸ ਨੂੰ ਆਰੰਭ ਕਰਨ ਦੀ ਤਾਰੀਖ ਹੈ। ਸਰਕਾਰ ਨੂੰ ਉਸ ਦੇ ਇਸ ਫੈਸਲੇ ਵਾਸਤੇ ਦੋਸ਼ੀ ਠਹਿਰਾਇਆ ਗਿਆ ਹੈ ਕਿ ਉਸਨੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਪੁਰਬ ਦੇ ਮੌਕੇ ਸੈਨਾ ਨੂੰ ਹਰਮਿੰਦਰ ਸਾਹਿਬ ਅੰਦਰ ਭੇਜਣ ਦਾ ਹੁਕਮ ਦਿੱਤਾ ਜਿਸ ਦੇ ਫਲਸਰੂਪ ਸ਼ਰਧਾਲੂਆਂ ਦੀ ਬਹੁਤ ਵੱਡੀ ਗਿਣਤੀ ਅੰਦਰ ਫਸ ਗਈ ਅਤੇ ਉਹਨਾਂ ਵਿੱਚੋਂ ਕਈਆਂ ਦੀਆਂ ਕਾਰਵਾਈ ਦੌਰਾਨ ਜਾਨਾਂ ਗਈਆਂ। ਮੈਨੂੰ ਇਹ ਮੰਨਣ ਵਿੱਚ ਕੋਈ ਝਿਜਕ ਨਹੀਂ ਕਿ ਮੈਂ ਜ਼ੋਰਦਾਰ ਢੰਗ ਨਾਲ ਮਹਿਸੂਸ ਕਰਦਾ ਹਾਂ ਕਿ ਇਹ ਇਲਜ਼ਾਮ ਸਰਾਸਰ ਅਕਾਲੀ ਆਗੂਆਂ ਉੱਤੇ ਲਗਦਾ ਹੈ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਵਸ 3 ਜੂਨ ਨੂੰ ਰਾਜ ਵਿਆਪੀ ਮੋਰਚਾ ਲਾਉਣ ਦਾ ਐਲਾਨ ਕੀਤਾ। ਜਿਸ ਵੇਲੇ ਪੰਜਾਬ ਵਿੱਚ ਹਿੰਸਾ ਤੇ ਲਾਕਾਨੂਨੀ ਸਹਿਨਯੋਗ ਹੱਦਾਂ-ਬੰਨੇ ਟੱਪ ਗਈ ਸੀ ਅਤੇ ਵਖਵਾਦੀ ਸਰਗਰਮੀਆਂ ਆਪਣੀ ਸਿਖਰ ਉਤੇ ਸਨ, ਲੌਂਗੋਵਾਲ ਵੱਲੋਂ ਐਲਾਨੇ ਮੋਰਚੇ ਨੇ ਮਾਮਲੇ ਦੀ ਗੰਭੀਰਤਾ ਵਿੱਚ ਹੋਰ ਵਾਧਾ ਹੀ ਕੀਤਾ ਅਤੇ ਸ੍ਰੀਮਤੀ ਇੰਦਰਾ ਗਾਂਧੀ ਲਈ ਹੋਰ ਕੋਈ ਚਾਰਾ ਨਾ ਰਹਿਣ ਦਿੱਤਾ। ਅਕਾਲੀਆਂ ਨੂੰ ਇਸ ਗੱਲ ਵਾਸਤੇ ਪ੍ਰੇਰਿਆ ਕਿਉਂ ਨਾ ਜਾ ਸਕਿਆ ਕਿ ਉਹ ਆਪਣਾ ਮੋਰਚਾ ਕੁਝ ਦਿਨ ਬਾਦ ਵਿੱਚ ਲਾ ਲੈਣ ?'

ਬਰਾੜ ਆਪਣੇ ਇਸ ਜਵਾਬ ਵਿੱਚ ਇਹ ਦੱਸਦਾ ਹੈ ਕਿ ਕਿਉਂਕਿ ਅਕਾਲੀਆਂ ਨੇ 3 ਜੂਨ ਨੂੰ ਰਾਜ ਵਿਆਪੀ ਮੋਰਚਾ ਲਾਉਣ ਦਾ ਐਲਾਨ ਕੀਤਾ। ਇੱਥੇ ਉਹ ਮੋਰਚੇ ਦੀ ਕਿਸਮ ਦੱਸਣੀ ਭੁਲ ਗਿਆ ਹੈ। ਅਕਾਲੀ ਦਲ ਦਾ ਧਰਮ ਯੁੱਧ ਮੋਰਚਾ ਤਾਂ ਪਹਿਲਾਂ ਹੀ ਚੱਲ ਰਿਹਾ ਸੀ ਇਸ ਵਿੱਚ ਉਹਨੇ ਇੱਕ ਨਵਾਂ ਐਕਸ਼ਨ ਐਲਾਨਿਆ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ 3 ਜੂਨ ਨੂੰ ਉਹ ਪੰਜਾਬ ਵਿੱਚੋਂ ਬਾਹਰਲੇ ਸੂਬਿਆਂ ਨੂੰ ਭੇਜੇ ਜਾ ਰਹੇ ਅਨਾਜ ਦੀ ਸਪਲਾਈ ਨੂੰ ਰੋਕਣਗੇ। ਪੰਜਾਬ ਵਿੱਚੋਂ ਅਨਾਜ ਦੀ ਸਪਲਾਈ ਕੁਝ ਦਿਨਾਂ ਵਾਸਤੇ ਰੁਕਣ ਨਾਲ ਦੇਸ਼ ਨੂੰ ਕੋਈ ਫੌਰੀ ਆਫ਼ਤ ਨਹੀਂ ਸੀ ਆਉਣ ਲੱਗੀ। ਅਨਾਜ ਦੀ ਸਪਲਾਈ ਰੋਕਣ ਦੀ ਸਵਿੱਚ ਵੀ ਕੋਈ ਦਰਬਾਰ ਸਾਹਿਬ ਵਿੱਚ ਨਹੀਂ ਸੀ ਲੱਗੀ ਹੋਈ। ਜੋ ਕਿ ਉੱਥੇ ਜਾ ਕੇ ਹੀ ਕੱਟਣੀ ਪੈਂਦੀ। ਜਿੱਥੇ-ਜਿੱਥੇ ਅਨਾਜ ਦੀ ਸਪਲਾਈ ਰੋਕੀ ਜਾਂਦੀ ਸਰਕਾਰ ਉੱਥੇ ਤਾਕਤ ਵਰਤ ਸਕਦੀ ਸੀ। ਨਾਲੇ ਸਾਰੇ ਦੇਸ਼ ਵਿੱਚ 6 ਮਹੀਨਿਆਂ ਜੋਗਾ ਅੰਨ ਭੰਡਾਰ ਹਮੇਸ਼ਾਂ ਮੌਜੂਦ ਰਹਿੰਦਾ ਹੈ। ਸੋ ਇਹ ਬਹਾਨਾ ਕਿਸੇ ਵੀ ਤਰੀਕੇ ਨਾਲ ਯੋਗ ਨਹੀਂ ਮੰਨਿਆ ਜਾ ਸਕਦਾ। ਬਰਾੜ ਲਿਖਦਾ ਹੈ ਕਿ ਅਕਾਲੀ ਮੋਰਚੇ ਨੇ ਮਸਲੇ ਦੀ ਗੰਭੀਰਤਾ ਵਿੱਚ ਹੋਰ ਵਾਧਾ ਕੀਤਾ ਹੈ ਅਤੇ ਇੰਦਰਾ ਗਾਂਧੀ ਕੋਲ ਹੋਰ ਕੋਈ ਚਾਰਾ ਨਾ ਰਹਿਣ ਦਿੱਤਾ। ਬਰਾੜ ਨੇ 'ਹੋਰ ਕੋਈ ਚਾਰਾ' ਦਾ ਅਰਥ ਤਾਂ ਨਹੀਂ ਦੱਸਿਆ ਪਰ ਜਦੋਂ ਉਹ 3 ਜੂਨ ਦਾ ਦਿਨ ਚੁਣੇ ਜਾਣ ਦਾ ਜਵਾਬ ਦੇ ਰਿਹਾ ਹੈ ਤਾਂ ਇਹਦਾ ਅਰਥ ਇਹੀ ਸਮਝਿਆ ਜਾ ਸਕਦਾ ਹੈ ਕਿ ਇੰਦਰਾ ਗਾਂਧੀ ਕੋਲ ਫੌਜੀ ਹਮਲੇ ਖ਼ਾਤਰ 3 ਜੂਨ ਦਾ ਦਿਨ ਮੁਕਰਰ ਕਰਨ ਤੋਂ ਬਿਨ੍ਹਾਂ ਹੋਰ ਕੋਈ ਚਾਰਾ ਨਹੀਂ ਸੀ। ਪਾਠਕ ਖ਼ੁਦ ਸਮਝ ਸਕਦੇ ਹਨ ਕਿ ਬਰਾੜ ਵੱਲੋਂ ਕੀਤੀ ਗਈ ਇਹ ਵਜ਼ਾਹਤ ਕਿੰਨੀ ਕੱਚੀ ਪਿੱਲੀ ਹੈ ਕਿਉਂਕਿ ਅਨਾਜ ਦੀ ਸਪਲਾਈ ਰੋਕਣ ਦੀ ਕਾਰਵਾਈ ਦੀ ਤੁਲਨਾ ਦੇਸ਼ 'ਤੇ ਕਿਸੇ ਬਾਹਰੀ ਹਮਲੇ ਦੇ ਖ਼ਤਰੇ ਨਾਲ ਨਹੀਂ ਕੀਤੀ ਜਾ ਸਕਦੀ ਕਿ ਜਿਸ ਖ਼ਾਤਰ ਫੌਜ ਨੂੰ ਐਨਾ ਫੌਰੀ ਐਕਸ਼ਨ ਲੈਣਾ ਪੈਂਦਾ ਕਿ ਕਿਸੇ ਤਰੀਕ-ਤਰੂਕ ਦੀ ਪ੍ਰਵਾਹ ਨਾ ਕੀਤੀ ਜਾਂਦੀ। ਚਲੋ ਤਰੀਕ ਦੀ ਵੀ ਗੱਲ ਛੱਡੋ ਜੇ ਸਰਕਾਰ ਦੀ ਨਜ਼ਰ ਵਿੱਚ ਆਮ ਲੋਕਾਂ ਨੂੰ ਫੌਜੀ ਹਮਲੇ ਦੀ ਮਾਰ ਹੇਠ ਆਉਣ ਤੋਂ ਬਚਾਉਣ ਦਾ ਮਕਸਦ ਮੂਹਰੇ ਹੁੰਦਾ ਤਾਂ ਸੰਗਤਾਂ ਨੂੰ ਕਰਫਿਊ ਲਾ ਕੇ ਜਾਂ ਕਿਸੇ ਹੋਰ ਤਰੀਕੇ ਨਾਲ ਸ਼ਹੀਦੀ ਪੁਰਬ ਵਾਲੇ ਦਿਨ ਉੱਥੇ ਇਕੱਠਾ ਹੋਣੋਂ ਰੋਕ ਸਕਦੀ ਸੀ। ਕਿਉਂਕਿ ਸਰਕਾਰ ਨੇ ਤਾਂ ਹਮਲੇ ਦਾ ਸਾਰਾ ਟਾਈਮ ਟੇਬਲ ਕਈ ਹਫ਼ਤੇ ਪਹਿਲਾਂ ਹੀ ਬਣਾ ਲਿਆ ਸੀ। ਫੌਜੀ ਕੁਮਕ 29 ਮਈ ਤੋਂ ਹੀ ਅੰਮ੍ਰਿਤਸਰ ਛਾਉਣੀ ਵਿੱਚ ਦੂਰ-ਦਰਾਉਂਡਿਓਂ ਚੱਲ ਕੇ ਆਉਣੀ ਸ਼ੁਰੂ ਹੋ ਗਈ ਸੀ। 9 ਇਨਫੈਂਟਰੀ ਬ੍ਰਿਗੇਡ ਦੀਆਂ ਕੁਝ ਟੁੱਕੜੀਆਂ 465 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਮੇਰਠ ਤੋਂ ਅੰਮ੍ਰਿਤਸਰ ਪੁੱਜ ਚੁੱਕੀਆਂ ਸਨ। ਇਹਦਾ ਭਾਵ ਇਹ ਕਿ ਇਹ ਫੌਜ 27 ਮਈ ਨੂੰ ਮੇਰਠੋਂ ਚੱਲੀ ਹੋਵੇਗੀ। ਘੱਟੋ-ਘੱਟ 2 ਦਿਨ ਉਹਨੇ ਤਿਆਰੀ ਵਿੱਚ ਵੀ ਲਾਏ ਹੋਣਗੇ। ਘੱਟੋ ਘੱਟ 1 ਦਿਨ ਪਹਿਲਾਂ ਇਸ ਦਾ ਅਫ਼ਸਰਾ

ਨੇ ਫੈਸਲਾ ਲੈ ਲਿਆ ਹੋਵੇਗਾ। ਇਸ ਦਾ ਮਤਲਬ ਇਹ ਬਣਿਆ ਕਿ ਫੌਜੀ ਆਪ੍ਰੇਸ਼ਨ ਦੀ ਸ਼ੁਰੂਆਤ ਘੱਟੋ ਘੱਟ 24 ਮਈ ਨੂੰ ਹੀ ਸ਼ੁਰੂ ਹੋ ਗਈ ਸੀ। ਜੇ 3 ਤੇ 4 ਜੂਨ ਦੀ ਰਾਤ ਨੂੰ ਹੀ ਫੌਜ ਵੱਲੋਂ ਹਮਲਾ ਕੀਤੇ ਜਾਣ ਦੀ ਕੋਈ ਮਜ਼ਬੂਰੀ ਵੀ ਸੀ ਤਾਂ 3 ਜੂਨ ਨੂੰ ਸ਼ਹੀਦੀ ਪੁਰਬ ਦੇ ਮੱਦੇਨਜ਼ਰ ਸੰਗਤਾਂ ਨੂੰ ਉੱਥੇ ਇਕੱਠੀਆਂ ਹੋਣ ਤੋਂ ਰੋਕਣ ਖ਼ਾਤਰ ਕੋਈ ਤਰੀਕਾ ਅਖ਼ਤਿਆਰ ਕਰਨ ਖ਼ਾਤਰ ਸਰਕਾਰ ਕੋਲ ਕਾਫ਼ੀ ਸਮਾਂ ਸੀ। ਬਰਾੜ ਸਣੇ ਕਿਸੇ ਹੋਰ ਨੇ ਵੀ ਸਰਕਾਰੀ ਪੱਧਰ ’ਤੇ ਅਜਿਹਾ ਤਰੀਕਾ ਏ ਕਾਰ ਅਖਤਿਆਰ ਨਾ ਕਰ ਸਕਣ ਦੀ ਕੋਈ ਵਜ਼ਾਹਤ ਨਹੀਂ ਕੀਤੀ ਗਈ। ਪੰਜਾਬ ਵਿੱਚ ਇਸ ਦੌਰਾਨ 7 ਡਵੀਜ਼ਨ ਫੌਜ ਦੀ ਤਾਇਨਾਤੀ ਕੀਤੀ ਗਈ ਸੀ। ਜੋ ਕਿ ਜ਼ਿਆਦਾਤਰ ਪੰਜਾਬ ਦੇ ਬਾਹਰੋਂ ਢੋਈ ਗਈ। ਇਹ ਸੜਕਾਂ ਰਾਹੀਂ ਹੀ ਆਈ। ਜੋ ਕਿ ਹਰੇਕ ਜਣੇ-ਖਣੇ ਨੂੰ ਨਜ਼ਰ ਪੈਂਦੀ ਸੀ। ਪੰਜਾਬ ਅਤੇ ਦੇਸ਼ ਦੇ ਹੋਰ ਸਾਰੇ ਅਖ਼ਬਾਰਾਂ ਨੇ ਪੰਜਾਬ ਵਿੱਚ ਆ ਰਹੀ ਫੌਜ ਬਾਰੇ ਕੋਈ ਖ਼ਬਰ ਨਸ਼ਰ ਨਹੀਂ ਕੀਤੀ। ਉਨੀ ਦਿਨੀਂ ਤਾਰਾ ਵਾਲੇ ਟੈਲੀਫੋਨ ਵੀ ਟਾਵੇਂ ਟੱਲੇ ਕੀ ਹੁੰਦੇ ਸਨ। ਕੋਈ ਮੋਬਾਈਲ ਫੋਨ ਨਹੀਂ ਸੀ ਹੁੰਦਾ। ਕੋਈ ਪ੍ਰਾਈਵੇਟ ਟੀ.ਵੀ. ਚੈਨਲ ਦੀ ਹੋਂਦ ਨਹੀਂ ਸੀ। ਖ਼ਬਰ ਦਾ ਇੱਕੋ ਇੱਕ ਸਾਧਨ ਅਖ਼ਬਾਰ ਹੀ ਹੁੰਦੇ ਸਨ ਜਿਨ੍ਹਾਂ ਨੇ ਪੰਜਾਬ ਵਿੱਚ ਆ ਰਹੀ ਫੌਜ ਦੀ ਜਾਣਕਾਰੀ ਨੂੰ ਲੋਕਾਂ ਤੋਂ ਜਾਣਬੁੱਝ ਕੇ ਲਕੋ ਕੇ ਰੱਖਿਆ। ਜੇ ਇਸ ਗੱਲ ਦੀ ਜਾਣਕਾਰੀ ਮਿਲ ਜਾਂਦੀ ਤਾਂ ਸ਼ਹੀਦੀ ਪੁਰਬ ’ਤੇ ਸੰਗਤਾਂ ਦਾ ਇਕੱਠ ਬਹੁਤ ਥੋੜ੍ਹਾ ਹੋਣਾ ਸੀ। ਉਸ ਵੇਲੇ ਇੰਡੀਅਨ ਐਕਸਪ੍ਰੈਸ ਅਖ਼ਬਾਰ ਦੇ ਉੱਘੇ ਪੱਤਰਕਾਰ ਰਹੇ ਕੰਵਰ ਸੰਧੂ ਨੇ ਆਪਣੀ ਡਾਕੂਮੈਂਟਰੀ ਵਿੱਚ ਦੱਸਿਆ ਹੈ ਕਿ ‘ਮੈਂ ਫੌਜ ਦੀ ਆਮਦ ਸਬੰਧੀ 30 ਮਈ ਨੂੰ ਇੱਕ ਖ਼ਬਰ ਆਪਣੇ ਅਖ਼ਬਾਰ ਨੂੰ ਘੱਲੀ ਤੇ ਅਖ਼ਬਾਰ ਦੇ ਦਿੱਲੀ ਵਿਚਲੇ ਹੈਡਕੁਆਟਰ ਨੇ ਖ਼ਬਰ ਇਹ ਕਹਿ ਕੇ ਰੋਕ ਲਈ ਹੈ ਕਿ ਇਸ ਵਿੱਚ ਕੋਈ ਸੱਚਾਈ ਨਹੀਂ। ਸੰਧੂ ਆਖਦੇ ਹਨ ਕਿ ਉਨ੍ਹਾਂ ਨੇ ਦੁਬਾਰਾ 1 ਜੂਨ ਨੂੰ ਦੁਬਾਰਾ ਖ਼ਬਰ ਘੱਲੀ ਤੇ ਦਿੱਲੀ ਹੈਡ ਆਫਿਸ ਨੇ ਇਹ ਕਹਿ ਕੇ ਖ਼ਬਰ ਛਾਪਣੋਂ ਨਾਂਹ ਕਰ ਦਿੱਤੀ ਕਿ ਇਹ ਖ਼ਬਰ ਅਫਵਾਹਾਂ ’ਤੇ ਅਧਾਰਤ ਹੈ। ਸੰਧੂ ਦਾ ਕਹਿਣਾ ਹੈ ਕਿ ਜੇ ਅਜਿਹੀਆਂ ਖ਼ਬਰਾਂ ਛਪ ਜਾਂਦੀਆਂ ਤਾਂ ਕੁਝ ਜਾਨੀ ਨਕਸਾਨ ਹੋਣੋਂ ਬਚ ਸਕਦਾ ਸੀ। ਉਨ੍ਹਾਂ ਕਿਹਾ ਕਿ ਮੈਨੂੰ ਇਹ ਕਹਿਣ ਵਿੱਚ ਕੋਈ ਝਿੱਜਕ ਨਹੀਂ ਕਿ ਪੰਜਾਬ ਦਾ ਅਤੇ ਕੌਮੀ ਮੀਡੀਆ ਇਸ ਦਾ ਨੋਟਿਸ ਲੈਣ ਵਿੱਚ ਨਾਕਾਮ ਰਿਹਾ ਹੈ।’ ਸੰਧੂ ਦਾ ਪੰਜਾਬ ਅਤੇ ਕੌਮੀ ਮੀਡੀਆ ਨੂੰ ‘ਨਾਕਾਮ’ ਕਹਿਣਾ ਅਸਲ ’ਚ ਇਨ੍ਹਾਂ ਦੇ ਕਸੂਰ ਨੂੰ ਘਟਾਉਣਾ ਹੀ ਹੈ। ਨਾਕਾਮ ਲਫ਼ਜ ਉੱਥੇ ਵਰਤਿਆ ਜਾਂਦਾ ਹੈ ਜਿੱਥੇ ਕੋਈ ਜਣਾ ਕੋਈ ਕੰਮ ਕਰਨ ਖ਼ਾਤਰ ਆਪਣੇ ਵੱਲੋਂ ਪੂਰਾ ਜ਼ੋਰ ਲਾ ਰਿਹਾ ਹੋਵੇ ਪਰ ਇਸ ਦੇ ਬਾਵਜੂਦ ਕੰਮ ਸਿਰੇ ਨਾ ਚੜ੍ਹ ਸਕੇ ਤਾਂ ਉਸ ਨੂੰ ਨਾਕਾਮ ਆਖਿਆ ਜਾਂਦਾ ਹੈ। ਪਰ ਜੇ ਕੋਈ ਜਾਣਬੁੱਝ ਕੇ ਕੰਮ ਕਰਨਾ ਹੀ ਨਾ ਚਾਹੇ ਤਾਂ ਇਹ ਆਖਿਆ ਜਾਂਦਾ ਹੈ ਕਿ ਫਲਾਣੇ ਨੇ ਇਹ ਕੰਮ ਨਹੀਂ ਕੀਤਾ। ਜਦੋਂ ਇੰਡੀਅਨ ਐਕਸਪ੍ਰੈਸ ਨੇ ਸ੍ਰੀ ਸੰਧੂ ਵੱਲੋਂ ਭੇਜੀਆਂ ਖ਼ਬਰਾਂ ਨਹੀਂ ਛਾਪੀਆਂ ਤਾਂ ਇਸ ਵਿੱਚ ਉਹਦੇ ਅਖ਼ਬਾਰ ਦੀ ਨਾਕਾਮੀ ਨਹੀਂ ਸੀ ਬਲਕਿ ਇਹ ਕਹਿਣਾ ਬੇਈਮਾਨੀ ਸੀ ਤੇਰੀਆਂ ਖ਼ਬਰਾਂ ਵਿੱਚ ਕੋਈ ਸੱਚਾਈ ਨਹੀਂ। ਹਾਲਾਂਕਿ ਸੱਚਾਈ ਤਾਂ ਸੜਕਾਂ ’ਤੇ ਤੁਰੀ ਜਾਂਦੀ ਸਭ ਨੂੰ ਦਿੱਸ ਰਹੀ ਸੀ। ਫੌਜ ਦੀਆਂ ਸੈਂਕੜੇ ਗੱਡੀਆਂ ਵਾਲੇ ਕਾਫਲੇ ਅੰਮ੍ਰਿਤਸਰ ਵੱਲ ਮੂਹ ਕਰੀ ਜਾ ਰਹੇ ਸਨ। ਇਹ ਕੰਮ ਇੱਕ ਦਿਨ ਵਿੱਚ ਨਹੀਂ ਹੋ ਗਿਆ ਬਲਕਿ ਇਹ 28 ਮਈ ਤੋਂ ਸ਼ੁਰੂ ਹੋ ਕੇ 3 ਜੂਨ ਤੱਕ ਵੀ ਜਾਰੀ ਸੀ। ਜਦ ਐਡਾ ਭਾਰੀ ਕੀੜੀ ਕਟਕ ਭਾਰਤ ਦੇ ਸਭ ਤੋਂ ਉੱਘੇ ਨੈਸ਼ਨਲ ਹਾਈਵੇਅ ਨੰਬਰ 1 ਤੋਂ ਲਗਾਤਾਰ ਕਈ ਦਿਨ ਗੁਜਰਦਾ ਰਿਹਾ ਹੋਵੇ ਤੇ ਫਿਰ ਇੰਡੀਅਨ ਐਕਸਪ੍ਰੈਸ ਵਰਗੇ ਜ਼ਿੰਮੇਵਾਰ ਅਖ਼ਬਾਰ ਵੱਲੋਂ ਇਸ ਨੂੰ ਅਫ਼ਵਾਹਾ ਦੇ ਅਧਾਰਤ ’ਤੇ ਦੱਸਣਾ ਤੇ ਫਿਰ ਇੱਕ ਜ਼ਿੰਮੇਵਾਰ ਪੱਤਰਕਾਰ ਵੱਲੋਂ ਅਖ਼ਬਾਰਾਂ ਦੀ ਇਸ ਮੱਕਾਰੀ ਨੂੰ ਨਾਕਾਮੀ ਕਹਿਣਾ ਕਿਸੇ ਵੀ ਤਰੀਕੇ ਨਾਲ ਜਾਇਜ਼ ਨਹੀਂ। ਅਖ਼ਬਾਰਾਂ ਵੱਲੋਂ ਫੌਜੀ ਆਮਦ ਦੀਆਂ ਖ਼ਬਰਾਂ ਨਾ ਛਾਪਣ ਪਿੱਛੇ ਭਾਰਤ ਸਰਕਾਰ ਨੂੰ ਦਿੱਤਾ ਜਾ ਰਿਹਾ ਉਹ ਅਣ ਐਲਾਨਿਆ ਸਹਿਯੋਗ ਸੀ। ਜਿਸ ਦੀ ਮੰਗ ਭਾਰਤ ਸਰਕਾਰ ਨੇ ਅਖ਼ਬਾਰਾਂ ਤੋਂ ਕੀਤੀ ਸੀ ਤੇ ਉਨ੍ਹਾਂ ਨੇ ਖੁਸ਼ੀ ਖੁਸ਼ੀ ਇਸ ’ਤੇ ਫੁੱਲ ਚੜ੍ਹਾਏ ਸੀ। ਭਾਰਤ ਦੇ ਸੂਚਨਾ ਤੇ ਪ੍ਰਸਾਰਨ ਮੰਤਰੀ ਐਚ.ਕੇ.ਐਲ. ਭਗਤ ਨੇ 1984 ਵਾਲੀ ਮਈ ਦੇ ਸ਼ੁਰੂ ’ਚ ਅਖ਼ਬਾਰਾਂ ਦੇ ਐਡੀਟਰਾਂ ਨਾਲ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਸਨ। ਇਨ੍ਹਾਂ ਵਿੱਚ ਦੇਸ਼ ਨੂੰ ਏਕਤਾ ਅਤੇ ਅਖੰਡਤਾ ਵਾਲੇ ਫਰੰਟ ’ਤੇ ਦਰਪੇਸ਼ ਖਤਰੇ ਨਾਲ ਨਿਬੜਨ ਖ਼ਾਤਰ ਅਖ਼ਬਾਰਾਂ ਤੋਂ ਸਹਿਯੋਗ ਮੰਗਿਆ ਸੀ। ਸੋ ਇਸੇ ਸਹਿਯੋਗ ਦਾ ਹੀ ਨਤੀਜਾ ਸੀ ਕਿ ਕੰਵਰ ਸੰਧੂ ਵੱਲੋਂ ਭੇਜੀਆਂ ਖ਼ਬਰਾਂ ਨੂੰ ਇੰਡੀਅਨ ਐਕਸਪ੍ਰੈਸ ਦੇ ਹੈਡਕੁਆਟਰ ਨੇ ਝੂਠੀਆਂ ਕਹਿ ਕੇ ਛਾਪਣੋਂ ਇਨਕਾਰ ਕਰ ਦਿੱਤਾ ਸੀ। ਬਕੌਲ ਕੰਵਰ ਸੰਧੂ ਜੇ ਇਹ ਖ਼ਬਰਾਂ ਛਪ ਜਾਂਦੀਆਂ ਤਾਂ ਦਰਬਾਰ ਸਾਹਿਬ ਵਿੱਚ ਹੋਇਆ ਜਾਨੀ ਨੁਕਸਾਨ ਘਟ ਸਕਦਾ ਸੀ। ਫੌਜੀ ਹਮਲੇ ਤੋਂ ਬਾਅਦ ਪਾਰਲੀਮੈਂਟ ਵਿੱਚ ਸੂਚਨਾ ਅਤੇ ਪ੍ਰਸਾਰਣ ਮੰਤਰੀ ਉਸੇ ਐਚ.ਕੇ.ਐਲ. ਭਗਤ ਨੇ ਅਖ਼ਬਾਰਾਂ ਵੱਲੋਂ ਇਸ ਸਬੰਧ ਨਿਭਾਏ ਰੋਣੀ ਦੀ ਭਰਪੂਰ ਸ਼ਲਾਘਾ ਕੀਤੀ। ਇਹਤੋਂ ਇਸ ਗੱਲ ਦੀ ਤਸਦੀਕ ਹੁੰਦੀ ਹੈ ਕਿ ਭਾਰਤੀ ਅਖ਼ਬਾਰ ਪੂਰੀ ਤਰ੍ਹਾਂ ਨਾਲ ਸਰਕਾਰ ਦੇ ਆਖੇ ਲੱਗਣ ਵਾਲੀ ਸੰਧੀ ’ਤੇ ਖਰੇ ਉੱਤਰੇ। ਦੂਜੇ ਅਰਥਾਂ ਵਿੱਚ ਇਹ ਗੱਲ ਸਾਬਿਤ ਹੁੰਦੀ ਹੈ ਕਿ ਉਨ੍ਹਾਂ ਨੇ ਉਹੀ ਕੁਝ ਛਾਪਿਆ ਤੇ ਉਹੀ ਕੁਝ ਲਕੋਇਆ ਜਿਸ ਕਿਸਮ ਦੀ ਹਦਾਇਤ ਸਰਕਾਰ ਨੇ ਉਨ੍ਹਾਂ ਨੂੰ ਸਹਿਯੋਗ ਦੇ ਨਾਂਅ ਥੱਲੇ ਦਿੱਤੀ ਸੀ। ਹੁਣ ਪਾਠਕ ਖ਼ੁਦ ਅੰਦਾਜਾ ਲਾ ਲੈਣ ਕਿ ਸਰਕਾਰ ਅਤੇ ਅਖ਼ਬਾਰਾਂ ਵੱਲੋਂ ਇਸ ਗੁਪਤ ਸੰਧੀ ਦਾ ਸਿੱਖ ਸੰਗਤ ਦੇ ਜਾਨ ਮਾਲ ’ਤੇ ਕੀ ਅਸਰ ਪਿਆ। ਇਸ ਗੱਲ ਦੀ ਵੱਡੀ ਸੰਭਾਵਨਾ ਹੈ ਕਿ ਫੌਜ ਖ਼ੁਦ ਚਾਹੁੰਦੀ ਸੀ ਕਿ ਫੌਜੀ ਹਮਲੇ ਵੇਲੇ ਵੱਧ ਤੋਂ ਵੱਧ ਲੋਕਾਂ ਦਾ ਇਕੱਠ ਹੋਵੇ। ਆਮ ਸੰਗਤਾਂ ਨੂੰ ਵੀ ਖਾੜਕੂਆਂ ਦੀ ਗਿਣਤੀ ਵਿੱਚ ਸ਼ਾਮਲ ਕਰਕੇ ਇਹ ਦੱਸਿਆ ਜਾ ਸਕੇ ਕਿ ਫੌਜ ਦਾ ਮੁਕਾਬਲਾ ਹਜ਼ਾਰਾਂ ਦੀ ਗਿਣਤੀ ਵਾਲੇ ਖਾੜਕੂ ਦਲ ਨਾਲ ਹੋਇਆ ਹੈ। ਜਿਵੇਂ ਕਿ ਅਸੀਂ ਉੱਪਰ ਪੜ੍ਹ ਆਏ ਹਾਂ ਕਿ ਹਮਲੇ ਲਈ 3 ਜੂਨ ਦੀ ਤਰੀਕ ਚੁਣਨ ਪਿੱਛੇ ਕੋਈ ਮਜ਼ਬੂਰੀ ਨਹੀਂ ਸੀ ਤੇ ਨਾ ਹੀ ਇਸ ਦਿਨ ਇਹ ਚਾਹਿਆ ਗਿਆ ਕਿ ਆਮ ਲੋਕ ਘੱਟ ਤੋਂ ਘੱਟ ਗਿਣਤੀ ਵਿੱਚ ਦਰਬਾਰ ਸਾਹਿਬ ਇਕੱਠੇ ਹੋਣ। ਫੌਜ ਨੇ ਹਮਲੇ ਤੋਂ ਬਾਅਦ ਜੋ ਮਾਰੇ ਗਿਆ ਦੀ ਗਿਣਤੀ ਦੱਸੀ ਉਸ ਵਿੱਚ 5 ਬੱਚਿਆਂ, 30 ਔਰਤਾਂ ਸਣੇ 492 ਹਲਾਕ ਦੱਸੇ ਗਏ। ਗ੍ਰਿਫ਼ਤਾਰੀਆਂ ਵਿੱਚ 309 ਬੱਚੇ ਤੇ ਔਰਤਾਂ ਸਣੇ 1592 ਗ੍ਰਿਫ਼ਤਾਰ ਹੋਏ ਦੱਸੇ ਗਏ। ਸਰਕਾਰੀ ਰੇਡਿਓ ਨੇ ਹਲਾਕ ਅਤੇ ਗ੍ਰਿਫ਼ਤਾਰਾਂ ਨੂੰ ਖਾੜਕੂਆਂ ਦੀ ਹੀ ਸ਼੍ਰੇਣੀ ਵਿੱਚ ਰੱਖਦਿਆਂ ਇਹ ਦੱਸਿਆ ਗਿਆ ਕਿ ਲਗਭਗ 500 ਉਗਰਵਾਦੀ ਹਲਾਕ ਅਤੇ 1500 ਉਗਰਵਾਦੀ ਗ੍ਰਿਫ਼ਤਾਰ ਕੀਤੇ ਗਏ ਹਨ। ਗੁਰੂ ਰਾਮਦਾਸ ਸਰਾਂ ਵਿੱਚ ਗੋਲੀਆਂ ਦਾ ਛੱਟਾ ਦੇ ਕੇ ਅਤੇ ਹੱਥ ਪਿੱਛੇ ਬੰਨ੍ਹ ਕੇ ਆਮ ਸ਼ਰਧਾਲੂਆਂ ਨੂੰ ਮਾਰਨ ਪਿੱਛੇ ਇਹੀ ਮਨੋਰਥ ਵੀ ਹੋ ਸਕਦਾ ਹੈ ਕਿ ਮਾਰੇ ਗਏ ਇਨ੍ਹਾਂ ਲੋਕਾਂ ਨੂੰ ਖਾੜਕੂਆਂ ਦੇ ਖਾਤੇ ਵਿੱਚ ਪਾ ਕੇ ਇਹ ਦੱਸਿਆ ਜਾ ਸਕੇ ਕਿ ਫੌਜ ਦਾ ਮੁਕਾਬਲਾ ਖਾੜਕੂਆਂ ਦੀ ਵੱਡੀ ਗਿਣਤੀ ਨਾਲ ਹੋਇਆ ਹੈ। ਆਮ ਸ਼ਰਧਾਲੂਆਂ ਨੂੰ ਖਾੜਕੂ ਦੱਸ ਕੇ ਗ੍ਰਿਫ਼ਤਾਰ ਕਰਨਾ ਵੀ ਇਹੀ ਸਾਬਤ ਕਰਦਾ ਹੈ ਕਿ ਫੌਜ ਚਾਹੁੰਦੀ ਸੀ ਕਿ ਬਾਹਰੀ ਦੁਨੀਆਂ ਨੂੰ ਇਹ ਦੱਸਿਆ ਜਾ ਸਕੇ ਕਿ ਫੌਜ ਨੂੰ ਐਵੇਂ ਹੀ ਐਨਾ ਜਾਨੀ ਨੁਕਸਾਨ ਨਹੀਂ ਹੋ ਗਿਆ ਬਲਕਿ ਉਨ੍ਹਾਂ ਦਾ ਮੁਕਾਬਲਾ ਲਗਭਗ 2000 ਖਾੜਕੂਆਂ ਨਾਲ ਹੋਇਆ। ਇਹ ਤਾਂ ਹੀ ਸੰਭਵ ਸੀ ਜੇ ਉਨ੍ਹਾਂ ਸ਼ਰਧਾਲੂਆਂ ਦਾ ਵੱਧ ਤੋਂ ਵੱਧ ਇਕੱਠ ਹੋਵੇ। ਇੱਥੇ ਇਹ ਬਹਾਨਾ ਵੀ ਨਹੀਂ ਚੱਲ ਸਕਦਾ ਕਿ ਜੇ ਸਰਕਾਰ ਫੌਜ ਦੀ ਨਕਲੋ ਹਰਕਤ ਦੀਆਂ ਖ਼ਬਰਾਂ ਨੂੰ ਨਾ ਰੋਕਦੀ ਤਾਂ ਇਸ ਦੀ ਭਿਣਕ ਖਾੜਕੂਆਂ ਨੂੰ ਮਿਲ ਸਕਦੀ ਸੀ ਜਿਸ ਕਰਕੇ ਉਹ ਫੌਜ ਨਾਲ ਲੜਨ ਦੀ ਤਿਆਰੀ ਕਰ ਸਕਦੇ ਸਨ ਕਿਉਂਕਿ ਫੌਜ ਦੀ ਆਮਦੋ ਰਫ਼ਤ ਤਾਂ ਪੰਜਾਬ ਦੀਆਂ ਸੜਕਾਂ ’ਤੇ 28 ਮਈ ਤੋਂ ਹੀ ਦੇਖਣ ਨੂੰ ਮਿਲ ਰਹੀ ਸੀ ਤੇ ਇਸ ਦੀ ਸੂਚਨਾ ਖਾੜਕੂਆਂ ਤੱਕ ਨਾ ਪੁੱਜ ਸਕਣ ਦੀ ਆਸ ਨਹੀਂ ਕੀਤੀ ਜਾ ਸਕਦੀ। ਸੰਤ ਭਿੰਡਰਾਂਵਾਲਿਆਂ ਦੀ ਇੰਟੈਲੀਜੈਂਸ ਦੇ ਤਿੱਖੇਪਣ ਦੀ ਮਿਸਾਲ ਇਸ ਗੱਲ ਤੋਂ ਮਿਲਦੀ ਹੈ ਕਿ ਜਦੋਂ 31 ਮਈ ’ਤੇ 1 ਜੂਨ ਦੀ ਵਿਚਕਾਰਲੀ ਰਾਤ ਨੂੰ ਸਪੈਸ਼ਲ ਫਰੰਟੀਅਰ ਫੋਰਸ ਦੀ ਕੁਮਕ 2 ਹਵਾਈ ਜਹਾਜ਼ਾਂ ਰਾਹੀਂ ਅੰਮ੍ਰਿਤਸਰ ਏਅਰਪੋਰਟ ’ਤੇ ਰਾਤ ਦੇ ਘੁੱਪ ਹਨ੍ਹੇਰੇ ਵਿੱਚ ਚੋਰੀ ਛਿੱਪੇ






ਪੁੱਜੀ ਤਾਂ ਇਸ ਦਾ ਪਤਾ ਅੰਮ੍ਰਿਤਸਰ ਛਾਉਣੀ ਵਿੱਚ ਫੌਜ ਦੇ ਇੰਟੈਲੀਜੈਂਸ ਵਿੰਗ ਨੂੰ ਵੀ ਨਹੀਂ ਲੱਗਾ। ਇਹ ਸਪੈਸ਼ਲ ਫਰੰਟੀਅਰ ਫੋਰਸ, ਫੌਜ ਦੇ ਅਧੀਨ ਨਹੀਂ ਹੁੰਦੀ ਸਗੋਂ ਇਹਦਾ ਸਿੱਧਾ ਕੰਟਰੋਲ ਕੈਬਨਿਟ ਸਕੱਤਰੇਤ ਭਾਵ ਪ੍ਰਧਾਨ ਮੰਤਰੀ ਦੇ ਹੱਥ ਵਿੱਚ ਹੁੰਦਾ ਹੈ। ਇਹ ਦੇਸ਼ ਦੀ ਚੋਟੀ ਦੀ ਕਮਾਂਡੋ ਫੋਰਸ ਹੈ। ਇਹਦੀ ਅੰਮ੍ਰਿਤਸਰ ਏਅਰਪੋਰਟ ’ਤੇ ਉਤਰਨ ਦੀ ਰਿਪੋਰਟ ਨਾਲੋਂ ਨਾਲ ਭਿੰਡਰਾਂਵਾਲਿਆਂ ਨੂੰ ਪੁੱਜ ਗਈ ਸੀ। ਕੰਵਰ ਸੰਧੂ ਆਪ ਦੀ ਡਾਕੂਮੈਂਟਰੀ ਵਿੱਚ ਇਸ ਗੱਲ ਦੀ ਤਸਦੀਕ ਕਰਦਾ ਹੋਇਆ ਕਹਿੰਦਾ ਹੈ ਕਿ ਉਦੋਂ ਦਾ ਅੰਮ੍ਰਿਤਸਰ ਛਾਉਣੀ ਦਾ ਇੰਟੈਲੀਜੈਂਸ ਕਮਾਂਡਰ ਕਰਨਲ ਆਦਰਸ਼ ਸ਼ਰਮਾ ਨੇ ਮੈਨੂੰ ਦੱਸਿਆ ਕਿ 1 ਜੂਨ ਨੂੰ ਤੱੜਕੇ ਮੈਨੂੰ ਸੰਤ ਭਿੰਡਰਾਂਵਾਲਿਆਂ ਦੇ ਪੀ.ਏ. ਸ. ਰਛਪਾਲ ਸਿੰਘ ਦਾ ਉਹਨੂੰ ਫੋਨ ਆਇਆ ਜਿਸ ਵਿੱਚ ਉਹਨੇ ਪੁੱਛਿਆ ਕਿ, ਕੀ ਇਹ ਗੱਲ ਸਹੀ ਹੈ ਕਿ ਰਾਤ ਅੰਮ੍ਰਿਤਸਰ ਏਅਰਪੋਰਟ ’ਤੇ ਸਪੈਸ਼ਲ ਫੋਰਸ ਦੇ 2 ਜਹਾਜ਼ ਭਰ ਕੇ ਆਏ ਨੇ? ਕਰਨਲ ਸ਼ਰਮਾ ਦੱਸਦਾ ਹੈ ਕਿ ਮੈਨੂੰ ਖ਼ੁਦ ਇਸ ਫੋਰਸ ਦੇ ਆਉਣ ਦਾ ਉਦੋਂ ਤੱਕ ਕੋਈ ਇਲਮ ਨਹੀਂ ਸੀ ਬਾਅਦ ’ਚ ਮੈਂ ਪਤਾ ਕਰਕੇ ਰਛਪਾਲ ਸਿੰਘ ਨੂੰ ਦੱਸਿਆ ਕਿ ਹਾਂ 2 ਜਹਾਜ਼ਾਂ ਵਿੱਚ ਫੋਰਸ ਤਾਂ ਆਈ ਹੈ ਪਰ ਇਹ ਨਹੀਂ ਪਤਾ ਕਿ ਇਹ ਕਿਹੜੀ ਹੈ। ਇਹ ਗੱਲ ਇਸ ਨੂੰ ਸਾਬਤ ਕਰਦੀ ਹੈ ਕਿ ਅਜਿਹਾ ਕੋਈ ਬਹਾਨਾ ਨਹੀਂ ਕਿ ਜੇ ਫੌਜ ਦੀ ਸਰਗਰਮੀ ਦੀਆਂ ਖ਼ਬਰਾਂ ਛਪ ਜਾਂਦੀਆਂ ਤਾਂ ਭਿੰਡਰਾਂਵਾਲੇ ਚੌਕਸ ਹੋ ਜਾਂਦੇ ਕਿਉਂਕਿ ਜਿਹੜੀ ਗੱਲ ਫੌਜ ਦੀ ਇੰਟੈਲੀਜੈਂਸ ਨੂੰ ਵੀ ਨਹੀਂ ਪਤਾ ਉਹ ਵੀ ਉਨ੍ਹਾਂ ਨੂੰ ਪਹਿਲਾਂ ਪਤਾ ਲੱਗਦੀ ਸੀ, 2 ਹਵਾਈ ਜਹਾਜ਼ਾਂ ਵਾਲੀ ਘਟਨਾ ਇਹਨੂੰ ਸਾਬਤ ਕਰਨ ਲਈ ਕਾਫ਼ੀ ਹੈ। ਨਾਲ ਦੀ ਨਾਲ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਸ. ਰਛਪਾਲ ਸਿੰਘ ਤੇ ਫੌਜ ਦੇ ਇੰਟੈਲੀਜੈਂਸ ਕਮਾਂਡਰ ਕਰਨਲ ਸ਼ਰਮਾ ਦਾ ਤਾਲਮੇਲ ਕਿਵੇਂ ਸੀ। ਇਹ ਗੱਲ ਅਪ੍ਰੈਲ 1984 ਦੀ ਹੈ ਕਿ ਅੰਮ੍ਰਿਤਸਰ ਦੇ ਇੱਕ ਪਿੰਡ ਵਿੱਚ ਟ੍ਰੇਨਿੰਗ ਕਰ ਰਹੇ ਏਅਰ ਫੋਰਸ ’ਤੇ ਜਵਾਨਾਂ ਤੋਂ ਖਾੜਕੂਆਂ ਨੇ ਇੱਕ ਟਰਾਂਸਮੀਟਰ ਸੈੱਟ ਖੋਹ ਲਿਆ। ਇਸ ਗੱਲ ਨਾਲ ਫੌਜ ਵਿੱਚ ਭਾਜੜ ਮੱਚ ਗਈ। ਟਰਾਂਸਮੀਟਰ ਸੈੱਟ ਦੇ ਏਅਰਫੋਰਸ ਤੋਂ ਬਾਹਰ ਜਾਣ ਕਾਰਨ ਏਅਰਫੋਰਸ ਵਿੱਚ ਹੁੰਦੀ ਗੱਲਬਾਤ ਨੂੰ ਖੋਹੇ ਹੋਏ ਟਰਾਂਸਮੀਟਰ ਰਾਹੀਂ ਸੁਣਿਆ ਜਾ ਸਕਦਾ ਸੀ ਜਾਂ ਏਅਰਫੋਰਸ ਨੂੰ ਆਪਣੇ ਸਾਰੇ ਟਰਾਂਸਮੀਟਰ ਸੈੱਟਾਂ ਦੀ ਫਰੀਕੁਐਂਸੀ ਬਦਲਣੀ ਪੈਣੀ ਸੀ। ਉਦੋਂ ਕਰਨਲ ਸ਼ਰਮਾ ਨੇ ਭਿੰਡਰਾਂਵਾਲਿਆਂ ਦੇ ਪੀ.ਏ. ਰਛਪਾਲ ਸਿੰਘ ਨੂੰ ਫੋਨ ਕਰਕੇ ਇਹ ਸੈੱਟ ਵਾਪਿਸ ਕਰਾਉਣ ਲਈ ਮੱਦਦ ਦੀ ਮੰਗ ਕੀਤੀ। ਪੱਤਰਕਾਰ ਕੰਵਰ ਸੰਧੂ ਦੱਸਦੇ ਹਨ ਕਿ ਕਰਨਲ ਸ਼ਰਮਾ ਨੇ ਰਛਪਾਲ ਸਿੰਘ ਨੂੰ ਕਿਹਾ ਕਿ ਇਹ ਟਰਾਂਸਮੀਟਰ ਖਾੜਕੂਆਂ ਦੇ ਕਿਸੇ ਕੰਮ ਦਾ ਨਹੀਂ ਅਤੇ ਇਸ ਤੋਂ ਬਿਨ੍ਹਾਂ ਏਅਰਫੋਰਸ ਨੂੰ ਭਾਰੀ ਪ੍ਰੇਸ਼ਾਨੀ ਹੋਵੇਗੀ। ਕਰਨਲ ਸ਼ਰਮਾ ਦੀ ਬੇਨਤੀ ’ਤੇ ਖਾੜਕੂਆਂ ਤੋਂ ਇਹ ਟਰਾਂਸਮੀਟਰ ਸੈੱਟ ਏਅਰਫੋਰਸ ਨੂੰ ਵਾਪਿਸ ਕਰਾ ਦਿੱਤਾ ਗਿਆ। ਸੋ ਕਰਨਲ ਸ਼ਰਮਾ ਇਸ ਅਹਿਸਾਨ ਬਦਲੇ ਸ. ਰਛਪਾਲ ਸਿੰਘ ਦਾ ਫੋਨ ਸੁਣ ਲੈਂਦਾ ਸੀ। ਦਰਬਾਰ ਸਾਹਿਬ ਕੰਪਲੈਕਸ ਵਿੱਚ ਸ਼ਰਧਾਲੂਆਂ ਨੂੰ ਵੱਡੀ ਗਿਣਤੀ ਵਿੱਚ ਇਕੱਠੇ ਹੋਣ ਦੇਣ ਦਾ ਮਨੋਰਥ ਉਨ੍ਹਾਂ ਨੂੰ ਖਾੜਕੂਆਂ ਦੀ ਸ਼੍ਰੇਣੀ ਵਿੱਚ ਦਿਖਾ ਕੇ ਫੌਜ ਇਹ ਸਾਬਤ ਕਰਨਾ ਚਾਹੁੰਦੀ ਸੀ ਕਿ ਉਨ੍ਹਾਂ ਦਾ ਮੁਕਾਬਲਾ ਹਜ਼ਾਰਾਂ ਹਥਿਆਰਬੰਦ ਖਾੜਕੂਆਂ ਨਾਲ ਹੋਇਆ ਤਾਂ ਹੀ ਉਨ੍ਹਾਂ ਨੂੰ ਦਰਬਾਰ ਸਾਹਿਬ ਵਿੱਚ ਦਾਖ਼ਲ ਹੋਣ ਵਾਸਤੇ ਪੂਰਾ ਇੱਕ ਬ੍ਰਿਗੇਡ ਝੋਕਣਾ ਪਿਆ। ਇਸ ਗੱਲ ਦੀ ਤਸਦੀਕ ਇੱਥੋਂ ਵੀ ਹੁੰਦੀ ਹੈ ਕਿ ਫੌਜੀ ਕਾਰਵਾਈ ਨਿਬੜਣ ਤੋਂ ਬਾਅਦ ਫੌਜ ਵੱਲੋਂ ਸਮੁੱਚੇ ਪੰਜਾਬ ਵਿੱਚ ‘ਆਪ੍ਰੇਸ਼ਨ ਵੁੱਡ ਰੋਜ਼’ ਦੇ ਨਾਂ ਥੱਲੇ ਜੋ ਸਾਕਾ ਵਰਤਾਇਆ ਗਿਆ ਉਹ 1746 ਵਿੱਚ ਲਖਪਤ ਰਾਏ ਵੱਲੋਂ ਕੀਤੇ ਗਏ ਛੋਟੇ ਘੱਲੂਘਾਰੇ ਵਰਗਾ ਹੀ ਸੀ। ਇਹ ਦੋਵੇਂ ਸਾਕੇ ਤੱਪਦੇ ਜੇਠ ਮਹੀਨੇ ਵਿੱਚ ਹੀ ਵਾਪਰੇ। ਆਪ੍ਰੇਸ਼ਨ ਵੁੱਡ ਰੋਜ਼ ਦੌਰਾਨ ਫੌਜ ਪਿੰਡਾਂ ਨੂੰ ਘੇਰ ਲੈਂਦੀ ਸੀ, ਨੀਲੀ ਪੱਗ, ਅੰਮ੍ਰਿਤਧਾਰੀ ਜਾਂ ਦਾੜ੍ਹੀ ਕੇਸਾਂ ਵਾਲੇ ਨੂੰ ਕੁੱਟ ਕੁਟਾਪੇ, ਧੂਹ ਘੜੀਸ ਤੋਂ ਬਾਅਦ ਗੱਡੀਆਂ ਵਿੱਚ ਲੱਦ ਲੈਂਦੀ ਸੀ। ਇਨ੍ਹਾਂ ਵਿੱਚ ਲਗਭਗ ਸਾਰੇ ਉਹ ਲੋਕ ਸਨ ਜਿਨ੍ਹਾਂ ਦਾ ਹਥਿਆਰਬੰਦ ਖਾੜਕੂ ਸੰਘਰਸ਼ ਨਾਲ ਕੋਈ ਸਿੱਧਾ ਜਾਂ ਅਸਿੱਧਾ ਵਾਸਤਾ ਨਹੀਂ ਸੀ। ਆਮ ਤੌਰ ’ਤੇ ਇਨ੍ਹਾਂ ਨੂੰ 7/51 ਦੇ ਕੇਸਾਂ ਤਹਿਤ ਗ੍ਰਿਫ਼ਤਾਰ ਕਰ ਲਿਆ ਜਾਂਦਾ ਸੀ। ਪਰ ਸਰਕਾਰ ਦੇ ਰੇਡੀਓ ਤੇ ਟੈਲੀਵੀਜ਼ਨ ਰਾਹੀਂ ਇਹ ਪ੍ਰਚਾਰ ਕੀਤਾ ਜਾਂਦਾ ਸੀ ‘ਆਜ ਪੰਜਾਬ ਸੇ ਇਤਨੇ ਹਜ਼ਾਰ ਉਗਰਵਾਦੀਓਂ ਕੋ ਗ੍ਰਿਫ਼ਤਾਰ ਕਰ ਲਿਆ ਗਿਆ ਹੈ।’ ਹੌਲੀ ਹੌਲੀ ਨਿੱਤ ਦਿਹਾੜੇ ਦੀ ਇਹ ਗਿਣਤੀ ਸੈਂਕੜਿਆਂ ’ਤੇ ਅਤੇ ਫਿਰ ਦਰਜ਼ਨਾ ਤੱਕ ਆਉਂਦੀ ਨੂੰ ਲਗਭਗ 1 ਮਹੀਨਾ ਲੱਗਿਆ। ਕਹਿਣ ਦਾ ਭਾਵ ਇਹ ਕਿ ਆਮ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ਸਰਕਾਰ ਨੇ ਇਹ ਦਿਖਾਇਆ ਕਿ ਪੰਜਾਬ ਵਿੱਚ ਹਾਜ਼ਾਰਾਂ ਦੀ ਗਿਣਤੀ ਵਿੱਚ ਖਾੜਕੂ ਮੌਜੂਦ ਸਨ ਜਿਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਖ਼ਾਤਰ ਸਰਕਾਰ ਨੂੰ ਇੱਕ ਵਿਸ਼ੇਸ਼ ਆਪ੍ਰੇਸ਼ਨ ਵੁੱਡ ਰੋਜ਼ ਕਰਨਾ ਪਿਆ। ਇਹ ਹੁੰਦਾ ਤਾਂ ਸਾਰੇ ਪੰਜਾਬ ਵਾਸੀਆਂ ਨੇ ਦੇਖਿਆ ਹੈ ਕਿ ਕਿਵੇਂ ਆਮ ਸਿੱਖ ਫੜਕੇ ਖਾੜਕੂਆਂ ਦੇ ਖਾਤੇ ਵਿੱਚ ਪਾਏ ਗਏ। ਇੱਥੋਂ ਇਹ ਗੱਲ ਸੱਪਸ਼ਟ ਹੋ ਜਾਂਦੀ ਹੈ ਕਿ ਦਰਬਾਰ ਸਾਹਿਬ ਕੰਪਲੈਕਸ ਵਿੱਚ ਹਜ਼ਾਰਾਂ ਸ਼ਰਧਾਲੂਆਂ ਦੀ ਵੱਡੀ ਹਾਜ਼ਰੀ ਹੋਣੀ ਸਰਕਾਰ ਦੀ ਜ਼ਰੂਰਤ ਸੀ। ਇਸੇ ਕਰਕੇ ਹੀ ਫੌਜੀ ਹਮਲੇ ਲਈ ਸ਼ਹੀਦੀ ਪੁਰਬ ਵਾਲਾ ਦਿਹਾੜਾ ਚੁਣਨਾ ਸਰਕਾਰ ਨੂੰ ਰਾਸ ਬਹਿੰਦਾ ਸੀ।

# ਪੰਜਾਬ ਪੁਲਿਸ ਚਾਹੁੰਦੀ ਹੈ ਕਿ ਸਿੱਖ ਆਪਣੇ ਉੱਤੇ ਹੋਏ ਜ਼ੁਲਮਾਂ ਨੂੰ ਭੁੱਲ ਜਾਣ

**ਗਗਨ ਦੀਪ ਸਿੰਘ**

ਜਿਨ੍ਹਾਂ ਜੁਝਾਰੂ ਯੋਧਿਆਂ ਦੇ ਪਰਿਵਾਰਾਂ ਨੂੰ ਅਣਮਨੁੱਖੀ ਤਸੀਹੇ ਦਿੱਤੇ ਗਏ ਜਾ ਘਰੋਂ ਚੁੱਕ ਲਾਪਤਾ ਕਰ ਦਿੱਤੇ ਗਏ ਜਾਇਦਾਦਾਂ ਕੁਰਕ ਕਰ ਦਿੱਤੀਆਂ ਗਈਆਂ ਉਨਾਂ ਨੂੰ ਪੁੱਛੋ ਕਿ ਆਜ਼ਾਦੀ ਦਾ ਕੀ ਮੁੱਲ ਹੁੰਦਾ ਤੇ ਕੀ ਮਾਇਨੇ ਰੱਖਦੀ ਹੈ ਕੌਮਾਂ ਲਈ ਇਸ ਲਈ ਇਹ ਅੱਜ ਵੀ ਉਸੇ ਕੌਮੀ ਮੰਗ ਖਾਲਿਸਤਾਨ ਉੱਤੇ ਦ੍ਰਿੜਤਾ ਨਾਲ ਪਹਿਰਾ ਦੇ ਰਹੇ ਹਨ।

ਬੱਬਰ ਖਾਲਸਾ ਇੰਟਰਨੈਸ਼ਨਲ ਦੇ ਇੱਕ ਖਾੜਕੂ ਭਾਈ ਅਮਰੀਕ ਸਿੰਘ ਕੌਲੀ ਦੇ ਪਿੰਡ ਕੌਲੀ ਜ਼ਿਲ੍ਹਾ ਪਟਿਆਲਾ ਵਿੱਚ ਉਨ੍ਹਾਂ ਦੇ ਘਰ ਨੂੰ ਜਿੰਦਰੇ ਲੱਗੇ ਹੋਏ ਹਨ ਸਾਰਾ ਪਰਿਵਾਰ ਘਰ ਛੱਡ ਕੇ ਰੂਪੋਸ਼ ਜਿੰਦਗੀ ਬਤੀਤ ਕਰ ਰਿਹਾ ਹੈ ਪੁਲਿਸ ਨੇ ਭਾਈ ਅਮਰੀਕ ਸਿੰਘ ਕੌਲੀ ਦੇ ਨਾਨੇ ਨੂੰ ਕਈ ਦਿਨ ਪੁਲਿਸ ਹਿਰਾਸਤ ਵਿੱਚ ਰੱਖਿਆ ਤੇ ਬਿਜਲੀ ਦੇ ਕਰੰਟ ਲਾਏ ਜਿਸ ਨਾਲ ਉਨ੍ਹਾਂ ਦੀ ਸੁਣਨ ਸ਼ਕਤੀ ਕਮਜ਼ੋਰ ਹੋ ਗਈ ਇਥੋਂ ਤੱਕ ਕਿ ਭਾਈ ਕੌਲੀ ਦੀ 70ਸਾਲਾ ਨਾਨੀ ਨੂੰ ਵੀ ਪੁਲਿਸ ਨੇ ਥੱਪੜ ਮਾਰੇ ਚਾਰ ਬੰਦਿਆਂ ਨੇ ਉਸ ਨੂੰ ਉਪਰ ਚੁੱਕ ਹੇਠਾਂ ਸੁੱਟਿਆ ਭਾਈ ਕੌਲੀ ਦੇ ਭਰਾ ਨੂੰ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖ ਬਿਜਲੀ ਦੇ ਕਰੰਟ ਲਾਏ ਪਟਿਆਲਾ ਸਦਰ ਥਾਣਾ ਦਾ ਐਸ ਐਚ ਓ ਸੰਤ ਰਾਮ ਪਿੰਡ ਵਿੱਚ ਆ ਸ਼ਰੇਆਮ ਲੋਕਾਂ ਨੂੰ ਕਹਿ ਗਿਆ ਕਿ ਜੇ ਕੌਲੀ ਦੀ ਮਾਂ ਹੱਥ ਆ ਗਈ ਉਸ ਨੂੰ ਖਤਮ ਕਰ ਦਿੱਤਾ ਜਾਏਗਾ ਭਾਈ ਕੌਲੀ ਦੇ ਬਹਿਨੋਈ ਨੂੰ ਪੁਲਿਸ ਨੇ ਬਠਿੰਡੇ ਤੋਂ ਹਿਰਾਸਤ ਵਿੱਚ ਲਿਆ ਜਿਸ ਦਾ ਕੋਈ ਥਹੁ ਪਤਾ ਨੀ ਲੱਗਾ।

ਦੂਜੇ ਪਾਸੇ ਇੱਕ ਹੋਰ ਖਾੜਕੂ ਨੇਤਾ ਭਾਈ ਹਰਭਜਨ ਸਿੰਘ ਮੰਡ ਦੇ ਬਿਰਧ ਮਾਤਾ ਪਿਤਾ 3ਸਾਲਾਂ ਦੀ ਤੇ 8ਸਾਲਾਂ ਦੀ ਲੜਕੀ ਨੂੰ ਪਿਛਲੇ 25ਦਿਨਾਂ ਤੋਂ ਐਸ ਐਸ ਪੀ ਰਾਜ ਕਿਸ਼ਨ ਬੇਦੀ ਨੇ ਗੈਰ ਕਾਨੂੰਨੀ ਹਿਰਾਸਤ ਵਿੱਚ ਰੱਖਿਆ ਹੋਇਆ ਹੈ।

ਇਸੇ ਤਰਾਂ ਪਿੰਡ ਕੁਲਾਰਾਂ ਜ਼ਿਲ੍ਹਾ ਸੰਗਰੂਰ ਦੇ ਨੌਜਵਾਨ ਖਾੜਕੂ ਨੇਤਾ ਭਾਈ ਸੁਖਰਾਮ ਸਿੰਘ ਕੁਲਾਰਾਂ ਦੀ ਮਾਤਾ ਜੀ ਨੂੰ ਪੁਲਿਸ ਅਗਵਾ ਕਰਕੇ ਲੈ ਗਈ ਅਤੇ ਮਗਰੋਂ ਉਸ ਦੀ ਮਿਰਤਕ ਦੇਹ ਮਿਲੀ ਜਦਕਿ ਭਾਈ ਸੁਖਰਾਮ ਸਿੰਘ ਪਹਿਲਾਂ ਹੀ ਇੱਕ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ ਦਿਖਾਇਆ ਗਿਆ ਸੀ। ਪਿੰਡ ਛਾਜਲੀ ਦੇ ਭਾਈ ਕੇਸਰ ਸਿੰਘ ਅਤੇ ਪਿੰਡ ਕਾਨਾਕੇ ਦੇ ਭਾਈ ਸਤਨਾਮ ਸਿੰਘ ਨੂੰ ਕੁੱਝ ਸਮਾਂ ਪਹਿਲਾਂ ਝੂਠੇ ਪੁਲਿਸ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ।

ਕਿਵੇ ਭੁੱਲ ਜਾਵਾਂ ਧੀਆਂ ਭੈਣਾਂ ਤੇ
ਕੀਤੇ ਕਹਿਰ ਜਿਹੜੇ,
ਉਜਾੜ ਜਿਹੜੇ ਰੱਖ ਦਿੱਤੇ ਸਾਡੇ
ਹੱਸਦੇ ਵੱਸਦੇ ਵਿਹੜੇ,

ਜ਼ਿੰਮੀਦਾਰ ਸਰਦਾਰ ਜਸਮੇਰ ਸਿੰਘ ਲਈ 22ਮਾਰਚ ਦੀ ਰਾਤ ਇਕ ਕਹਿਰ ਬਣਕੇ ਆਈ ਸਾਰਾ ਪਰਿਵਾਰ ਸੌ ਰਿਹਾ ਸੀ ਕੀ ਰਾਤ ਦੇ 12ਕੂ ਵਜੇ ਜਗਰਾਉਂ ਦੇ ਸੀ ਆਈ ਏ ਸਟਾਫ ਵਾਲੇ ਜੋ ਕੀ ਪੂਰੇ ਸ਼ਰਾਬ ਨਾਲ ਰਜੇ ਹੋਏ ਸਨ ਘਰ ਆ ਵੜੇ ਤੇ ਉਹਨਾ ਦੀ ਧੀ ਸਰਬਜੀਤ ਕੌਰ ਜੋ ਸਰਾਭਾ ਹਸਪਤਾਲ ਵਿੱਚ ਕਲਰਕ ਦੀ ਨੌਕਰੀ ਕਰਦੀ ਸੀ ਨੂੰ ਪੇਸ਼ ਹੋਣ ਲਈ ਕਿਹਾ ਤੇ ਆਪਣੇ ਨਾਲ ਇਹ ਕਹਿਕੇ ਲੈ ਆਏ ਕੀ ਇਸ ਕੋਲੋਂ ਖਾੜਕੂ ਸਿੰਘ ਦਵਾਈ ਲੈਕੇ ਗਿਆ ਹੈ ਵਿਚਾਰੀ ਧੀ ਨੂੰ ਕਈ ਦਿਨ ਨੀਦਰੇਂ ਤੇ ਭੁੱਖੇ ਰਖਿਆ ਅਣਮਨੁੱਖੀ ਤਸੀਹੇ ਦਿੱਤੇ ਤੇ ਧੀ ਸਰਬਜੀਤ ਕੌਰ ਬੇਹੋਸ਼ ਹੋ ਗਈ ਪਰਿਵਾਰ ਜਗਰਾਉਂ ਪੁਲਿਸ ਕੋਲ ਪਹੁੰਚਿਆ ਤਾਂ ਉਹ ਕਹਿੰਦੇ ਰਾਏਕੋਟ ਪੁਲਿਸ ਕੋਲ ਹੈ ਜਦੋਂ ਪੰਚਾਇਤ ਰਾਏਕੋਟ ਪਹੁੰਚੀ ਤਾਂ ਡੀ ਐਸ ਪੀ ਕਹਿੰਦਾ ਕੀ ਲੜਕੀ ਇਥੇ ਨਹੀਂ ਹੈ ਤੇ ਫਿਰ 24ਮਾਰਚ ਨੂੰ ਪਿੰਡ ਨੱਥੋਵਾਲ ਦੇ ਛੇ ਸੱਤ ਸੌ ਮਰਦਾਂ ਔਰਤਾਂ ਨੇ ਰਾਏਕੋਟ ਥਾਣੇ ਦਾ ਘਿਰਾਓ ਕੀਤਾ ਤੇ ਉਧਰ ਜਗਰਾਉਂ ਪੁਲਿਸ ਸਿਵਲ ਹਸਪਤਾਲ ਵਿੱਚ ਸਰਬਜੀਤ ਕੌਰ ਦਾ ਇਲਾਜ ਕਰਵਾ ਰਹੀ ਸੀ ਤੇ ਜਦੋਂ ਪਰਿਵਾਰ ਨੂੰ ਪਤਾ ਲਗਾ ਉਹ ਸਾਰੇ ਪਿੰਡ ਨਾਲ ਜਗਰਾਉਂ ਹਸਪਤਾਲ ਵਿਖੇ ਪਹੁੰਚੇ ਜਿਥੇ ਪੁਲਿਸ ਨੇ ਲੜਕੀ ਨੂੰ ਚੁੱਕਣ ਦੀ ਵੀ ਕੋਸ਼ਿਸ਼ ਕੀਤੀ ਪਰ ਹਾਲਤ ਨਾਜੁਕ ਹੋਣ ਕਰਕੇ ਡਾਕਟਰਾਂ ਨੇ ਮਨਾ ਕਰ ਦਿੱਤਾ ਆਖਿਰ ਜੋਰ ਪੈਣ ਤੇ ਸਰਬਜੀਤ ਕੌਰ ਨੂੰ ਨਾਜੁਕ ਹਾਲਤ ਵਿੱਚ ਹੀ ਘਰਦਿਆਂ ਨੂੰ ਸੌਂਪਿਆ ਗਿਆ।

ਇੱਕ ਪੱਤਰ ਅਨੁਸਾਰ ਡਾ ਪ੍ਰੀਤਮ ਸਿੰਘ ਸੇਖੋਂ ਦੀ ਭੈਣ ਬੀਬੀ ਮਨਜੀਤ ਕੌਰ ਜੋ ਕਿ ਥਾਣਾ ਧੂਰੀ ਦੇ ਪਿੰਡ ਭਸੌੜ ਦੇ ਡਾ ਹਰਜੀਤ ਸਿੰਘ ਨਾਲ ਵਿਆਹੀ ਹੋਈ ਸੀ ਨੂੰ ਪੁਲਿਸ ਪਤੀ ਸਮੇਤ ਨਾਭੇ ਤੋਂ ਚੁੱਕ ਕੇ ਲੈ ਗਈ ਡਾ ਸੇਖੋਂ ਦੀ ਇੱਕ ਹੋਰ ਰਿਸ਼ਤੇਦਾਰ 17 ਸਾਲਾ ਬੀਬੀ ਕਿਰਨਜੀਤ ਕੌਰ ਨੂੰ ਪੁਲਿਸ ਪਿੰਡ ਈਸੀ ਤੋਂ ਅਗਵਾ ਕਰਕੇ ਲੈ ਗਈ ਇਹਨਾਂ ਸਾਰਿਆਂ ਨੂੰ ਪਟਿਆਲਾ ਦੇ ਸੀ ਆਈ ਏ ਸਟਾਫ ਵਿੱਚ ਰੱਖਿਆ ਗਿਆ ਹੈ ਪਰਿਵਾਰਾਂ ਨੂੰ ਪੁਲਿਸ ਜ਼ਲੀਲ ਕਰਦੀ ਰਹੀ।

ਐਡਵੋਕੇਟ ਭਾਈ ਕੁਲਵੰਤ ਸਿੰਘ ਸੈਣੀ ਦੀ ਭਾਲ ਦੇ ਸੰਬੰਧ ਵਿੱਚ ਮਿਲੇ ਪਰ ਉਥੋਂ ਵੀ ਕੋਈ ਥਹੁ ਪਤਾ ਨਹੀਂ ਮਿਲਿਆ ਇਸ ਤੋਂ ਮਗਰੋਂ 2ਫਰਵਰੀ ਨੂੰ ਸਰਦਾਰ ਜਗੀਰ ਸਿੰਘ ਸੈਣੀ ਨੇ ਐਡਵੋਕੇਟ ਕੁਲਵੰਤ ਸਿੰਘ ਸੈਣੀ ਦੀ ਭੇਦ ਭਰੇ ਹਾਲਾਤਾਂ ਵਿੱਚ ਹੋਈ ਗੁੰਮਸ਼ੁਦਗੀ ਦੇ ਸੰਬੰਧ ਵਿੱਚ ਇੱਕ ਅਰਜ਼ੀ ਐਸ ਐਸ ਪੀ ਰੋਪੜ ਨੂੰ ਦਿੱਤੀ ਜਿਸ ਤੇ ਅਧਾਰਿਤ ਇੱਕ ਐਫ ਆਈ ਆਰ ਰੋਪੜ ਸਿਟੀ ਥਾਣੇ ਚ ਦਰਜ ਕੀਤੀ ਗਈ ਇਸ ਅਰਜ਼ੀ ਦੀਆਂ ਕਾਪੀਆਂ ਡੀ ਜੀ ਪੀ ਪੰਜਾਬ ਮੁੱਖ ਮੰਤਰੀ ਪੰਜਾਬ ਅਤੇ ਡੀ ਆਈ ਜੀ ਲੁਧਿਆਣਾ ਰੇਂਜ ਨੂੰ ਵੀ ਭੇਜੀਆਂ ਗਈਆਂ ਇਸ ਅਰਜ਼ੀ ਵਿੱਚ ਦਰਜ ਹੈ ਕਿ ਐਡਵੋਕੇਟ ਕੁਲਵੰਤ ਸਿੰਘ ਸੈਣੀ ਆਪਣੀ ਪਤਨੀ ਤੇ ਬੱਚੇ ਸਮੇਤ ਬੀਬੀ ਮਨਜੀਤ ਕੌਰ ਬੁੱਢਾ ਭੌਰਾ ਨੂੰ ਸਿਟੀ ਪੁਲਿਸ ਥਾਣੇ 25ਜਨਵਰੀ ਨੂੰ ਰਾਤ ਸਮੇਂ ਲੈਣ ਗਿਆ ਸੀ ਪਰ ਬਾਅਦ ਚ ਉਹਨਾਂ ਦੀ ਕੋਈ ਉਘ ਸੁੱਗ ਨਾ ਨਿਕਲੀ ਸਰਦਾਰ ਜਗੀਰ ਸਿੰਘ ਸੈਣੀ ਮੁਤਾਬਿਕ ਡੀ ਆਈ ਜੀ ਸ੍ਰੀ ਚੰਦਰ ਸ਼ੇਖਰ ਨੇ ਮੰਨਿਆ ਕਿ ਐਡਵੋਕੇਟ ਕੁਲਵੰਤ ਸਿੰਘ ਸੈਣੀ ਉਹਦੀ ਪਤਨੀ ਤੇ ਬੱਚਾ ਪੁਲਿਸ ਹਿਰਾਸਤ ਵਿੱਚ ਠੀਕ ਠਾਕ ਨੇ ਅਤੇ ਉਚ ਅਧਿਕਾਰੀਆਂ ਨਾਲ ਸਲਾਹ ਕਰਨ ਮਗਰੋਂ ਹੀ ਇਨ੍ਹਾਂ ਨੂੰ ਛੱਡਣ ਜਾ ਨਾ ਛੱਡਣ ਦਾ ਫੈਸਲਾ ਹੋਵੇਗਾ ਬਾਅਦ ਪਤਾ ਲੱਗਾ ਤਿੰਨਾਂ ਜੀਆਂ ਨੂੰ ਮਾਰ ਦਿੱਤਾ ਗਿਆ ਹੈ।

29ਅਗਸਤ 1991 ਨੂੰ ਅਜੀਤ ਪੂਹਲਾ ਆਪਣੇ ਹਥਿਆਰਬੰਦ ਗੁੰਡਿਆਂ ਨੂੰ ਨਾਲ ਲੈਕੇ ਰਾਤ ਨੂੰ ਜਾ ਪਹੁੰਚਿਆ ਪਿੰਡ ਜਟਾਣੇ ਦੀ ਜੂਹ ਤੇ ਜਦੋਂ ਇਸ ਨੇ ਜਾ ਭਾਈ ਬਲਵਿੰਦਰ ਸਿੰਘ ਜੀ ਜਟਾਣਾ ਦੇ ਘਰ ਦਾ ਬੂਹਾ ਖੜਕਾਇਆ ਤਾਂ ਬਸ ਅੰਦਰੋਂ ਖੁੱਲ੍ਹਦੇ ਸਾਰ ਹੀ ਇਹਨਾਂ ਗੁੰਡਿਆਂ ਨੇ ਗੋਲੀਆਂ ਦਾ ਮੀਂਹ ਵਰਸਾ ਦਿੱਤਾ ਜਿਸ ਵਿੱਚ ਭਾਈ ਜਟਾਣਾ ਜੀ ਦੀ ਦਾਦੀ ਬੀਬੀ ਦਵਾਰਕੀ ਕੌਰ ਜੀ ਮਾਸੀ ਜਸਮੇਰ ਕੌਰ ਜੀ ਭੈਣ ਮਨਪ੍ਰੀਤ ਕੌਰ ਜੀ ਅਤੇ ਪੋਲੀਓ ਦੀ ਬਿਮਾਰੀ ਨਾਲ ਪੀੜਤ ਭਾਣਜਾ ਸਿਮਰਨਜੀਤ ਸਿੰਘ ਸ਼ਹੀਦੀ ਪਾ ਗਏ ਤੇ ਕਾਤਲ ਟੋਲਾ ਜਾਣ ਲੱਗਾ ਸਾਰੇ ਘਰ ਨੂੰ ਅੱਗ ਦੇ ਹਵਾਲੇ ਕਰ ਗਿਆ ਜਦੋਂ ਇਹ ਖਬਰ ਭਾਈ ਬਲਵਿੰਦਰ ਸਿੰਘ ਜੀ ਜਟਾਣਾ ਤੱਕ ਪਹੁੰਚੀ ਤਾਂ ਅਗੋਂ ਭਾਈ ਜਟਾਣਾ ਜੀ ਨੇ ਹੱਸ ਕੇ ਕਿਹਾ ਚੱਲੋ ਅਸੀਂ ਵੀ ਗੁਰੂ ਗੋਬਿੰਦ ਸਿੰਘ ਜੀ ਨੂੰ ਜਾਕੇ ਕਹਾਂਗੇ ਕਿ ਅਸੀਂ ਵੀ ਤੁਹਾਡੇ ਨਕਸ਼ੇ ਕਦਮਾਂ ਤੇ ਚੱਲੇ ਹਾਂ।

ਪੁਲਿਸ ਵਲੋਂ ਜਥੇਬੰਦੀ ਖਾਲਿਸਤਾਨ ਕਮਾਂਡੋ ਫੋਰਸ ਪੰਜਵੜ ਗਰੁੱਪ ਦੇ ਨਾਲ ਸਬੰਧਤ ਖਾੜਕੂ ਭਾਈ ਹਰਪਿੰਦਰ ਸਿੰਘ ਗੋਲਡੀ ਦੀ ਭੈਣ ਹੋਣ ਕਰਕੇ ਬੀਬੀ ਅਮਨਦੀਪ ਕੌਰ 21ਸਾਲਾ ਉੱਤੇ ਤਸ਼ੱਦਦ ਕਰਨ ਮਗਰੋਂ ਕਤਲ ਕਰ ਦਿੱਤਾ ਗਿਆ

ਬਠਿੰਡਾ ਪੁਲਿਸ ਵਲੋਂ ਇੱਕ ਪਰਿਵਾਰ ਨੂੰ ਤੰਗ ਕਰਨ ਦੀ ਦਰਦਨਾਕ ਕਹਾਣੀ ਜਿਸ ਵਿੱਚ ਦਸਿਆ ਗਿਆ ਹੈ ਕਿ ਬਠਿੰਡਾ ਪੁਲਿਸ ਤੇ ਕਥਿਤ ਤੌਰ ਤੇ ਇੱਕ ਖਾੜਕੂ ਨੌਜਵਾਨ ਦੀ ਭੈਣ ਨੂੰ ਕਾਲੀਆਂ ਬਿੱਲੀਆਂ ਹੱਥੋਂ ਮਰਵਾ ਦਿੱਤਾ ਗਿਆ ਕਿਉਂਕਿ ਉਸ ਨੇ ਉਕਤ ਸੰਗਠਨ ਦੇ ਦਫਤਰ ਜਾਕੇ ਪੁਲਿਸ ਦੇ ਜ਼ਬਰ ਤੇ ਸਿਤਮ ਦੇ ਖਿਲਾਫ ਆਪਣੇ ਬਿਆਨ ਕਲਮਬੰਦ ਕਰਵਾਏ ਸਨ 21ਵਰਿਆਂ ਦੀ ਨਵ ਵਿਆਹੁਤਾ ਬੀਬੀ ਅਮਨਦੀਪ ਕੌਰ ਨੇ ਬਿਆਨ ਦਰਜ ਕਰਵਾਇਆ ਸੀ ਕਿ ਉਹ ਸਿਰਫ਼ ਇਸ ਲਈ ਰੂਪੋਸ਼ ਸੀ ਕਿਉਂਕਿ ਪੁਲਿਸ ਉਸ ਉਪਰ ਤਸ਼ੱਦਦ ਕਰਕੇ ਮਾਰ ਦੇਣਾ ਚਾਹੁੰਦੀ ਹੈ ਇਸ ਲਈ ਉਸ ਨੂੰ ਪੁਲਿਸ ਤੋਂ ਭਾਰੀ ਖਤਰਾ ਹੈ।

ਇਸ ਨਵੀਂ ਵਿਆਹੀ ਲੜਕੀ ਬੀਬੀ ਅਮਨਦੀਪ ਕੌਰ ਨੂੰ 21ਜਨਵਰੀ 1992 ਦੇ ਦਿਨ ਬਠਿੰਡਾ ਪੁਲਿਸ ਦੀਆਂ ਅਖੌਤੀ ਕਾਲੀਆਂ ਬਿੱਲੀਆਂ ਨੇ ਉਸ ਦੇ ਪਿਤਾ ਦੇ ਘਰ ਪਿੱਪਲੀ ਵਿੱਚ ਗੋਲੀ ਮਾਰ ਦਿੱਤੀ ਸੀ ਉਸ ਦਾ ਦੋਸ਼ ਸਿਰਫ ਇਹ ਸੀ ਕਿ ਉਹ ਖਾਲਿਸਤਾਨ ਕਮਾਂਡੋ ਫੋਰਸ ਪੰਜਵੜ ਗਰੁੱਪ ਦੇ ਨਾਲ ਸਬੰਧਤ ਭਾਈ ਹਰਪਿੰਦਰ ਸਿੰਘ ਗੋਲਡੀ ਦੀ ਭੈਣ ਸੀ ਰਿਪੋਰਟ ਵਿੱਚ ਦਸਿਆ ਗਿਆ ਹੈ ਕਿ ਉਸ ਨੂੰ ਬਠਿੰਡਾ ਪੁਲਿਸ ਵਲੋਂ ਬੜੇ ਦਰਦਨਾਕ ਕਸ਼ਟ ਸਹਿਣੇ ਪਏ ਉਸ ਨੂੰ ਪੁਲਿਸ ਨੇ ਕਨੇਡਾ ਤੋਂ ਵਿਆਹੁਣ ਆਏ ਪਤੀ ਜਸਵਿੰਦਰ ਸਿੰਘ ਸਰਾਅ ਅਤੇ ਉਸ ਦੇ ਪਿਤਾ ਨੂੰ ਜਗਵੰਤ ਸਿੰਘ ਨੂੰ ਪੁਲਿਸ ਨੇ ਬਠਿੰਡਾ ਜ਼ਿਲ੍ਹਾ ਦੇ ਵੱਖ ਵੱਖ ਥਾਣਿਆਂ ਅੰਦਰ ਰੱਖ ਕੇ ਬਾਪ ਪਤੀ ਮਾਂ ਭੈਣ ਦੇ ਨਾਲ ਹਰ ਤਰ੍ਹਾਂ ਬੇਇੱਜ਼ਤੀ ਤਸ਼ੱਦਦ ਤੇ ਜਲੀਲ ਕਰਨ ਵਾਲੀਆਂ ਹਰਕਤਾਂ ਦਾ ਸ਼ਿਕਾਰ ਬਣਾਇਆ ਗਿਆ।

ਦੋਸ਼ ਲਾਇਆ ਗਿਆ ਹੈ ਕਿ ਥਾਣਾ ਫੂਲ ਅੰਦਰ ਉਸ ਦੇ ਸਾਹਮਣੇ ਪਿਤਾ ਤੇ ਪਤੀ ਨੂੰ ਪੁਲਿਸ ਨੇ ਨੰਗਾ ਕਰ ਦਿੱਤਾ ਮਗਰੋਂ ਪੁਲਿਸ ਨੇ ਉਸ ਦੇ ਪਤੀ ਜਸਵਿੰਦਰ ਸਿੰਘ ਨੂੰ 24ਘੰਟਿਆਂ ਦੇ ਅੰਦਰ ਅੰਦਰ ਦੇਸ਼ ਛੱਡਣ ਜਾ ਮੌਤ ਦਾ ਸਾਹਮਣਾ ਕਰਨ ਦਾ ਹੁਕਮ ਦਿੱਤਾ ਜਿਸ ਦੇ ਫਲਸਰੂਪ ਉਹ 30ਅਕਤੂਬਰ ਨੂੰ ਭਾਰਤ ਛੱਡ ਗਿਆ ਇਹ ਵੀ ਦੋਸ਼ ਹੈ ਕਿ ਪੁਲਿਸ ਨੇ ਜਗਵੰਤ ਸਿੰਘ ਦੇ ਮਕਾਨ ਦੀ ਲੁੱਟਮਾਰ ਕੀਤੀ ਅਤੇ ਘਰ ਦਾ ਸਾਰਾ ਸਮਾਨ ਚੁੱਕ ਕੇ ਲੈ ਗਈ ਤਿੰਨ ਹਫਤਿਆਂ ਦੀ ਨਜਾਇਜ਼ ਬੰਦੀ ਪਿਛੋਂ ਬੀਬੀ ਅਮਨਦੀਪ ਕੌਰ ਰੂਪੋਸ਼ ਹੋ ਗਈ ਉਹ ਮਨੁੱਖੀ ਅਧਿਕਾਰ ਸੰਗਠਨ ਦੇ ਦਫਤਰ ਆਈ ਤੇ ਆਪਣਾ ਬਿਆਨ ਲਿਖਵਾਇਆ ਪਰ ਪੁਲਿਸ ਨੇ ਇੱਕ ਹੋਰ ਚਾਲ ਖੇਡ ਕੇ ਉਸ ਦਾ ਸਾਰਾ ਲੁੱਟਿਆ ਸਮਾਨ ਵਾਪਸ ਕਰ ਦਿੱਤਾ ਤੇ ਭਰੋਸਾ ਦਿੱਤਾ ਕਿ ਉਸ ਨੂੰ ਹੁਣ ਹੋਰ ਤੰਗ ਨਹੀਂ ਕੀਤਾ ਜਾਵੇਗਾ ਪੁਲਿਸ ਦੀ ਭਰੋਸਗੀ ਉਪਰ ਉਹ ਇਤਬਾਰ ਕਰਕੇ ਉਹ ਆਪਣੇ ਬਾਪ ਦੇ ਘਰ ਮੁੜ ਆਈ ਜਦ ਕਿ ਕਥਿਤ ਤੌਰ ਤੇ ਪੁਲਿਸ ਦੀਆਂ ਕਾਲੀਆਂ ਬਿੱਲੀਆਂ ਨੇ ਉਸ ਨੂੰ 21ਜਨਵਰੀ ਨੂੰ ਗੋਲੀ ਦਾ ਨਿਸ਼ਾਨਾ ਬਣਾ ਕੇ ਸਦਾ ਲਈ ਸ਼ਾਂਤ ਕਰ ਦਿੱਤਾ।

ਕਲੇਰ ਖੁਰਦ ਗੁਰਦਾਸਪੁਰ 14ਸਤੰਬਰ ਇਸੇ ਰਾਤ ਇੱਕ ਚਿੱਟੇ ਰੰਗ ਦੀ ਮਾਰੂਤੀ ਕਾਰ (ਪੀ ਬੀ ਸੀ 1381) ਵਿੱਚ ਪੰਜ ਵਿਅਕਤੀ ਆਏ ਲੁੱਟ ਖੋਹ ਦੇ ਇਰਾਦੇ ਨਾਲ ਉਹਨਾਂ ਨੇ ਘਰ ਤੋਂ ਕੁੱਝ ਕੂ ਦੂਰੀ ਤੇ ਕਾਰ ਖੜਾ ਦਿੱਤੀ ਇਸ ਘਟਨਾ ਵੇਲੇ ਕੁਲਵੰਤ ਸਿੰਘ ਆਪਣੇ ਖੇਤਾਂ ਨੂੰ ਪਾਣੀ ਲਾ ਰਿਹਾ ਸੀ ਇਹਨਾ ਕਾਲੀਆਂ ਬਿੱਲੀਆਂ ਨੇ ਕੁਲਵੰਤ ਸਿੰਘ ਦੀ ਭੈਣ ਸੁਖਵਿੰਦਰ ਕੌਰ ਜੋ ਕਿ ਘਰ ਵਿੱਚ ਇਕੱਲੀ ਸੀ ਨੂੰ ਡਰਾਇਆ ਧਮਕਾਇਆ ਤੇ ਕੁੱਟ ਮਾਰ ਵੀ ਕੀਤੀ ਤੇ ਬਾਅਦ ਵਿੱਚ ਉਸ ਕੋਲੋਂ 35ਗ੍ਰਾਮ ਸੋਨੇ ਦੇ ਗਹਿਣੇ ਅਤੇ 2000 ਰੁਪਏ ਨਗਦ ਲੈ ਗਏ,

ਇਸ ਲੁੱਟ ਤੋਂ ਬਾਅਦ ਉਹ ਭਾਈ ਮਹਿੰਦਰ ਸਿੰਘ ਦੇ ਘਰ ਦਾਖਲ ਹੋਏ ਮਹਿੰਦਰ ਸਿੰਘ ਤੇ ਉਸ ਦੀ ਧੀ ਅੰਦਰ ਸੁੱਤੇ ਪਏ ਸਨ ਅਤੇ ਉਸ ਦੀ ਪਤਨੀ ਤੇ ਬੇਟਾ ਬਾਹਰ ਬਰਾਂਡੇ ਵਿੱਚ ਸੁੱਤੇ ਪਏ ਸਨ ਇਹਨਾਂ ਨੇ ਉਸ ਦੀ ਪਤਨੀ ਦਲਬੀਰ ਕੌਰ ਨੂੰ ਜਗਾਇਆ ਅਤੇ ਘਰ ਦੇ ਮਰਦ ਮੈਂਬਰਾਂ ਬਾਰੇ ਪੁੱਛਿਆ ਜਦ ਉਸ ਨੇ ਆਪਣੇ ਪਤੀ ਮਹਿੰਦਰ ਸਿੰਘ ਬਾਰੇ ਦੱਸਿਆ ਤਾਂ ਇਹਨਾਂ ਨੇ ਅੰਦਰ ਜਾ ਉਸ ਨੂੰ ਬਾਹਾਂ ਤੋਂ ਫੜ ਲਿਆ ਤੇ ਕਿਹਾ ਕਿ ਸਾਡਾ ਬਹੁਤ ਨੁਕਸਾਨ ਹੋਇਆ ਇਸ ਲਈ ਸਾਨੂੰ ਇੱਕ ਚੀਨੀ ਏਕੇ47 ਰਾਈਫਲ ਲੈਕੇ ਦੇਵੇ ਤਾਂ ਮਹਿੰਦਰ ਸਿੰਘ ਨੇ ਵਾਸਤੇ ਪਾਏ ਕਿ ਮੇਰੇ ਕੋਲ ਇਸ ਵਕਤ ਕੋਈ ਪੈਸਾ ਨਹੀ ਹੈ ਮੈ ਤੁਹਾਨੂੰ ਕੁੱਝ ਸਮੇਂ ਤੱਕ ਲੈਕੇ ਦੇ ਦਵਾਗਾਂ ਮੇਰੀ ਧੀ ਜਸਵੰਤ ਕੌਰ ਦਾ 27ਸਤੰਬਰ ਦਾ ਵਿਆਹ ਰੱਖਿਆ ਹੋਇਆ ਤੇ ਮੇਰੇ ਤੇ ਰਹਿਮ ਕਰੋ ਅਗੋਂ ਉਹ ਬੋਲੇ ਕਿ ਫਿਰ ਤਾਂ ਘਰ ਵਿੱਚ ਬੜਾ ਕੀਮਤੀ ਸਮਾਨ ਪਿਆ ਹੋਵੇਗਾ ਤੇ ਉਹਨਾਂ ਚੋਂ ਇੱਕ ਬੰਦਾ ਅੰਦਰ ਵੜਕੇ ਘਰ ਦੇ ਸਮਾਨ ਦੀ ਖੋਲਾ ਫਰੋਲੀ ਕਰਨ ਲਗ ਪਿਆ ਇੰਨੇ ਸਮੇਂ ਨੂੰ ਪਿੰਡ ਵਿੱਚ ਕੋਈ ਗੜਬੜ ਹੋ ਗਈ ਤੇ ਬਾਹਰ ਖੜੇ ਕੈਟ ਵਿਹੜੇ ਵਿੱਚ ਆ ਗਏ ਤੇ ਅੰਦਰਲਾ ਬੰਦਾ ਘਬਰਾ ਗਿਆ ਕਿ ਕੀਤੇ ਪਿੰਡ ਵਾਲੇ ਪੁਲਿਸ ਲੈਕੇ ਆ ਗਏ ਤੇ ਉਸ ਨੇ ਏਕੇ47 ਦਾ ਫਾਇਰ ਖੋਲ ਦਿੱਤਾ ਜਿਸ ਵਿੱਚ ਮਹਿੰਦਰ ਸਿੰਘ ਦਾ ਇਕਲੌਤਾ ਪੁੱਤ ਅਜਮੇਰ ਸਿੰਘ ਸਤਵੀਂ ਜਮਾਤ ਵਿੱਚ ਪੜਦਾ ਮਾਰਿਆ ਗਿਆ ਤੇ ਇਸ ਹਫੜਾ ਦਫੜੀ ਵਿੱਚ ਇੱਕ ਕੈਟ ਵੀ ਮਾਰਿਆ ਗਿਆ ਤੇ ਬਾਕੀ ਬਚ ਨਿਕਲੇ ਇਸ ਤਰ੍ਹਾਂ ਪੰਜਾਬ ਪੁਲਿਸ ਦੇ ਬਣਾਏ ਗਏ ਇਸ ਖ਼ੂਨੀ ਟੋਲੇ ਨੇ ਅਨੇਕਾਂ ਘਰਾਂ ਦੇ ਦੀਵੇ ਬੁਝਾ ਦਿੱਤੇ।

ਪੰਜਾਬ ਵਿੱਚ ਬੇਅੰਤ ਸਿੰਘ ਦੀ ਸਰਕਾਰ ਵੇਲੇ ਦੀ ਇੱਕ ਕਹਾਣੀ ਚਰਨਜੀਤ ਸਿੰਘ ਦੇ ਹੈ ਜੋ ਆਪਣੇ ਬਿਰਧ ਮਾਂ ਪਿਉ ਦਾ ਇਕਲੌਤਾ ਲੜਕਾ ਸੀ ਜਿਸ ਨੂੰ ਪੁਲਿਸ ਨੇ 6ਅਪ੍ਰੈਲ 1991 ਨੂੰ ਦਿਨ ਦਿਹਾੜੇ ਪਿੰਡ ਸਿਧਾਣਿਆ ਦੇ ਨਹਿਰ ਵਾਲੇ ਪੁੱਲ ਤੋਂ ਚੁੱਕ ਕੇ ਲਾਪਤਾ ਕਰ ਦਿੱਤਾ ਬਿਰਧ ਮਾਂ ਪਿਉ ਨੂੰ ਥਾਣੇ ਦੇ ਇੱਕ ਮੁਲਾਜ਼ਮ ਨੇ ਦਸਿਆ ਕਿ ਇੰਚਾਰਜ ਗੁਰਦਰਸ਼ਨ ਸਿੰਘ ਨੇ ਚਰਨਜੀਤ ਸਿੰਘ ਨਾਲ ਕਈ ਦਿਨ ਬੜੀ ਕੁੱਟਮਾਰ ਕੀਤੀ ਤੇ ਇਸ ਮਗਰੋਂ ਉਸ ਨੂੰ ਥਾਣੇ ਵਾਲਿਆਵਾਲੀ ਵਾਲੇ ਬਰਨਾਲੇ ਲੈ ਗਏ ਚਰਨਜੀਤ ਦੇ ਪਿਤਾ ਨੂੰ ਜਦੋਂ ਪੁੱਤਰ ਬਾਰੇ ਪੁੱਛਿਆ ਤਾਂ ਉਹਨਾਂ ਨੇ ਕਿਹਾ ਕਿ ਮੈ ਪੂਰੇ 32 ਸਾਲ ਪੂਰੀ ਇਮਾਨਦਾਰੀ ਨਾਲ ਫੌਜ ਦੀ ਨੌਕਰੀ ਕੀਤੀ ਹੈ ਤੇ ਜਦੋਂ ਅੱਜ ਮੈ ਘਰ ਰਿਟਾਇਰ ਹੋਕੇ ਬੈਠਾ ਤਾਂ ਸਰਕਾਰ ਨੇ ਮੈਨੂੰ ਇਹ ਇਨਾਮ ਦਿੱਤਾ ਕਿ ਪੁਲਿਸ ਨੇ ਸਾਡਾ ਇਕਲੌਤਾ ਪੁੱਤ ਚੁੱਕ ਕੇ ਮਾਰ ਖਪਾ ਦਿੱਤਾ ਤਰੱਕੀਆਂ ਲੈਣ ਦੀ ਖਾਤਰ ਅਸੀ ਤਾਂ ਹੁਣ ਸਾਰੇ ਪਾਸੇ ਧੱਕੇ ਖਾ ਕੇ ਹਾਰ ਹੰਭ ਗਏ ਹਾਂ।

ਅੰਮ੍ਰਿਤਸਰ 1 ਮਈ ਪੱਤਰ ਪ੍ਰੇਰਕ ਪੰਜਾਬ ਵਿੱਚ ਪੁਲਿਸ ਵਧੀਕੀਆਂ ਦਿਨ ਬ ਦਿਨ ਵਧਦੀਆਂ ਜਾ ਰਹੀਆਂ ਹਨ ਅਤੇ ਬਿਆਸ ਹਲਕਾ ਦੇ ਪਿੰਡ ਬੁਤਾਲਾ ਪਿਛੋਂ ਇਸ ਦੀ ਇੱਕ ਤਾਜਾ ਮਿਸਾਲ ਵੇਖਣ ਵਿੱਚ ਆਈ ਹੈ,




ਪ੍ਰਾਪਤ ਵੇਰਵੇ ਅਨੁਸਾਰ ਅੰਮ੍ਰਿਤਸਰ ਜੇਲ੍ਹ ਵਿੱਚ ਭੰਨਤੋੜ ਦੀਆਂ ਕਾਰਵਾਈਆਂ ਦੇ ਕਾਨੂੰਨ ਤਹਿਤ ਬੰਦ ਪਿਉ ਪੁੱਤਰ ਸਰਦਾਰ ਸਵਰਨ ਸਿੰਘ ਅਤੇ ਸਤਨਾਮ ਸਿੰਘ ਵਾਸੀ ਲਹਿਰ ਕੇ ਥਾਣਾ ਕੱਥੂਨੰਗਲ ਨੇ ਮਨੁੱਖੀ ਅਧਿਕਾਰ ਸੰਗਠਨ ਦੇ ਇੱਕ ਮੈਂਬਰ ਅਤੇ ਐਡਵੋਕੇਟ ਵਰਿੰਦਰਪਾਲ ਸਿੰਘ ਭਾਟੀਆ ਨੂੰ ਇੱਕ ਪੱਤਰ ਲਿਖਿਆ ਹੈ ਜਿਸ ਵਿੱਚ ਸਵਰਨ ਸਿੰਘ ਨੇ ਪੁਲਿਸ ਵਲੋਂ ਉਸ ਦੀਆਂ ਲੜਕੀਆਂ ਤੇ ਤਸ਼ੱਦਦ ਦਾ ਸਬੂਤ ਪੇਸ਼ ਕੀਤਾ ਹੈ, ਸਵਰਨ ਸਿੰਘ ਨੇ ਪੱਤਰ ਵਿੱਚ ਲਿਖਿਆ ਹੈ ਕਿ ਉਸ ਦੀ ਲੜਕੀ ਪਰਮਜੀਤ ਕੌਰ ਨੂੰ 21 ਅਪ੍ਰੈਲ ਨੂੰ ਜੇਲ੍ਹ ਵਿੱਚ ਮਿਲਣ ਆਈ ਸੀ ਜਦੋਂ ਉਹ ਮੁਲਾਕਾਤ ਕਰਕੇ ਵਾਪਸ ਜਾ ਰਹੀ ਸੀ ਤਾਂ ਪੁਲਿਸ ਨੇ ਉਸ ਨੂੰ ਤਲਵੰਡੀ ਘੁੰਮਣ ਦੇ ਬਸ ਅੱਡੇ ਤੇ ਉਤਰਦਿਆਂ ਹੀ ਗ੍ਰਿਫਤਾਰ ਕਰ ਲਿਆ ਅਤੇ ਇਸ ਦੇ ਨਾਲ ਹੀ ਉਸ ਦੀ ਪਤਨੀ ਅਮਰੀਕ ਕੌਰ ਛੋਟੀ ਲੜਕੀ ਗੁਰਮੀਤ ਕੌਰ ਅਤੇ ਲੜਕੇ ਸੁਖਵਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ, ਸਵਰਨ ਸਿੰਘ ਅਨੁਸਾਰ ਸਾਰ ਪਰਿਵਾਰ ਨੂੰ ਗ੍ਰਿਫਤਾਰ ਕਰਕੇ ਮਹਿਤਾ ਥਾਣੇ ਲੈ ਗਏ ਕਿ ਪਹਿਲਾਂ ਫੜੇ ਮੁਜਰਿਮਾ ਨੇ ਉਹਨਾਂ ਦੀ ਪਛਾਣ ਕਰਨੀ ਹੈ ਪ੍ਰਾਪਤ ਵੇਰਵੇ ਅਨੁਸਾਰ ਪਿੰਡ ਦੀ ਪੰਚਾਇਤ ਨੇ ਉਨ੍ਹਾਂ ਦੇ ਦੋਸ਼ ਬਾਰੇ ਪੁੱਛਿਆ ਤੇ ਆਖਿਆ ਕਿ ਇਨ੍ਹਾਂ ਨੂੰ ਛੱਡ ਦਿਉ ਪਰ ਪੁਲਿਸ ਨੇ ਪੰਚਾਇਤ ਦੀ ਕੋਈ ਗੱਲ ਨਾ ਸੁਣੀ ਪਰ ਪੁਲਿਸ ਅਫਸਰਾਂ ਦੀ ਮੌਜੂਦਗੀ ਵਿੱਚ ਉਨਾਂ ਨੇ ਅਕਹਿ ਤਸ਼ੱਦਦ ਕੀਤਾ ਗਿਆ ਤੇ ਤਿੰਨ ਦਿਨ ਤਸ਼ੱਦਦ ਕਰਨ ਮਗਰੋਂ ਬਿਨਾਂ ਕਿਸੇ ਨੂੰ ਦੱਸੇ ਛੱਡ ਦਿੱਤਾ ਗਿਆ, ਸਵਰਨ ਸਿੰਘ ਨੇ ਦਸਿਆ ਕਿ ਛੋਟੀ ਲੜਕੀ ਗੁਰਮੀਤ ਕੌਰ ਜੋ ਕਿ ਦਸਵੀਂ ਜਮਾਤ ਵਿੱਚ ਪੜਦੀ ਹੈ ਉਸ ਉੱਤੇ ਇਨ੍ਹਾਂ ਤਸ਼ੱਦਦ ਢਾਇਆ ਗਿਆ ਕਿ ਉਸ ਦੀ ਹਾਲਤ ਬਹੁਤ ਮੰਦੀ ਹੈ ਪਿੰਡ ਵਾਲਿਆਂ ਦੀ ਮੱਦਦ ਨਾਲ ਉਸ ਨੂੰ ਥਿਰੀਏਵਾਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸਵਰਨ ਸਿੰਘ ਨੇ ਮਨੁੱਖੀ ਅਧਿਕਾਰ ਸੰਗਠਨ ਕੋਲ ਅਪੀਲ ਕੀਤੀ ਕਿ ਉਸ ਦੇ ਪਰਿਵਾਰ ਨੂੰ ਪੁਲਿਸ ਤਸ਼ੱਦਦ ਤੋਂ ਬਚਾਇਆ ਜਾਵੇ।

ਇਸੇ ਤਰਾਂ ਹੀ ਸ਼ਹੀਦ ਹਰਮੀਤ ਸਿੰਘ ਜੀ ਭਾਊਵਾਲ ਦੀ ਸਿੰਘਣੀ ਸ਼ਹੀਦ ਭਾਈ ਲਛਮਨ ਸਿੰਘ ਜੀ ਬੱਬਰ ਦੀ ਸਿੰਘਣੀ ਸ਼ਹੀਦ ਰਮਿੰਦਰਜੀਤ ਸਿੰਘ ਜੀ ਟੈਣੀ ਬੱਬਰ ਅਤੇ ਸ਼ਹੀਦ ਭਾਈ ਧਰਮਵੀਰ ਸਿੰਘ ਜੀ ਕੰਮੋਕੇ ਦੀ ਸਿੰਘਣੀ ਜਿਨਾਂ ਦੇ ਬੱਚਾ ਹੋਣ ਵਾਲਾ ਸੀ ਨੂੰ ਵੀ ਪੁਲਿਸ ਨੇ ਗੋਲੀਆਂ ਮਾਰ ਸ਼ਹੀਦ ਕਰ ਦਿੱਤਾ। ਇਹ ਕੁੱਝ ਸਿਰਫ ਸਿੱਖਾਂ ਨਾਲ ਹੀ ਹੋਇਆ।

ਜੂਨ 1984 ਦਾ ਘੱਲੂਘਾਰਾ

# ਤਵਾਰੀਖ਼ੀ ਸੰਦਰਭ 'ਚ ਬਹੁਤ ਕੁਝ ਕਰਨਾ ਬਾਕੀ

ਤਲਵਿੰਦਰ ਸਿੰਘ ਬੁੱਟਰ



*ਜੂਨ 1984 ਦੇ ਫ਼ੌਜੀ ਹਮਲੇ ਦੌਰਾਨ ਸਿੱਖ ਵਿਰਾਸਤ, ਸਾਹਿਤ, ਇਤਿਹਾਸ ਅਤੇ ਸਿਧਾਂਤਕ ਦਸਤਾਵੇਜ਼ਾਂ ਨੂੰ ਵੀ ਲੁਕਵੀਂ ਤੇ ਦੂਰਰਸੀ ਨੀਤੀ ਤਹਿਤ ਨਿਸ਼ਾਨਾ ਬਣਾਇਆ ਗਿਆ ਸੀ। ਫ਼ੌਜੀ ਹਮਲੇ ਦੌਰਾਨ ਸ੍ਰੀ ਦਰਬਾਰ ਸਾਹਿਬ ਵਿਖੇ ਸਥਿਤ ਸਿੱਖ ਰੈਫ਼ਰੈਂਸ ਲਾਇਬਰੇਰੀ 'ਚ ਅੱਗ ਲੱਗਣ ਨਾਲ ਬਹੁਤ ਸਾਰਾ ਬੇਸ਼ਕੀਮਤੀ ਸਾਮਾਨ ਸੜ ਗਿਆ। ਇਸ ਤੋਂ ਬਾਅਦ ਫ਼ੌਜ ਨੇ ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚੋਂ ਸਿੱਖ ਧਰਮ ਨਾਲ ਸਬੰਧਤ ਬਹੁਤ ਹੀ ਮੌਲਿਕ, ਇਤਿਹਾਸਕ ਦਸਤਾਵੇਜ਼, ਗ੍ਰੰਥ, ਹੋਰ ਬਹੁਤ ਸਾਰੇ ਖਰੜੇ ਅਤੇ ਵਿਰਾਸਤੀ ਵਸਤਾਂ ਜ਼ਬਤ ਕਰ ਲਈਆਂ ਸਨ।*


ਭਾਵੇਂ ਕਿ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਬਾਰੇ ਬਹੁਤ ਕੁਝ ਲਿਖਿਆ ਜਾ ਚੁੱਕਿਆ ਹੈ, ਪਰ ਇਸ ਹਮਲੇ ਦੇ ਵਿਆਪਕ ਵਰਤਾਰੇ ਪਿੱਛੇ ਲੁਕਵੇਂ ਉਦੇਸ਼ਾਂ ਅਤੇ ਤਮਾਮ ਜ਼ਿੰਮੇਵਾਰ ਤਾਕਤਾਂ ਨੂੰ ਸਾਹਮਣੇ ਲਿਆਉਣਾ, ਸਿੱਖਾਂ ਦੇ ਹੋਏ ਜਾਨੀ ਅਤੇ ਇਤਿਹਾਸਕ ਕੌਮੀ ਨੁਕਸਾਨ ਦਾ ਮੁਕੰਮਲ ਲੇਖਾ-ਜੋਖਾ ਕਰਦਿਆਂ ਸਿੱਖ ਜਨ-ਮਾਨਸ ਨੂੰ ਇਸ ਸਾਕੇ ਦੇ ਸਦਮੇ ਵਿਚੋਂ ਬਾਹਰ ਕੱਢ ਕੇ, ਕੌਮੀ ਸ਼ਕਤੀ ਦੇ ਰੂਪ ਵਿਚ ਸਿੱਖ ਧਰਮ ਦੇ ਸਰਬ-ਕਲਿਆਣਕਾਰੀ ਪੰਧ ਦਾ ਕਾਰਵਾਂ ਜਾਰੀ ਰੱਖਣ ਅਤੇ ਅਜੋਕੇ ਵਿਸ਼ਵ ਪ੍ਰਸੰਗ 'ਚ ਸਿੱਖ ਕੌਮ ਦੀ ਭੂਮਿਕਾ ਤੈਅ ਕਰਨ ਲਈ ਚਿੰਤਨ ਕੀਤਾ ਜਾਣਾ ਬਾਕੀ ਹੈ।

ਜੂਨ 1984 ਦੇ ਘੱਲੂਘਾਰੇ ਤੋਂ ਤਿੰਨ ਦਹਾਕੇ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਸ ਘੱਲੂਘਾਰੇ ਦੇ ਸ਼ਹੀਦਾਂ ਦੀ ਸਮੂਹਿਕ ਯਾਦਗਾਰ ਦਾ ਨਿਰਮਾਣ ਤਾਂ ਕਰਵਾ ਦਿੱਤਾ ਗਿਆ ਹੈ ਪਰ ਇਸ ਘੱਲੂਘਾਰੇ ਵਿਚ ਸ਼ਹੀਦ ਹੋਏ ਜੁਝਾਰੂਆਂ, ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਗਿਣਤੀ ਬਾਰੇ ਹਾਲੇ ਤੱਕ ਪ੍ਰਮਾਣਿਕ ਅੰਕੜੇ ਸਾਹਮਣੇ ਨਹੀਂ ਲਿਆਂਦੇ ਜਾ ਸਕੇ। ਕੇਂਦਰੀ ਸਿੱਖ ਅਜਾਇਬ ਘਰ ਵਿਖੇ 1984 ਦੇ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੇ ਸ਼ਹੀਦਾਂ ਦੀ ਸੂਚੀ ਵਿਚ 743 ਨਾਂਅ ਸ਼ਾਮਿਲ ਹਨ। ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਵੇਲੇ 350 ਇਨਫੈਂਟਰੀ ਬ੍ਰਿਗੇਡ ਦੇ ਕਮਾਡਰ ਰਹੇ ਭਾਰਤੀ ਫ਼ੌਜ ਦੇ ਸੇਵਾਮੁਕਤ ਬਿ?ਗੇਡੀਅਰ ਡੀ.ਵੀ. ਰਾਓ ਨੇ ਅੰਮ੍ਰਿਤਸਰ ਦੀ ਅਦਾਲਤ ਵਿਚ ਦਾਇਰ ਕੀਤੇ ਹਲਫ਼ੀਆ ਬਿਆਨ ਵਿਚ ਹਮਲੇ ਦੌਰਾਨ ਮ੍ਰਿਤਕਾਂ ਦੀ ਗਿਣਤੀ 492 ਦੱਸੀ ਸੀ ਜਦੋਂ ਕਿ ਮੌਕੇ 'ਤੇ ਹਾਜ਼ਰ ਲੋਕ ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਅਤੇ ਆਸ-ਪਾਸ ਮਾਰੇ ਗਏ ਵਿਅਕਤੀਆਾ ਦੀ ਗਿਣਤੀ 8 ਹਜ਼ਾਰ ਦੇ ਲਗਭਗ ਦੱਸਦੇ ਹਨ। ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਇੰਦਰਜੀਤ ਸਿੰਘ ਜੇਜੀ ਵਲੋਂ ਤਿਆਰ ਕੀਤੀ ਇਕ ਰਿਪੋਰਟ ਅਨੁਸਾਰ ਸ੍ਰੀ ਦਰਬਾਰ ਸਾਹਿਬ ਉਤੇ ਕੀਤੀ ਗਈ ਫ਼ੌਜੀ ਕਾਰਵਾਈ ਵਿਚ, ਸ੍ਰੀ ਮਰਵਾਹਾ ਦੇ ਹਵਾਲੇ ਤਹਿਤ 4712 ਸਿੱਖਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਮ੍ਰਿਤਕਾਂ ਦੇ ਸਸਕਾਰ ਦੀ ਗਿਣਤੀ ਸ਼ਮਸ਼ਾਨ ਘਾਟ ਮੁਤਾਬਕ ਲਗਪਗ 3300 ਦੱਸੀ ਗਈ ਹੈ। ਦਲ ਖ਼ਾਲਸਾ ਵਲੋਂ ਆਪਣੇ ਪੱਧਰ 'ਤੇ ਪੰਜ ਸਾਲ ਦੀ ਖੋਜ ਅਤੇ ਯਤਨਾਂ ਤੋਂ ਬਾਅਦ ਦਰਬਾਰ ਸਾਹਿਬ ਸਮੂਹ ਵਿਚ ਸ਼ਹੀਦ ਹੋਏ 220 ਜੁਝਾਰੂਆਂ ਦੇ ਵੇਰਵਿਆਂ 'ਤੇ ਆਧਾਰਿਤ ਇਕ ਡਾਇਰੀ ਬਣਾਈ ਗਈ ਹੈ। ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਗਏ 'ਸਫ਼ੇਦ ਪੱਤਰ' ਅਨੁਸਾਰ ਹਮਲੇ ਦੌਰਾਨ ਚਾਰ ਫ਼ੌਜੀ ਅਫ਼ਸਰਾਂ ਸਣੇ 83 ਜਵਾਨ ਮਾਰੇ ਗਏ ਜਦੋਂ ਕਿ 12 ਅਫ਼ਸਰ ਤੇ 237 ਜਵਾਨ ਜ਼ਖ਼ਮੀ ਹੋਏ ਸਨ। ਸਰਕਾਰੀ 'ਸਫ਼ੇਦ ਪੱਤਰ' ਸ੍ਰੀ ਦਰਬਾਰ ਸਾਹਿਬ ਸਮੂਹ ਅੰਦਰ 493 ਲੋਕਾਂ ਦੇ ਮਾਰੇ ਜਾਣ ਦੀ ਜਾਣਕਾਰੀ ਦਿੰਦਾ ਹੈ, ਪਰ 20 ਮਈ 2001 ਨੂੰ 'ਦ ਟ੍ਰਿਬਿਊਨ' ਵਿਚ ਸ੍ਰੀ ਦਰਬਾਰ ਸਾਹਿਬ ਵਿਚ ਹੋਈ ਫ਼ੌਜੀ ਕਾਰਵਾਈ ਦੇ ਚਸ਼ਮਦੀਦ ਗਵਾਹ ਪੰਜਾਬ ਪੁਲਿਸ ਦੇ ਇਕ ਸਾਬਕਾ ਐਸ.ਪੀ. ਨੇ ਖੁਲਾਸਾ ਕੀਤਾ ਸੀ ਕਿ ਇਕੱਲੇ ਸ੍ਰੀ ਦਰਬਾਰ ਸਾਹਿਬ ਇਲਾਕੇ ਵਿਚੋਂ 800 ਲਾਸ਼ਾਂ ਦਾ ਸਸਕਾਰ ਕੀਤਾ ਗਿਆ ਸੀ। ਬੀ.ਬੀ.ਸੀ. ਲੰਡਨ ਸਮਾਚਾਰ ਏਜੰਸੀ ਦੇ ਪੱਤਰਕਾਰ ਮਾਰਕ ਟਲੀ ਅਤੇ ਸਤੀਸ਼ ਜੈਕਬ ਆਪਣੀ ਪੁਸਤਕ 'ਅੰਮ੍ਰਿਤਸਰ : ਸ੍ਰੀਮਤੀ ਇੰਦਰਾ ਗਾਂਧੀ ਦੀ ਆਖ਼ਰੀ ਲੜਾਈ' ਵਿਚ ਲਿਖਦੇ ਹਨ ਕਿ, ਜੂਨ '84 ਦੇ ਸ੍ਰੀ ਦਰਬਾਰ ਸਾਹਿਬ ਹਮਲੇ ਦੌਰਾਨ 1600 ਦੇ ਕਰੀਬ ਸ਼ਰਧਾਲੂਆਂ ਦਾ ਕੋਈ ਥਹੁ-ਪਤਾ ਨਹੀਂ ਲੱਗਾ। ਲਿਹਾਜ਼ਾ ਉਹ ਹਮਲੇ ਦੌਰਾਨ ਫ਼ੌਜ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਕੇ ਮਾਰੇ ਗਏ ਹੋਣਗੇ, ਜਾਂ ਫ਼ਿਰ ਫ਼ੌਜ ਨੇ ਤਸ਼ੱਦਦ ਤੋਂ ਬਾਅਦ ਮਾਰ-ਖਪਾਏ ਹੋਣਗੇ। ਸਿੱਖ ਸੰਸਥਾਵਾਂ ਅਤੇ ਇਤਿਹਾਸਕਾਰਾਂ ਨੇ 1984 ਦੇ ਘੱਲੂਘਾਰੇ ਦੌਰਾਨ ਸ਼ਹੀਦ, ਜ਼ਖ਼ਮੀ ਅਤੇ ਲਾਪਤਾ ਹੋਏ ਲੋਕਾਂ ਦੀ ਸਹੀ ਗਿਣਤੀ ਅਤੇ ਹੋਰ ਨੁਕਸਾਨ ਦਾ ਪ੍ਰਮਾਣਿਕ ਅਨੁਮਾਨ ਲਗਾਉਣ ਲਈ ਬਹੁਤਾ ਸੰਜੀਦਾ ਤਰੱਦਦ ਨਹੀਂ ਕੀਤਾ। ਸ਼੍ਰੋਮਣੀ ਕਮੇਟੀ ਨੇ ਵੀ ਸਰਕਾਰੀ 'ਸਫ਼ੇਦ ਪੱਤਰ' ਤੋਂ ਬਾਅਦ ਇਕ 'ਸਫ਼ੇਦ ਪੱਤਰ' ਜਾਰੀ ਕਰਕੇ ਸਰਕਾਰੀ ਦਾਅਵਿਆਂ ਨੂੰ ਝੁਠਲਾਉਣ ਦਾ ਯਤਨ ਕੀਤਾ ਸੀ, ਪਰ ਅਖ਼ਬਾਰਾਂ ਦੇ ਹਵਾਲਿਆਂ ਨਾਲ ਜਾਣਕਾਰੀ ਦੇਣ ਤੋਂ ਇਲਾਵਾ ਇਤਿਹਾਸ ਦਾ ਹਿੱਸਾ ਬਣਨ ਯੋਗ ਪ੍ਰਮਾਣਿਕ ਤੱਥ ਸਾਹਮਣੇ ਨਹੀਂ ਲਿਆਂਦੇ ਜਾ ਸਕੇ।

ਜਦੋਂ ਵੀ ਜੂਨ 1984 ਦੇ ਘੱਲੂਘਾਰੇ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਨੂੰ ਸਿਰਫ਼ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੱਕ ਹੀ ਮਹਿਦੂਦ ਰੱਖਿਆ ਜਾਂਦਾ ਹੈ ਜਦੋਂ ਕਿ ਉਸੇ ਵੇਲੇ ਪੰਜਾਬ ਭਰ ਦੇ ਤਿੰਨ ਦਰਜਨ ਤੋਂ ਵੱਧ ਗੁਰਦੁਆਰਿਆਂ 'ਤੇ ਇਸੇ ਤਰ੍ਹਾਂ ਦੀ ਫ਼ੌਜੀ ਕਾਰਵਾਈ ਕੀਤੀ ਗਈ ਸੀ। ਪਟਿਆਲਾ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਵੀ ਫ਼ੌਜ ਵਲੋਂ ਵੱਡੀ ਕਾਰਵਾਈ ਕੀਤੀ ਗਈ ਸੀ, ਜਿਥੋਂ ਵੱਡੀ ਗਿਣਤੀ ਵਿਚ ਸ਼ਹੀਦ ਹੋਏ ਸ਼ਰਧਾਲੂਆਂ ਦੀਆਂ ਲਾਸ਼ਾਂ ਨੂੰ ਟਰੱਕਾਂ ਵਿਚ ਲੱਦ ਕੇ ਬਾਹਰ ਕੱਢਿਆ ਗਿਆ ਸੀ। ਜੇਕਰ ਜੂਨ 1984 ਦੌਰਾਨ ਸ੍ਰੀ ਦਰਬਾਰ ਸਾਹਿਬ ਸਮੇਤ ਪੰਜਾਬ ਵਿਚਲੇ ਹੋਰਨਾਂ ਗੁਰਦੁਆਰਿਆਂ ਵਿਚ ਹੋਏ ਫ਼ੌਜੀ ਹਮਲੇ ਬਾਰੇ ਪੂਰੇ ਤੱਥ ਉਜਾਗਰ ਕਰਨ ਦੇ ਯਤਨ ਕੀਤੇ ਜਾਣ, ਇਸ ਹਮਲੇ ਦੌਰਾਨ ਸ੍ਰੀ ਦਰਬਾਰ ਸਾਹਿਬ ਵਿਚ ਸ਼ਹੀਦ ਹੋਏ ਖਾੜਕੂਆਂ, ਆਮ ਸ਼ਰਧਾਲੂਆਂ ਤੋਂ ਇਲਾਵਾ ਹੋਰਨਾਂ ਗੁਰਦੁਆਰਿਆਂ ਅੰਦਰ ਫ਼ੌਜ ਹੱਥੋਂ ਬੇਰਹਿਮੀ ਅਤੇ ਬੇਦਰਦੀ ਨਾਲ ਸ਼ਹੀਦ ਹੋਏ ਨਿਹੱਥੇ ਤੇ ਬੇਕਸੂਰ ਸ਼ਰਧਾਲੂਆਂ ਬਾਰੇ ਵੀ ਇਕੱਲੇ-ਇਕੱਲੇ ਦਾ ਪੂਰਾ ਵੇਰਵਾ ਇਕੱਤਰ ਕਰਨ ਦਾ ਯਤਨ ਕੀਤਾ ਜਾਵੇ ਤਾਂ ਹੀ ਇਸ ਘੱਲੂਘਾਰੇ ਦੇ ਵਿਆਪਕ ਕਾਰਨਾਂ ਅਤੇ ਪ੍ਰਭਾਵਾਂ ਦੀ ਸਹੀ ਨਿਸ਼ਾਨਦੇਹੀ ਹੋ ਸਕਦੀ ਹੈ ਨਹੀਂ ਤਾਂ ਸਰਕਾਰ ਦੁਆਰਾ ਜਾਰੀ ਕੀਤੇ ਗਏ ਅਖੌਤੀ 'ਸਫ਼ੇਦ ਪੱਤਰ' ਵਿਚ ਦੱਸੇ ਅੰਕੜਿਆਂ ਅਤੇ ਕਾਰਨਾਂ ਵਿਚ ਹੀ ਇਸ ਘੱਲੂਘਾਰੇ ਦੇ ਬਿਰਤਾਂਤਾਂ ਦੀ ਅਸਲੀਅਤ ਗੁਆਚ ਕੇ ਰਹਿ ਜਾਵੇਗੀ।

ਜੂਨ 1984 ਦੇ ਫ਼ੌਜੀ ਹਮਲੇ ਦੌਰਾਨ ਸਿੱਖ ਵਿਰਾਸਤ, ਸਾਹਿਤ, ਇਤਿਹਾਸ ਅਤੇ ਸਿਧਾਂਤਕ ਦਸਤਾਵੇਜ਼ਾਂ ਨੂੰ ਵੀ ਲੁਕਵੀਂ ਤੇ ਦੂਰਰਸੀ ਨੀਤੀ ਤਹਿਤ ਨਿਸ਼ਾਨਾ ਬਣਾਇਆ ਗਿਆ ਸੀ। ਫ਼ੌਜੀ ਹਮਲੇ ਦੌਰਾਨ ਸ੍ਰੀ ਦਰਬਾਰ ਸਾਹਿਬ ਵਿਖੇ ਸਥਿਤ ਸਿੱਖ ਰੈਫ਼ਰੈਂਸ ਲਾਇਬਰੇਰੀ 'ਚ ਅੱਗ ਲੱਗਣ ਨਾਲ ਬਹੁਤ ਸਾਰਾ ਬੇਸ਼ਕੀਮਤੀ ਸਾਮਾਨ ਸੜ ਗਿਆ। ਇਸ ਤੋਂ ਬਾਅਦ ਫ਼ੌਜ ਨੇ ਸਿੱਖ ਰੈਫ਼ਰੈਂਸ ਲਾਇਬਰੇਰੀ ਵਿਚੋਂ ਸਿੱਖ ਧਰਮ ਨਾਲ ਸਬੰਧਤ ਬਹੁਤ ਹੀ ਮੌਲਿਕ, ਇਤਿਹਾਸਕ ਦਸਤਾਵੇਜ਼, ਗ੍ਰੰਥ, ਹੋਰ ਬਹੁਤ ਸਾਰੇ ਖਰੜੇ ਅਤੇ ਵਿਰਾਸਤੀ ਵਸਤਾਂ ਜ਼ਬਤ ਕਰ ਲਈਆਂ ਸਨ। ਸ਼੍ਰੋਮਣੀ ਕਮੇਟੀ ਅਨੁਸਾਰ ਅਲੋਪ ਹੋਈਆਂ ਬੇਸ਼ਕੀਮਤੀ ਇਤਿਹਾਸਕ ਪੁਸਤਕਾਂ ਦੀ ਗਿਣਤੀ 15 ਹਜ਼ਾਰ ਦੇ ਲਗਭਗ ਹੈ। 3 ਮਈ, 2000 ਨੂੰ ਸ਼੍ਰੋਮਣੀ ਕਮੇਟੀ ਨੂੰ ਦਿੱਤੇ ਇਕ ਜਵਾਬ ਵਿਚ ਤਤਕਾਲੀ ਰੱਖਿਆ ਮੰਤਰੀ ਜਾਰਜ਼ ਫ਼ਰਨਾਂਡੇਜ਼ ਨੇ ਇਹ ਸੂਚਨਾ ਦਿੱਤੀ ਸੀ ਕਿ ਦਰਬਾਰ ਸਾਹਿਬ 'ਤੇ ਜੂਨ '84 ਦੇ ਹਮਲੇ ਤੋਂ ਬਾਅਦ ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਫ਼ੌਜ ਵਲੋਂ ਜ਼ਬਤ ਕੀਤਾ ਸਾਮਾਨ ਸੀ.ਬੀ.ਆਈ. ਦੇ ਹਵਾਲੇ ਕਰ ਦਿੱਤਾ ਗਿਆ ਸੀ। ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਇਸ ਤੋਂ ਬਾਅਦ ਲਗਾਤਾਰ ਕੇਂਦਰ ਸਰਕਾਰ ਨਾਲ ਸੰਪਰਕ ਕਰਦੀਆਂ ਰਹੀਆਂ, ਪਰ ਆਖ਼ਰਕਾਰ ਸ਼੍ਰੋਮਣੀ ਕਮੇਟੀ ਨੂੰ ਇਹ ਜਵਾਬ ਦਿੱਤਾ ਗਿਆ ਕਿ ਸਰਕਾਰ ਕੋਲ ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਕੋਈ ਵੀ ਸਾਮਾਨ ਨਹੀਂ ਹੈ। ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਫ਼ੌਜ ਵਲੋਂ ਜ਼ਬਤ ਕੀਤਾ ਕੀਮਤੀ ਸਾਮਾਨ ਹਾਸਲ ਕਰਨ ਲਈ ਵੀ ਸਮਰੱਥ ਸਿੱਖ ਜਥੇਬੰਦੀਆਂ ਨੂੰ ਠੋਸ ਉਪਰਾਲੇ ਕਰਨੇ ਚਾਹੀਦੇ ਹਨ। ਸ੍ਰੀ ਦਰਬਾਰ ਸਾਹਿਬ 'ਤੇ ਜੂਨ 1984 ਦੇ ਹਮਲੇ ਦੇ ਕਾਰਨਾਂ, ਪ੍ਰਭਾਵਾਂ ਅਤੇ ਸਿੱਟਿਆਂ ਬਾਰੇ ਨਿਰਪੱਖਤਾ, ਦਲੇਰੀ ਅਤੇ ਇਮਾਨਦਾਰੀ ਨਾਲ ਨਰੋਈ ਵਿਚਾਰ-ਚਰਚਾ ਛਿੜਨੀ ਚਾਹੀਦੀ ਹੈ ਤਾਂ ਜੋ ਜੂਨ 1984 ਦੇ ਘੱਲੂਘਾਰੇ ਦੀਆਂ ਸਾਰੀਆਂ ਜ਼ਿੰਮੇਵਾਰ ਤਾਕਤਾਂ ਅਤੇ ਉਨ੍ਹਾਂ ਦੇ ਉਦੇਸ਼ਾਂ ਦਾ ਉਸੇ ਤਰ੍ਹਾਂ ਵਿਆਪਕ ਪੱਧਰ 'ਤੇ ਸੱਚ ਸਾਹਮਣੇ ਲਿਆਂਦਾ ਜਾ ਸਕੇ, ਜਿਸ ਤਰ੍ਹਾਂ ਯਹੂਦੀਆਂ ਨੇ ਨਾਜ਼ੀਆਂ ਹੱਥੋਂ ਹੋਏ ਆਪਣੇ ਨਸਲਘਾਣ ਨੂੰ ਦੁਨੀਆ ਸਾਹਮਣੇ ਲਿਆਂਦਾ ਸੀ।

ਸ੍ਰੀ ਦਰਬਾਰ ਸਾਹਿਬ 'ਤੇ ਹੋਏ ਫ਼ੌਜੀ ਹਮਲੇ ਤੋਂ ਬਾਅਦ ਉਪਰਾਮ ਹੋਈ ਸਿੱਖ ਮਾਨਸਿਕਤਾ ਦਾ ਅਸੰਤੋਸ਼ ਕਿਵੇਂ ਘਟਾਇਆ ਜਾਵੇ? ਸਿੱਖ ਜਨ-ਮਾਨਸ ਦੀ ਉਪਰਾਮਤਾ ਨੂੰ ਦੂਰ ਕਰਕੇ ਕਿਵੇਂ ਕੌਮੀ ਸ਼ਕਤੀ ਨੂੰ ਉਸਾਰੂ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਮੁੜ ਗਤੀਸ਼ੀਲ ਕੀਤਾ ਜਾ ਸਕੇ? ਇਹ ਸਵਾਲ ਪਿਛਲੇ 39 ਸਾਲਾਂ ਤੋਂ ਬਰਕਰਾਰ ਹੈ। ਇਸੇ ਕਰਕੇ 1984 ਦੇ ਸਾਕੇ ਤੋਂ ਬਾਅਦ ਇਕ ਦਹਾਕੇ ਤੋਂ ਵੱਧ ਸਮਾਂ ਸਿੱਖਾਂ ਨੇ ਹਥਿਆਰਬੰਦ ਸੰਘਰਸ਼ ਦੌਰਾਨ ਵੀ ਵੱਡਾ ਸੰਤਾਪ ਝੱਲਿਆ ਅਤੇ ਅੱਜ ਵੀ ਸਿੱਖ ਸ਼ਕਤੀ ਦਿਸ਼ਾਹੀਣ ਹੋਣ ਕਾਰਨ ਕਿਸੇ ਉਸਾਰੂ ਕੌਮੀ ਨਿਸ਼ਾਨੇ ਵੱਲ ਸੇਧਿਤ ਨਹੀਂ ਹੋ ਰਹੀ।



# ਯਾਦਗਾਰੀ 8ਵਾਂ ਕਬੱਡੀ ਕੱਪ

## ਕਿੰਗਜ਼ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਲੱਖ-ਲੱਖ ਵਧਾਈਆਂ: ਸ੍ਰ. ਗੁਰਨੇਕ ਸਿੰਘ ਢਿੱਲੋਂ



ਪੰਜਾਬੀ ਸਭਿਆਚਾਰ ਦੀ ਸੇਵਾਦਾਰ ਪੰਜਾਬੀ ਪ੍ਰੋਗਰਾਮਾਂ ਦੀ ਜਿੰਦਜਾਨ ਹਰ ਸਟੇਜ ਦੇ ਮੇਜ਼ਬਾਨ ਮਕਬੂਲ ਅਤੇ ਹਰ ਦਿਲ ਅਜੀਜ਼ ਦੁਨੀਆ ਦੀ ਮਹਾਨ ਹੋਸਟ ਬੀਬੀ ਆਸਾ ਸ਼ਰਮਾ ਨੂੰ ਆਪਣਾ ਪੰਜਾਬ ਮਾਰਕਿਟ ਦੇ ਮਾਲਕ ਅਤੇ ਕਿੰਗਜ ਸਪੋਰਟਸ ਕਲਚਰ ਕਲੱਬ ਦੇ ਸੀਨੀਅਰ ਸੇਵਾਦਾਰ ਸ੍ਰ. ਗੁਰਨੇਕ ਸਿੰਘ ਢਿੱਲੋਂ ਸੈਕਰਾਮੈਟੋਂ ਵਲੋਂ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਾਲ ਹਨ ਸ੍ਰ. ਮਲਕੀਤ ਸਿੰਘ ਬੋਪਾਰਾਏ, ਸ੍ਰ. ਅਵਤਾਰ ਸਿੰਘ ਅਟਵਾਲ, ਸ੍ਰ. ਅਮੋਲਕ ਸਿੰਘ ਗਾਖਲ, ਸ੍ਰ. ਇਕਬਾਲ ਸਿੰਘ ਗਾਖਲ, ਸ੍ਰ. ਸੁਰਿੰਦਰ ਸਿੰਘ ਨਿੱਝਰ ਅਤੇ ਹੋਰ ਆਗੂ।
















ਸੈਕਰਾਮੈਂਟੋ/ ਕੈਲੀਫੋਰਨੀਆ : ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ ਸੀਨੀਅਰ ਮੈਂਬਰ ਅਤੇ ਨੌਜਵਾਨ ਆਗੂ, ਬਿਜਨਸਮੈਨ ਸ੍ਰ. ਗੁਰਨੇਕ ਸਿੰਘ ਢਿੱਲੋਂ ਵਲੋਂ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਸੈਕਰਾਮੈਂਟੋ ਦੇ ਸਹਿਯੋਗ

## ਕਮਿਊਨਟੀ ਦੇ ਨਿਸ਼ਕਾਮ ਸੇਵਕ ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਬਿਜ਼ਨਸਮੈਨ ਪੰਜਾਬੀ ਮਾਂ ਬੋਲੀ ਸਭਿਆਚਾਰ ਅਤੇ ਖੇਡ ਕਬੱਡੀ ਨੂੰ ਪ੍ਰਮੋਟ ਕਰਨ ਵਾਲੇ ਨੌਜਵਾਨ ਆਗੂ

## ਗੁਰੂ ਅਤੇ ਪੰਥ ਦੇ ਸੇਵਾਦਾਰ : ਸਰਦਾਰ ਗੁਰਨੇਕ ਸਿੰਘ ਢਿੱਲੋਂ ਸੈਕਰਾਮੈਂਟੋ

# ਯਾਦਗਾਰੀ 8ਵਾਂ ਕਬੱਡੀ ਕੱਪ

## ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਲੱਖ-ਲੱਖ ਵਧਾਈਆਂ: ਸ੍ਰ. ਗੁਰਨੇਕ ਸਿੰਘ ਵੱਲੋਂ








ਸਰਦਾਰ ਗੁਰਨੇਕ ਸਿੰਘ ਵੱਲੋਂ ਸੈਕਰਾਮੈਂਟੋ ਅਤੇ ਸਮੂਹ ਪਰਿਵਾਰ



ਨਾਲ ਕਰਵਾਏ ਗਏ 8ਵੇਂ ਅੰਤਰਾਸ਼ਟਰੀ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਪਹੁੰਚੀਆਂ ਕਲੱਬਾਂ, ਜਥੇਬੰਦੀਆਂ, ਸੰਸਥਾਵਾਂ, ਖੇਡ ਕਲੱਬਾਂ, ਖਿਡਾਰੀਆਂ ਸੇਵਾਦਾਰਾਂ ਅਤੇ ਸਮੂਹ ਕਮਿਉਨਟੀ ਵਲੋਂ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।



**Apna Punjab Supermarket**

6640 Valleyhigh Dr., Sacramento, CA 95823

# ਯਾਦਗਾਰੀ 8ਵਾਂ ਕਬੱਡੀ ਕੱਪ

## ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਬੋਪਾਰਾਏ ਬ੍ਰਦਰਜ਼ ਵਲੋਂ ਲੱਖ ਲੱਖ ਵਧਾਈਆਂ

## ਕਬੱਡੀ ਪੰਜਾਬੀਆਂ ਦੇ ਖ਼ੂਨ ’ਚ ਵਸੀ ਸਾਡੀ ਜਿੰਦ ਜਾਨ ਤੇ ਅਣਮੋਲ ਵਿਰਾਸਤ: ਬੋਪਾਰਾਏ ਬ੍ਰਦਰਜ਼















ਸੈਕਰਾਮੈਂਟੋ ਕੈਲੀਫੋਰਨੀਆ : ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਸੈਕਰਾਮੈਂਟੋ ਦੇ ਸਹਿਯੋਗ ਨਾਲ ਕਰਵਾਏ ਗਏ ਇੰਟਰਨੈਸ਼ਨਲ 8ਵੇਂ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਬੋਪਾਰਾਏ ਬ੍ਰਦਰਜ਼ ਵਲੋਂ ਵਧਾਈਆ ਦੇ ਨਾਲ ਪਹੁੰਚੀਆਂ ਕਲੱਬਾਂ, ਜਥੇਬੰਦੀਆਂ, ਸੰਸਥਾਵਾਂ, ਖੇਡ ਕਲੱਬਾਂ, ਖਿਡਾਰੀਆਂ ਅਤੇ ਸਮੂਹ ਕਮਿਉਨਟੀ ਨੇ ਤਹਿ ਦਿਲ ਤੋ ਧੰਨਵਾਦ ਕੀਤਾ ਗਿਆ। ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟ ਬਾਰੇ

## ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ,
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਾਰਾਏ

# ਯਾਦਗਾਰੀ 8ਵਾਂ ਕਬੱਡੀ ਕੱਪ

## ਕਿੰਗਜ਼ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਬੋਪਾਰਾਏ ਬ੍ਰਦਰਜ਼ ਵਲੋਂ ਲੱਖ ਲੱਖ ਵਧਾਈਆਂ

## ਕਬੱਡੀ ਪੰਜਾਬੀਆਂ ਦੇ ਖ਼ੂਨ 'ਚ ਵਸੀ ਸਾਡੀ ਜਿੰਦ ਜਾਨ ਤੇ ਅਣਮੋਲ ਵਿਰਾਸਤ: ਬੋਪਾਰਾਏ ਬ੍ਰਦਰਜ਼











'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਬੋਪਾਰਾਏ ਭਰਾਵਾਂ ਨੇ ਕਿਹਾ ਇਸੇ ਤਰ੍ਹਾਂ ਹੀ ਇੱਕਜੁਟਤਾ ਤੇ ਪਿਆਰ ਨਾਲ ਕਬੱਡੀਆਂ ਹੋਣੀਆਂ ਚਾਹੀਦੀਆਂ ਹਨ। ਇਸ ਖੇਡ ਕਬੱਡੀ ਨੂੰ ਬੁਲੰਦੀਆਂ ਉਪਰ ਪਹੁੰਚਾਉਣ ਲਈ ਅਤੇ ਬੇਮਿਸਾਲ ਕਾਮਯਾਬੀ ਉਪਰ ਪ੍ਰਬੰਧਕਾਂ ਨੂੰ ਲੱਖ-ਲੱਖ ਵਧਾਈ ਦਿੱਤੀ। ਕਮਿਉਨਟੀ ਦੇ ਨਿਸ਼ਕਾਮ ਸੇਵਕ ਦਹਾਕਿਆਂ ਤੋਂ ਕੌਮ ਦੀ ਸੇਵਾ ਕਰਦੇ ਆ ਰਹੇ ਅਤੇ ਖੇਡਾਂ ਨੂੰ ਪ੍ਰਮੋਟ ਅਤੇ ਸਪੋਰਟ ਕਰਨ ਵਾਲੇ ਖਾਲਸਾ ਪੰਥ ਦੇ ਸਿਪਾਹੀ।

## ਬੋਪਾਰਾਏ ਬ੍ਰਦਰਜ਼

ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ,
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਾਰਾਏ

# ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਉਪਰ ਖੇਡ ਪ੍ਰੇਮੀਆਂ ਦਾ ਆਇਆ ਹੜ









ਸੈਕਰਾਮੈਂਟੋ ਕੈਲੀਫੋਰਨੀਆ (ਸਾਡੇ ਲੋਕ ਬਿਊਰੋ) ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ 8ਵੇਂ ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟ ਕਰਵਾਇਆ ਗਿਆ ਜੋ ਕਿ ਆਪਣੀਆਂ ਅਮਿੱਟ ਪੈੜਾ ਛੱਡ ਗਿਆ। ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਕਬੱਡੀ ਟੂਰਨਾਮੈਂਟ ਨੂੰ ਬੁਲੰਦੀਆਏ ਉਪਰ ਪਹੁੰਚਾਉਣ ਲਈ ਕਲੱਬਏ, ਜਥੇਬੰਦੀਆਂ, ਸੰਸਥਾਵਾਂ, ਖੇਡ ਕਲੱਬਾਂ, ਖਿਡਾਰੀਆਂ ਅਤੇ ਸਮੂਹ ਕਮਿਊਨਟੀ ਦਾ ਰਲਮਿਲਕੇ ਸਮੂਹ ਟੀਮ ਦਾ ਵਿਸ਼ੇਸ਼ ਵਿਸ਼ੇਸ਼ ਯੋਗਦਾਨ ਹੈ। ਇਸ ਮਹਾਨ 8ਵੇਂ ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟ ਦੀ ਉਪਨ ਕਬੱਡੀ ਵਿੱਚ ਹਜ਼ਾਰਾਂ ਖੇਡ ਪ੍ਰੇਮੀ ਇਸ ਮਹਾਨ ਕਬੱਡੀ ਕੱਪ ਨੂੰ ਦੇਖਣ ਆਏ ਅਤੇ ਜਿਨ੍ਹਾਂ ਵਾਸਤੇ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਅਤੇ ਗੁਰੂ ਕੇ ਅਤੁੱਟ ਲੰਗਰਾਂ ਦੀ ਸੇਵਾ ਸ਼ਰਧਾ ਅਤੇ ਪਿਆਰ ਸੇਵਾ ਭਾਵਨਾ ਨਾਲ ਕੀਤੀ ਗਈ। ਇਥੇ ਇਹ ਵੀ ਜ਼ਿਕਰਯੋਗ ਹੈ ਅਣਗਿਣਤ ਪ੍ਰਕਾਰ ਦੇ ਖਾਣੇ ਮਠਿਆਈਆਂ ਚਾਹ ਪਕੌੜੇ ਦੀ ਰਤਾ ਮਾਤਰ ਵੀ ਘਾਟ ਨਜ਼ਰ ਨਹੀਂ ਆਈ ਸਗੋਂ ਸੇਵਾਦਾਰ ਸੰਗਤਾਂ ਨੂੰ ਮਠਿਆਈਆਂ ਅਤੇ









ਦੇਖੋ ਪ੍ਰਵਾਰਕ ਤੇ ਸਭਿਆਚਾਰਕ ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋ ਕਬੱਡੀ ਟੂਰਨਾਮੈਂਟ ਦੀਆ ਝਲਕੀਆ ਤਸਵੀਰਾ ਦੀ ਜੁਬਾਨੀ



# ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਉਪਰ ਖੇਡ ਪ੍ਰੇਮੀਆਂ ਦਾ ਆਇਆ ਹੜ





## ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ 8ਵਾਂ World ਕਬੱਡੀ ਕੱਪ ਯਾਦਗਾਰੀ ਹੋ ਨਿਬੜਿਆ

- ਇਸ ਕਬੱਡੀ ਕੱਪ ਵਿੱਚ ਕਬੱਡੀ ਜਗਤ ਦੇ ਦੁਨੀਆ ਦੇ ਨਾਮਵਾਰ ਖਿਡਾਰੀ ਪਹੁੰਚੇ ਹੋਏ ਸਨ।
- ਸਮੂਹ ਅਮਰੀਕਾ ਦੇ ਖਿਡਾਰੀਆਂ ਨੇ ਆਪਣੇ-ਆਪਣੇ ਜੌਹਰ ਦਿਖਾਏ ਜਦ ਖਿਡਾਰੀ ਦਮ ਭਰਦੇ ਲੋਕ ਆਪ ਮੁਹਾਰੇ ਲਲਕਾਰੇ ਮਾਰਨ ਲੱਗ ਪੈਂਦੇ।
- ਕਬੱਡੀ ਦੀ ਕੁਮੈਂਟਰੀ ਅਤੇ ਰੰਗਾਰੰਗ ਪ੍ਰੋਗਰਾਮ ਦੇ ਸਿਤਾਰੇ ਪੰਜਾਬੀ ਦੀ ਸੰਸਾਰ ਪ੍ਰਸਿੱਧ ਪੰਜਾਬੀ ਦੀ ਹੋਸਟ ਬੀਬੀ ਆਸ਼ਾ ਸ਼ਰਮਾ, ਮੱਖਣ ਅਲੀ, ਕਰ ਰਹੇ ਸਨ।
- ਅਸਮਾਨ ਵਿੱਚ ਚਿੱਟੀ ਧੁੱਪ ਅਤੇ ਮਿੱਟੀ ਦੀ ਗਰਾਊਂਡ ਪੰਜਾਬ ਦੀ ਪਵਿੱਤਰ ਧਰਤੀ ਦਾ ਭੁਲੇਖਾ ਪਾਉਂਦੀ ਦਿਲ ਖਿੱਚਵੀ ਕੋਈ ਗਜਬ ਜਿਹਾ ਢਾਅ ਰਹੀ ਸੀ।
- ਮਿੱਟੀ ਦੀ ਗਰਾਉਡ ਵਿੱਚ ਨੰਗੇ ਪਿੰਡੇ ਖੇਡਦੇ ਖਿਡਾਰੀ ਪੰਜਾਬ ਦੀ ਵਿਲੱਖਣਤਾ ਅਤੇ ਗੌਰਵਮਈ ਵਿਰਸੇ ਦੇ ਇਤਹਾਸ ਦੀ ਗਵਾਹੀ ਭਰ ਰਹੇ ਸਨ।
- ਕਬੱਡੀ ਦੀ ਦੁਨੀਆ ਦੀਆਂ ਪ੍ਰਸਿੱਧ ਹਸਤੀਆ ਇਸ ਇਤਿਹਾਸਕ ਟੂਰਨਾਮੈਂਟ ’ ਚ ਹਾਜ਼ਰ ਸਨ ਜਿਨ੍ਹਾਂ ’ਚ ਸਾਬਕਾ ਖਿਡਾਰੀ, ਦੁਨੀਆ ਦੇ ਪ੍ਰਸਿੱਧ ਫਾਰਮਰ, ਉਘੇ ਬਿਜਨਸਮੈਨ, ਵੱਖ-ਵੱਖ ਦੇਸ਼ਾ ਅਤੇ ਕੰਮਾਂ ’ਚ ਆਪਣਾ ਨਾਮ ਬਣਾਉਣ ਵਾਲੇ ਆਗੂ ਹਾਜ਼ਰ ਸਨ।
- ਪ੍ਰਬੰਧਕ ਜਿਥੇ ਖੁਸ਼ ਸਨ ਉਥੇ ਆਈਆਂ ਹੋਈਆਂ ਹਸਤੀਆਂ ਨੂੰ ਨਾਲੋ-ਨਾਲ ਸਨਮਾਨ ਕਰ ਰਹੇ ਸਨ।
- ਟੂਰਨਾਮੈਂਟ ਜਿਥੇ ਦਰਸ਼ਕਾਂ ਦੀ ਵੱਡੀ ਹਾਜ਼ਰੀ ਸੀ ਉਥੇ ਚਿਰਾਂ ਤੱਕ ਯਾਦ ਰਹਿਣ ਵਾਲਾ ਟੂਰਨਾਮੈਂਟ ਅਤੇ ਸਭਿਆਚਾਰਕ ਤੇ ਪ੍ਰਵਾਰਕ ਮੇਲਾ ਸੀ। ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਨੇ ‘ਸਾਡੇ ਲੋਕ’ ਅਖਬਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਥੇ ਇਹ ਮੇਲਾ ਪ੍ਰਵਾਰਕ ਤੇ ਸਭਿਆਚਾਰਕ ਸੀ, ਉਥੇ ਇੱਕ ਯਾਦਗਾਰੀ ਸੀ।

ਲੰਗਰ ਨਾਲ ਲੈਕੇ ਜਾਣ ਨੂੰ ਬੇਨਤੀਆਂ ਕਰਦੇ ਹਰ, ਪਾਣੀ ਕੋਕ ਜੂਸ ਅਤੇ ਵੱਖ ਵੱਖ ਤਰ੍ਹਾਂ ਦੀਆਂ ਸੋਫਟ ਡਰਿੰਕ ਦੀ ਸੇਵਾ ਗੁਰੂ ਕੇ ਨਿਸ਼ਕਾਮ ਸੇਵਾਦਾਰ ਨਿਮਰਤਾ ਸ਼ਰਧਾ ਨਾਲ ਸੇਵਾ ਕਰ ਰਹੇ ਸਨ। ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਪਹੁੰਚੇ ਸਮੂਹ ਮੀਡੀਆ ਦਾ ਧੰਨਵਾਦ ਕੀਤਾ ਗਿਆ। ਸਮੂਹ ਸਾਧ ਸਗਤ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ। ਇਹ ਕਬੱਡੀ ਕੱਪ ਜਨਤਾ ਨੂੰ ਚਿਰਾ ਤੱਕ ਯਾਦ ਰਹੇਗਾ।




ਕਿੰਗਜ਼ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ World ਕਬੱਡੀ ਕੱਪ ਦੇ ਸਮੂਹ ਮੈਂਬਰਾਂ ਵਲੋਂ ਆਈਆਂ ਸੰਗਤਾਂ, ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਖੇਡ ਕਲੱਬਾਂ, ਸਪਾਂਸਰਾਂ, ਖਿਡਾਰੀਆਂ, ਖੇਡ ਪ੍ਰੇਮੀਆਂ ਅਤੇ ਸੇਵਾਦਾਰਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।




















# ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਸਹੋਤਾ ਬ੍ਰਦਰਜ਼ ਵਲੋਂ ਵਧਾਈਆਂ







ਸੈਕਰਾਮੈਂਟੋ ਕੈਲੀਫੋਰਨੀਆ : ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਸੈਕਰਾਮੈਂਟੋ ਦੇ ਸਹਿਯੋਗ ਨਾਲ ਕਰਵਾਏ ਗਏ 8ਵੇਂ ਇੰਟਰਨੈਸ਼ਨਲ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਸਹੋਤਾ ਬ੍ਰਦਰਜ਼ ਸ: ਜੁਗਰਾਜ ਸਿੰਘ ਸਹੋਤਾ ਅਤੇ ਸ: ਨਰਿੰਦਰ ਸਿੰਘ ਸਹੋਤਾ ਵਲੋਂ ਵਧਾਈਆਂ ਦੇ ਨਾਲ ਪਹੁੰਚੀਆਂ ਕਲੱਬਾਂ, ਜਥੇਬੰਦੀਆਂ, ਸੰਸਥਾਵਾਂ, ਖੇਡ ਕਲੱਬਾਂ, ਖਿਡਾਰੀਆਂ ਅਤੇ ਸਮੂਹ ਕਮਿਊਨਟੀ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।





## ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ ਮਨ ਧਨ ਨਾਲ ਪ੍ਰਮੋਟ ਕਰਨ ਵਾਲੇ ਬਿਜਨਸਮੈਨ ਅਤੇ ਕੈਲੀਫੋਰਨੀਆ ਦੇ ਨੌਜਵਾਨ ਸਿੱਖ ਆਗੂ

## ਸ: ਜੁਗਰਾਜ ਸਿੰਘ ਸਹੋਤਾ ਅਤੇ ਸ: ਨਰਿੰਦਰ ਸਿੰਘ ਸਹੋਤਾ ਅਤੇ ਸਮੂਹ ਸਹੋਤਾ ਪ੍ਰਵਾਰ

# ਯਾਦਗਾਰੀ 8ਵਾਂ ਕਬੱਡੀ ਕੱਪ

## ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਕਾਮਯਾਬੀ ਉਪਰ ਨਿੱਝਰ ਬ੍ਰਦਰਜ਼ ਵਲੋਂ ਵਧਾਈਆਂ














ਸੈਕਰਾਮੈਂਟੋ ਕੈਲੀਫੋਰਨੀਆ : ਅਮਰੀਕਾ ਦੇ ਉਘੇ ਸਿੱਖ ਆਗੂ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂਐਸਏ ਦੇ ਸੀਨੀਅਰ ਸੇਵਾਦਾਰ ਅਤੇ ਐਨਆਰਆਈ ਸਭਾ ਦੇ ਪ੍ਰਧਾਨ ਦੇ ਪ੍ਰਧਾਨ ਸ. ਸੁਰਿੰਦਰ ਸਿੰਘ ਨਿੱਝਰ ਅਤੇ ਉਨ੍ਹਾਂ ਦੇ ਵੀਰ ਸ. ਅੰਮ੍ਰਿਤਪਾਲ ਸਿੰਘ ਨਿਝੱਰ ਵਲੋਂ ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਸੈਕਰਾਮੈਂਟੋ ਦੇ ਸਹਿਯੋਗ ਨਾਲ ਕਰਵਾਏ ਗਏ ਇੰਟਰਨੈਸ਼ਨਲ 8ਵੇਂ ਕਬੱਡੀ ਕੱਪ ਦੀ ਬੇਮਿਸਾਲ ਕਾਮਯਾਬੀ ਉਪਰ ਪਹੁੰਚੀਆਂ ਕਲੱਬਾਂ, ਜਥੇਬੰਦੀਆਂ, ਸੰਸਥਾਵਾਂ, ਖੇਡ ਕਲੱਬਾਂ, ਖਿਡਾਰੀਆਂ ਅਤੇ ਸਮੂਹ ਕਮਿਉਨਟੀ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।

ਇੰਟਰਨੈਸ਼ਨਲ ਕਬੱਡੀ ਟੂਰਨਾਮੈਂਟ ਬਾਰੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦਿਆਂ ਸ. ਸੁਰਿੰਦਰ ਸਿੰਘ ਨਿੱਝਰ ਅਤੇ ਸ. ਅੰਮ੍ਰਿਤਪਾਲ ਸਿੰਘ ਨਿੱਝਰ ਨੇ ਕਿਹਾ ਇਸੇ ਤਰ੍ਹਾਂ ਹੀ ਇੱਕਜੁਟਤਾ ਤੇ ਪਿਆਰ ਨਾਲ ਕਬੱਡੀਆਂ ਹੋਣੀਆਂ ਚਾਹੀਦੀਆਂ ਹਨ। ਇਸ ਖੇਡ ਕਬੱਡੀ ਨੂੰ ਬੁਲੰਦੀਆਂ ਉਪਰ ਪਹੁੰਚਾਉਣ ਲਈ ਅਤੇ ਬੇਮਿਸਾਲ ਕਾਮਯਾਬੀ ਉਪਰ ਪ੍ਰਬੰਧਕਾਂ ਨੂੰ ਲੱਖ-ਲੱਖ ਵਧਾਈ ਦਿੱਤੀ।

ਇਥੇ ਇਹ ਜਿਕਰਯੋਗ ਹੈ ਕਿ ਅਮਰੀਕਾ ਦੇ ਉਘੇ ਨਿੱਝਰ ਪ੍ਰਵਾਰ ਪਿਛਲੀਆਂ ਚਾਰ ਪੀੜ੍ਹੀਆਂ ਤੋਂ ਖਾਲਸਾ ਪੰਥ ਦੇ ਵਫਾਦਾਰ ਸਿਪਾਹੀ ਜਿਨ੍ਹਾਂ ਜੈਤੋ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਤੱਕ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗ ਸਿੰਘ ਪੁਰਾ ਹਲਕਾ ਫਿਲੌਰ ਦੇ ਜੰਮਪਲ ਜਾਂਬਾਜ ਨਿਧੱੜਕ ਅਕਾਲੀ ਆਗੂ ਜਥੇਦਾਰ ਪਾਖਰ ਸਿੰਘ ਅਕਾਲੀ ਜਥੇਦਾਰ ਅਵਤਾਰ ਸਿੰਘ ਅਕਾਲੀ ਕੌਮ ਨੂੰ ਸਮੱਰਪਿਤ ਪਰਿਵਾਰ ਦੇ ਵਾਰਸ ਕਬੱਡੀ ਅਤੇ ਪੰਜਾਬੀ ਕਲਚਰ ਪੰਜਾਬੀ ਬੋਲੀ ਅਤੇ ਸਭਿਆਚਾਰ ਦੇ ਨਿਸ਼ਕਾਮ ਸੇਵਾਦਾਰ ਹਨ ਅਤੇ ਅਮਰੀਕਾ ਦੇ ਪ੍ਰਸਿੱਧ ਟਰਾਂਸਪੋਰਟਰ ਅਤੇ ਵੱਡੇ ਕਿਸਾਨ ਹਨ ਉਨ੍ਹਾਂ ਵਲੋਂ ਅਤੇ ਸਮੂਹ ਨਿੱਝਰ ਪ੍ਰਵਾਰ ਵਲੋਂ ਜਿਨ੍ਹਾਂ ਵਿੱਚ ਸ: ਸੁਰਿੰਦਰ ਸਿੰਘ ਨਿੱਝਰ ਸ: ਅੰਮ੍ਰਿਤਪਾਲ ਸਿੰਘ ਨਿੱਝਰ, ਸ: ਵਰਿੰਦਰ ਸਿੰਘ ਨਿੱਝਰ, ਸ: ਅਵਤਾਰ ਸਿੰਘ ਨਿੱਝਰ ਅਤੇ ਸ: ਜਗਬੀਰ ਸਿੰਘ ਨਿੱਝਰ ਅਤੇ ਸਮੂਹ ਨਿੱਝਰ ਪ੍ਰਵਾਰ ਵਲੋਂ ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਕਾਮਯਾਬੀ ਉਪਰ ਵਲੋਂ ਵਧਾਈਆਂ ਦਿੱਤੀਆ ਗਈਆਂ




ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ

ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਕਰਵਾਏ ਗਏ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਉਪਰ ਅਮਰੀਕਾ ਦੀਆਂ ਉਘੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿਚ ਸ੍ਰ. ਜੌਹਨ ਸਿੰਘ ਗਿੱਲ, ਸ੍ਰ. ਮਲਕੀਤ ਸਿੰਘ ਬੋਪਰਾਏ, ਸ੍ਰ. ਅਮੋਲਕ ਸਿੰਘ ਗਾਖਲ, ਸ੍ਰ. ਬਲਵੰਤ ਸਿੰਘ ਨਿੱਝਰ, ਸ੍ਰ. ਬਲਜੀਤ ਸਿੰਘ ਬਾਸੀ, ਸ੍ਰ. ਮੱਖਣ ਸਿੰਘ ਧਾਲੀਵਾਲ, ਸ੍ਰ. ਵਿੱਕੀ ਸਮਸ਼ਪੁਰੀਆ ਅਤੇ ਅਮਰੀਕਾ ਦੀ ਉਘੀ ਹੋਸਟ ਬੀਬੀ ਆਸ਼ਾ ਸਰਮਾ ਨੂੰ ਸਨਮਾਨਿਤ ਕਰਨ ਵਾਲਿਆਂ ਵਿਚ ਸ੍ਰ. ਗੁਰਨੇਕ ਸਿੰਘ ਢਿੱਲੋਂ, ਸ੍ਰ. ਕੁਲਵਿੰਦਰ ਸਿੰਘ ਬੱਲ (ਕਿੰਦੂ ਰੁਮੀਦੀ), ਸ੍ਰ. ਸੋਨੀ ਸਿੰਘ ਢੀਂਡਸਾ, ਸ੍ਰ. ਮੱਖਣ ਸਿੰਘ ਧਾਲੀਵਾਲ ਅਤੇ ਸਮੂਹ ਪ੍ਰਬੰਧਕ ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਸਨਮਾਨਿਤ ਕੀਤਾ ਗਿਆ। ਇਥੇ ਇਹ ਜ਼ਿਕਰਯੋਗ ਹੈ ਕਿ ਇਨ੍ਹਾਂ ਸਨਮਾਨਿਤ ਕੀਤੇ ਗਏ ਸੇਵਾਦਾਰਾਂ ਨੇ ਸਾਰੀ ਜ਼ਿੰਦਗੀ ਮਾਂ ਖੇਡ ਕਬੱਡੀ, ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਅਤੇ ਪੰਜਾਬੀਅਤ ਦੀ ਹਮੇਸ਼ਾ ਸੇਵਾ ਕਰਦੇ ਰਹਿੰਦੇ ਹਨ।













## ਸਨਮਾਨ ਕਰਨ ਸਮੇਂ ਦੀਆਂ ਝਲਕੀਆਂ ਤਸਵੀਰਾਂ ਦੀ ਜ਼ਬਾਨੀ





ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਕਰਵਾਏ ਗਏ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਉਪਰ ਅਮਰੀਕਾ ਦੀਆਂ ਉਘੀਆਂ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿਚ ਸ੍ਰ. ਜੌਹਨ ਸਿੰਘ ਗਿੱਲ, ਸ੍ਰ. ਮਲਕੀਤ ਸਿੰਘ ਬੋਪਰਾਏ, ਸ੍ਰ. ਅਮੋਲਕ ਸਿੰਘ ਗਾਖਲ, ਸ੍ਰ. ਬਲਵੰਤ ਸਿੰਘ ਨਿੱਝਰ, ਸ੍ਰ. ਬਲਜੀਤ ਸਿੰਘ ਬਾਸੀ, ਸ੍ਰ. ਮੱਖਣ ਸਿੰਘ ਧਾਲੀਵਾਲ, ਸ੍ਰ. ਵਿੱਕੀ ਸਮਸ਼ਪੁਰੀਆ ਅਤੇ ਅਮਰੀਕਾ ਦੀ ਉਘੀ ਹੋਸਟ ਬੀਬੀ ਆਸ਼ਾ ਸਰਮਾ ਨੂੰ ਸਨਮਾਨਿਤ ਕਰਨ ਵਾਲਿਆਂ ਵਿਚ ਸ੍ਰ. ਗੁਰਨੇਕ ਸਿੰਘ ਢਿੱਲੋਂ, ਸ੍ਰ. ਕੁਲਵਿੰਦਰ ਸਿੰਘ ਬੱਲ (ਕਿੰਦੂ ਰੁਮੀਦੀ), ਸ੍ਰ. ਸੋਨੀ ਸਿੰਘ ਢੀਂਡਸਾ, ਸ੍ਰ. ਮੱਖਣ ਸਿੰਘ ਧਾਲੀਵਾਲ ਅਤੇ ਸਮੂਹ ਪ੍ਰਬੰਧਕ ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਵਲੋਂ ਸਨਮਾਨਿਤ ਕੀਤਾ ਗਿਆ। ਇਥੇ ਇਹ ਜ਼ਿਕਰਯੋਗ ਹੈ ਕਿ ਇਨ੍ਹਾਂ ਸਨਮਾਨਿਤ ਕੀਤੇ ਗਏ ਸੇਵਾਦਾਰਾਂ ਨੇ ਸਾਰੀ ਜ਼ਿੰਦਗੀ ਮਾਂ ਖੇਡ ਕਬੱਡੀ, ਪੰਜਾਬੀ ਬੋਲੀ, ਪੰਜਾਬੀ ਸਭਿਆਚਾਰ ਅਤੇ ਪੰਜਾਬੀਅਤ ਦੀ ਹਮੇਸ਼ਾ ਸੇਵਾ ਕਰਦੇ ਰਹਿੰਦੇ ਹਨ।










ਨਾ ਖਿੱਦੋ ਖੂੰਡੀ, ਨਾ ਬੈਟ ਬੱਲਾ ਸਾਡੀ ਖੇਡ ਕੱਲੇ ਨੂੰ ਕੱਲਾ

# ਯਾਦਗਾਰੀ 8ਵਾਂ ਕਬੱਡੀ ਕੱਪ

## ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦੀ ਕਾਮਯਾਬੀ ਉਪਰ ਨਿੱਝਰ ਬ੍ਰਦਰਜ਼ ਵਲੋਂ ਵਧਾਈਆਂ







ਸੈਕਰਾਮੈਂਟੋ ਕੈਲੀਫੋਰਨੀਆ ਵਿਖੇ ਹੋਏ ਕਿੰਗਜ ਸਪੋਰਟਸ ਕਲਚਰ ਕਲੱਬ ਸੈਕਰਾਮੈਂਟੋ ਦੇ 8ਵੇਂ ਮਿਆਰੀ ਟੂਰਨਾਮੈਟ ਇੱਕ ਯਾਦਗਾਰੀ ਸੀ ਜਿਸ ਲਈ ਪ੍ਰਬੰਧਕਾਂ, ਖਿਡਾਰੀਆਂ, ਸਪਾਂਸਰਾਂ, ਦਰਸ਼ਕਾਂ ਅਤੇ ਹਜ਼ਾਰਾਂ ਦੀ ਤਾਦਾਦ 'ਚ ਪਹੁੰਚੇ ਖੇਡ ਪ੍ਰੇਮੀਆਂ ਦਾ ਜ਼ੋਰ ਤੇ ਕਬੱਡੀ ਨੂੰ ਪਿਆਰ ਸਿਖਰਾਂ 'ਤੇ ਝਲਕ ਰਿਹਾ ਸੀ। ਇਸ ਯਾਦਗਾਰੀ ਟੂਰਨਾਮੈਂਟ ਦੀਆਂ ਸਭ ਨੂੰ ਲੱਖ ਲੱਖ ਵਧਾਈਆਂ



# ਅਮਰੀਕਾ ਦੇ ਉਘੇ ਸਿੱਖ ਆਗੂ ਸ. ਮੇਜਰ ਸਿੰਘ ਨਿੱਝਰ

# ਸੈਕਰਾਮੈਂਟੋ ਵਿੱਚ ਕਰਵਾਏ ਗਏ ਕਬੱਡੀ ਟੂਰਨਾਮੈਂਟ ’ਚ ਪਹਿਲਾ ਸਥਾਨ ਬੇ-ਏਰੀਆ ਸਪੋਰਟਸ ਕਲੱਬ ਤੇ ਮੈਟਰੋ ਨਿਊਯਾਰਕ ਨੇ ਸਾਂਝੇ ਤੌਰ ’ਤੇ ਜਿੱਤਿਆ ਤੇ ਦੂਜੇ ਤੇ ਚੜ੍ਹਦਾ ਪੰਜਾਬ ਰਿਹਾ





## ਵੱਖ ਵੱਖ ਸ਼ਖਸ਼ੀਅਤਾਂ ਦਾ ਸੋਨੇ ਦੇ ਤਮਗਿਆਂ ਨਾਲ ਸਨਮਾਨ





ਸੈਕਰਾਮੈਂਟੋ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ) : ਕਿੰਗਜ ਸਪੋਰਟਸ ਕਲੱਬ ਸੈਕਰਾਮੈਂਟੋ ਵਲੋਂ ਕਰਵਾਏ ਗਏ ਕਬੱਡੀ ਟੂਰਨਾਮੈਂਟ ਵਿੱਚ ਐਤਕਾਂ ਵੀ ਕਾਫੀ ਫਸਵੇਂ ਮੈਚ ਦੇਖਣ ਨੂੰ ਮਿਲੇ ਪਰ ਬੇ-ਏਰੀਆ ਸਪੋਰਟਸ ਕਲੱਬ ਅਤੇ ਮੈਟਰੋ ਨਿਊਯਾਰਕ ਨੇ ਚੜ੍ਹਦਾ ਪੰਜਾਬ ਨੂੰ ਹਰਾ ਕੇ 40-48 ਨੰਬਰਾਂ ਦੇ ਫ਼ਰਕ ਨਾਲ ਫਾਈਨਲ ਮੈਚ ਜਿੱਤ ਲਿਆ। ਜੇਤੂ ਟੀਮ ਨੂੰ 15 ਹਜ਼ਾਰ ਡਾਲਰ ਦਾ ਨਗਦ ਇਨਾਮ ਅਤੇ ਵੱਡੀ ਟਰਾਫ਼ੀ ਦਿੱਤੀ ਗਈ। ਇਹ ਇਨਾਮ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਰੋਜ਼ਵਿਲ ਵਲੋਂ ਸਪੌਂਸਰ ਕੀਤਾ ਗਿਆ। ਦੂਜਾ ਇਨਾਮ ਚੜ੍ਹਦਾ ਪੰਜਾਬ ਸਪੋਰਟਸ ਕਲੱਬ ਨੂੰ 13 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਗਿਆ ਜੋ ਕਿ ਮਾਇਕ ਬੋਪਾਰਾਏ, ਨੇਕੀ ਅਟਵਾਲ, ਭਿੰਦਾ ਗਾਖਲ, ਪਿੰਕੀ ਅਟਵਾਲ, ਕੁਲਜੀਤ ਸਿੰਘ ਨਿੱਝਰ, ਜਗਜੀਤ ਰੱਕੜ ਵਲੋਂ ਸਪਾਂਸਰ ਕੀਤਾ ਗਿਆ ਸੀ। ਤੀਜਾ ਇਨਾਮ ਸੋਢੀ ਸ਼ੇਕਰ, ਜਾਗਰ ਉੱਪਲ, ਬਲਵਿੰਦਰ ਸਿੱਧੂ ਰਿਵਰਸਾਈਡ ਵਲੋਂ 11 ਹਜ਼ਾਰ ਡਾਲਰ ਦਾ ਇਨਾਮ ਦਿੱਤਾ ਗਿਆ। ਇਸ ਦੌਰਾਨ ਬੈਸਟ ਰੇਡਰ ਸੁਲਤਾਨ ਸਮਸਪੁਰੀਆਂ ਤੇ ਬੈਸਟ ਜਾਫੀ ਪਾਲਾ ਜਲਾਲਪੁਰੀਆਂ ਨੂੰ ਚੁਣਿਆ ਗਿਆ। ਇਸ ਮੌਕੇ ਉੱਘੇ ਕੱਬਡੀ ਪ੍ਰਮੋਟਰ ਬੰਤ ਸਿੰਘ ਨਿੱਝਰ ਕਨੇਡਾ ਨੇ ਮੁੱਖ ਮਹਿਮਾਨ ਵਜੋਂ ਹਾਜ਼ਰੀ ਭਰੀ। ਇਸ ਤੋਂ ਇਲਾਵਾ ਉਨ੍ਹਾਂ ਨੇ ਵੱਖ ਵੱਖ ਟੀਮਾਂ ਦੇ ਖਿਡਾਰੀਆਂ ਨੂੰ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਉਹਨਾਂ ਦੇ ਨਾਲ ਉੱਘੇ ਕੱਬਡੀ ਪ੍ਰਮੋਟਰ ਜੌਨ ਸਿੰਘ ਗਿੱਲ, ਅਮੋਲਕ ਗਾਖਲ, ਇਕਬਾਲ ਗਾਖਲ, ਸੁਰਿੰਦਰ ਨਿੱਝਰ, ਕੁਲਜੀਤ ਨਿੱਝਰ, ਤੀਰਥ ਗਾਖਲ ਨੇ ਵੀ ਇਨਾਮ ਤਕਸੀਮ ਕੀਤੇ। ਬਾਕੀ ਮੁੱਖ ਸਪੌਂਸਰਾ ਵਿਚ ਗਾਖਲ ਬ੍ਰਦਰਜ, ਬਲਜੀਤ ਬਾਸੀ, ਮੱਖਣ ਝੱਟੂ, ਪਾਲ ਸਿੰਘ ਕੈਲੇ, ਸੰਘਾਂ ਬ੍ਰਦਰਜ, ਸ਼ੇਰੂ ਭਾਟੀਆ, ਜਸਵਿੰਦਰ ਬੈਂਸ, ਸੈਂਟਰਲਵੈਲੀ ਦੇ ਰਾਜਾ ਧਾਮੀ, ਹੈਰੀ ਭੰਗੂ ਬਲਜੀਤ ਸੰਧੂ, ਕੁਲਦੀਪ, ਜੱਸੀ ਬੇ-ਏਰੀਆ ਸਪੋਰਟਸ ਕਲੱਬ, ਤਾਰੀ ਡੱਬਹ, ਨਰਿੰਦਰ ਔਜਲਾ, ਅਮਨਦੀਪ ਸੰਧੂ, ਗੁਰਚਰਨ ਚੰਨੀ, ਰਾਮਪਾਲ ਨਿੱਝਰ ਇਸ ਮੌਕੇ ਮੁੱਖ ਕੱਬਡੀ ਪ੍ਰਮੋਟਰਾਂ ਵਜੋਂ ਇਸ ਟੂਰਨਾਮੈਂਟ ਵਿਚ ਸ਼ਾਮਿਲ ਸਨ। ਇਸ ਕਬੱਡੀ ਮੈਚਾਂ ਦੀ ਕੁਮੈਂਟਰੀ ਮੱਖਣ ਅਲੀ, ਕਾਲਾ ਰਾਸ਼ੀਨ, ਸੁਰਜੀਤ ਕਕਰਾਲੀ ਨੇ ਕੀਤੀ ਤੇ ਵਿਸ਼ੇਸ਼ ਤੌਰ ’ਤੇ ਇਸ ਸਾਰੇ ਟੂਰਨਾਮੈਂਟ ਦੀ ਸੰਚਾਲਨਾ ਮੁੱਖ ਸਟੇਜ ਤੋਂ ਬੀਬੀ ਆਸ਼ਾ ਸ਼ਰਮਾ ਨੇ ਬੜੀ ਤਰਤੀਬ ਨਾਲ ਕੀਤੀ। ਇਸ ਟੂਰਨਾਮੈਂਟ ਵਿੱਚ ਵੱਖ ਵੱਖ ਸ਼ਖ਼ਸੀਅਤਾਂ ਨੂੰ ਉਹਨਾਂ ਦੇ ਖੇਡ ਤੇ ਸੱਭਿਆਚਾਰ ਵਿਚ ਪਾਏ ਯੋਗਦਾਨ ਬਦਲੇ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਬੰਤ ਸਿੰਘ ਨਿੱਝਰ ਕੈਨੇਡਾ, ਜੌਨ ਸਿੰਘ ਗਿੱਲ, ਅਮੋਲਕ ਗਾਖਲ, ਬੀਬੀ ਆਸ਼ਾ ਸ਼ਰਮਾ, ਮਾਇਕ ਬੋਪਾਰਾਏ, ਬਲਜੀਤ ਬਾਸੀ, ਮੱਖਣ ਧਾਲੀਵਾਲ, ਵਿੱਕੀ ਫੈਲਾਡਾਲਫੀਆਂ, ਆਦਿ ਨੂੰ ਸਨਮਾਨਿਤ ਕੀਤਾ ਗਿਆ। ਇਸ ਟੂਰਨਾਮੈਂਟ ਵਿੱਚ ਸ਼ਾਮਲ ਭਾਰੀ ਗਿਣਤੀ ਵਿਚ ਮਰਦਾਂ ਤੋਂ ਇਲਾਵਾ ਬੀਬੀਆਂ ਨੇ ਵੀ ਇਸ ਕੱਬਡੀ ਖੇਡ ਦਾ ਆਨੰਦ ਮਾਣਿਆ। ਇਸ ਮੌਕੇ ਸਕਿਓਰਿਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ। ਮੁੱਖ ਪ੍ਰਬੰਧਕਾਂ ਵਿਚ ਕਿੰਦੂ ਰਾਮੀਦੀ, ਗੁਰਮੁੱਖ ਸੰਧੂ, ਸੋਢੀ ਢੀਂਡਸਾ, ਸੀਤਲ ਸਿੰਘ ਨਿੱਝਰ, ਸੁਖਵਿੰਦਰ ਤੂਰ, ਗੁਰਨੇਕ ਢਿਲੋਂ, ਜੱਸੀ ਢਿੱਲੋਂ ਆਦਿ ਵਲੋਂ ਅਗਲੇ ਵਰ੍ਹੇ 25 ਮਈ ਨੂੰ 9ਵਾਂ ਟੂਰਨਾਮੈਂਟ ਕਰਵਾਉਣ ਦਾ ਐਲਾਨ ਕੀਤਾ।

# ਭਾਰਤੀ-ਅਮਰੀਕੀ ਵਿਦਿਆਰਥੀ ਯੰਗ ਸਾਇੰਟਿਸਟ ਐਵਾਰਡ ਨਾਲ ਸਨਮਾਨਿਤ

ਨਿਊਯਾਰਕ : ਅਮਰੀਕਾ ਵਿਖੇ ਮਿਸੌਰੀ ਵਿੱਚ ਭਾਰਤੀ ਮੂਲ ਦੇ 17 ਸਾਲਾ ਵਿਦਿਆਰਥੀ ਨੇ ਐਮਪੌਕਸ ਵਾਇਰਸ ਮਤਲਬ ਮੰਕੀਪਾਕਸ ਵਾਇਰਸ ਨਾਲ ਸਬੰਧਤ ਆਪਣੀ ਖੋਜ ਲਈ 50,000 ਡਾਲਰ ਦਾ ਵੱਕਾਰੀ ਰੀਜਨੇਰੋਨ ਯੰਗ ਸਾਇੰਟਿਸਟ ਐਵਾਰਡ (Regeneron Young Scientist Awards) ਹਾਸਲ ਕੀਤਾ ਹੈ। ਕੋਲੰਬੀਆ ਦੇ ਡੇਵਿਡ ਐਚ. ਹਿਕਮੈਨ ਹਾਈ ਸਕੂਲ ਦੇ ਸਾਤਵਿਕ ਕੰਨਨ ਨੂੰ 2022 ਵਿੱਚ ਦੁਬਾਰਾ ਉੱਭਰਨ ਤੋਂ ਬਾਅਦ ਐਮਪੌਕਸ ਦੀ ਬਿਮਾਰੀ ਵਿੱਚ ਵਧੀ ਹੋਈ ਸੰਕਰਮਣਤਾ ਦੇ ਕਾਰਨਾਂ ਨੂੰ ਸਮਝਣ ਲਈ ਬਾਇਓਕੰਪਿਊਟੇਸ਼ਨਲ ਤਰੀਕਿਆਂ ਦੀ ਵਰਤੋਂ ਕਰਨ ਲਈ ਸਨਮਾਨਿਤ ਕੀਤਾ ਗਿਆ।



‘ਬਾਇਓਪਲੇਕਸ’ ਨਾਮ ’ਤੇ ਸਾਤਵਿਕ ਦਾ ਦ੍ਰਿਸ਼ਟੀਕੋਣ ਮਸ਼ੀਨ ਲਰਨਿੰਗ ਅਤੇ ਤਿੰਨ-ਅਯਾਮੀ ਤੁਲਨਾਤਮਕ ਪ੍ਰੋਟੀਨ ਮਾਡਲਿੰਗ ਦੇ ਸੁਮੇਲ ਦੀ ਵਰਤੋਂ ਉਹਨਾਂ ਢਾਂਚਿਆਂ ਨੂੰ ਡੀਕੋਡ ਕਰਨ ਲਈ ਕਰਦਾ ਹੈ ਜੋ ਐਮਪੌਕਸ ਵਾਇਰਸ ਨੂੰ ਦੁਹਰਾਉਣ ਦੇ ਯੋਗ ਬਣਾਉਂਦੇ ਹਨ। ਇਸਨੇ ਉਸਨੂੰ ਵਾਇਰਸ ਵਿੱਚ ਪਰਿਵਰਤਨ ਦੀ ਪਛਾਣ ਕਰਨ ਦੀ ਇਜਾਜ਼ਤ ਦਿੱਤੀ, ਜੋ ਸੰਭਾਵਤ ਤੌਰ ’ਤੇ ਇਸ ਨੂੰ ਹੋਰ ਛੂਤਕਾਰੀ ਬਣਾ ਦਿੰਦੇ ਹਨ ਅਤੇ ਨਾਲ ਹੀ ਹੋਰ ਪਰਿਵਰਤਨ ਜੋ ਇਸਨੂੰ ਐਂਟੀਬਾਇਓਟਿਕਸ ਪ੍ਰਤੀ ਰੋਧਕ ਬਣਾ ਸਕਦੇ ਹਨ। ਇਸ ਲਈ ਸਾਤਵਿਕ ਨੇ ਆਪਣੇ ਸਲਾਹਕਾਰ ਕਮਲੇਂਦਰ ਸਿੰਘ ਨੂੰ ਕ੍ਰੈ ?ਡਿਟ ਦਿੱਤਾ, ਜੋ ਮਿਸੂਰੀ ਯੂਨੀਵਰਸਿਟੀ ਵਿੱਚ ਵੈਟਰਨਰੀ ਪੈਥੋਬਾਇਓਲੋਜੀ ਦੇ ਸਹਾਇਕ ਪ੍ਰੋਫੈਸਰ ਹਨ। ਸਾਤਵਿਕ ਨੇ ਕੋਲੰਬੀਆ ਡੇਲੀ ਟ੍ਰਿਬਿਊਟ ਨੂੰ ਇੱਕ ਈਮੇਲ ਵਿੱਚ ਇਨਾਮ ਬਾਰੇ ਲਿਖਿਆ ਕਿ ‘ਉਹ ਬਹੁਤ ਖੁਸ਼ ਅਤੇ ਉਤਸ਼ਾਹਿਤ ਸੀ!’ ਸਾਤਵਿਕ ਦਾ ਮੰਨਣਾ ਹੈ ਕਿ ਵਿਗਿਆਨੀ ਬਾਇਓਪਲੈਕਸ ਨੂੰ ਭਵਿੱਖ ਵਿੱਚ ਹੋਰ ਵਾਇਰਸਾਂ ਦੇ ਪ੍ਰਕੋਪ ’ਤੇ ਵੀ ਲਾਗੂ ਕਰਨ ਦੇ ਯੋਗ ਹੋਣਗੇ।

ਦੁਨੀਆ ਭਰ ਦੇ 49 ਰਾਜਾਂ ਅਤੇ 64 ਦੇਸ਼ਾਂ ਦੀ ਨੁਮਾਇੰਦਗੀ ਕਰਨ ਵਾਲੇ 1,600 ਤੋਂ ਵੱਧ ਨੌਜਵਾਨ ਵਿਗਿਆਨੀਆਂ ਅਤੇ ਇੰਜੀਨੀਅਰਾਂ ਨੇ 2023 ਰੀਜਨੇਰੋਨ ਅੰਤਰਰਾਸ਼ਟਰੀ ਵਿਗਿਆਨ ਅਤੇ ਇੰਜੀਨੀਅਰਿੰਗ ਮੇਲੇ ਵਿੱਚ ਹਿੱਸਾ ਲਿਆ। ਸਾਤਵਿਕ ਨੇ ਮੇਲੇ ਦੇ ਕੰਪਿਊਟੇਸ਼ਨਲ ਬਾਇਓਲੋਜੀ ਅਤੇ ਬਾਇਓਇਨਫੋਰਮੈਟਿਕਸ ਡਿਵੀਜ਼ਨ ਵਿੱਚ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਹੋਰ 5,000 ਡਾਲਰ ਪ੍ਰਾਪਤ ਕੀਤੇ। ਇੱਕ ਪ੍ਰਮੁੱਖ ਬਾਇਓਟੈਕਨਾਲੋਜੀ ਕੰਪਨੀ ਰੀਜੇਨਰੋਨ ਅਨੁਸਾਰ ਜੇਤੂਆਂ ਨੂੰ ਚੁਣੌਤੀਪੂਰਨ ਵਿਗਿਆਨਕ ਸਵਾਲਾਂ ਨਾਲ ਨਜਿੱਠਣ, ਪ੍ਰਮਾਣਿਕ ਖੋਜ ਅਭਿਆਸਾਂ ਦੀ ਵਰਤੋਂ ਕਰਨ ਅਤੇ ਕੱਲ੍ਹ ਦੀਆਂ ਸਮੱਸਿਆਵਾਂ ਦੇ ਹੱਲ ਬਣਾਉਣ ਵਿੱਚ ਨਵੀਨਤਾ ਪ੍ਰਤੀ ਆਪਣੀ ਵਚਨਬੱਧਤਾ ਲਈ ਚੁਣਿਆ ਗਿਆ ਸੀ। ਜ਼ਿਕਰਯੋਗ ਹੈ ਕਿ ਪੋਰਟਲੈਂਡ ਦੇ ਇੱਕ ਹੋਰ ਭਾਰਤੀ-ਅਮਰੀਕੀ ਵਿਦਿਆਰਥੀ ਰਿਸ਼ਬ ਜੈਨ ਨੇ ਪਿਛਲੇ ਸਾਲ ਸਿੰਥੈਟਿਕ ਡੀਐਨਏ ਇੰਜਨੀਅਰਿੰਗ ਦੀ ਵਰਤੋਂ ਕਰਦਿਆਂ ਦਵਾਈਆਂ ਦੇ ਤੇਜ਼ੀ ਨਾਲ ਅਤੇ ਲਾਗਤ-ਪ੍ਰਭਾਵਸ਼ਾਲੀ ਉਤਪਾਦਨ, ਜਿਵੇਂ ਕਿ ਰੀਕੌਂਬੀਨੈਂਟ ਕੋਵਿਡ-19 ਵੈਕਸੀਨ ਨੂੰ ਸਮਰੱਥ ਬਣਾਉਣ ਲਈ ਏਆਈ-ਅਧਾਰਤ ਮਾਡਲ ਵਿਕਸਤ ਕਰਨ ਲਈ ਇਹੀ ਪੁਰਸਕਾਰ ਹਾਸਲ ਕੀਤਾ ਸੀ।

# ਪ੍ਰਧਾਨ ਮੰਤਰੀ ਨੂੰ ਰੱਬ ਨਾਲੋਂ ਵੱਧ ਜਾਣਕਾਰੀ: ਰਾਹੁਲ ਗਾਂਧੀ

## ਭਾਰਤੀ ਅਮਰੀਕੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਮੋਦੀ ਸਰਕਾਰ ਨੂੰ ਘੇਰਿਆ



ਸਾਂਟਾ ਕਲਾਰਾ (ਅਮਰੀਕਾ) : ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ ਭਾਰਤ ਵਿੱਚ ਕੁਝ ਲੋਕ ਹਨ, ਜੋ ਇਹ ਮੰਨਦੇ ਹਨ ਕਿ ਉਨ੍ਹਾਂ ਨੂੰ ਰੱਬ ਨਾਲੋਂ ਵੱਧ ਜਾਣਕਾਰੀ ਹੈ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਵਿਚੋਂ ਇਕ ਹਨ। ਗਾਂਧੀ ਕੈਲੀਫੋਰਨੀਆ ਸੂਬੇ ਦੇ ਸਾਂਟਾ ਕਲਾਰਾ ਵਿੱਚ ਇੰਡੀਅਨ ਓਵਰਸੀਜ਼ ਕਾਂਗਰਸ ਯੂਐੱਸਏ ਵੱਲੋਂ ‘ਮੁਹੱਬਤ ਕੀ ਦੁਕਾਨ’ ਨਾਂ ਹੇਠ ਕਰਵਾਏ ਸਮਾਗਮ ਨੂੰ ਸੰਬੋਧਨ ਕਰ ਰਹੇ ਸਨ। ਗਾਂਧੀ ਨੇ ਕਿਹਾ ਇਨ੍ਹਾਂ ਲੋਕਾਂ ਨੂੰ ‘ਪੂਰਾ ਯਕੀਨ’ ਹੈ ਕਿ ਉਨ੍ਹਾਂ ਨੂੰ ਸਭ ਕੁਝ ਪਤਾ ਹੈ ਅਤੇ ਉਹ ਇਤਿਹਾਸਕਾਰਾਂ ਨੂੰ ਇਤਿਹਾਸ, ਵਿਗਿਆਨੀਆਂ ਨੂੰ ਵਿਗਿਆਨ ਤੇ ਫੌਜ ਨੂੰ ਜੰਗ ਬਾਰੇ ਵਿਸਥਾਰ ਨਾਲ ਸਮਝਾ ਸਕਦੇ ਹਨ। ਉਨ੍ਹਾਂ ਕਿਹਾ ਕਿ ਸੱਤਾਧਾਰੀ ਭਾਜਪਾ ਨੂੰ ਹਰਾਉਣ ਲਈ ਵਿਰੋਧੀ ਧਿਰਾਂ ਦਾ ‘ਸਹੀ ਢੰਗ ਨਾਲ ਇਕਜੁੱਟ’ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਸੱਤਾਧਾਰੀ ਭਾਜਪਾ ’ਤੇ ਲੋਕਾਂ ਨੂੰ ‘ਧਮਕਾਉਣ’ ਅਤੇ ਦੇਸ਼ ਦੀਆਂ ਏਜੰਸੀਆਂ ਦੀ ‘ਦੁਰਵਰਤੋਂ’ ਕਰਨ ਦੇ ਦੋਸ਼ ਵੀ ਲਾਏ। ਗਾਂਧੀ ਨੇ ਕਿਹਾ ਕਿ ਭਾਜਪਾ ਤੇ ਆਰਐੱਸਐੱਸ ਭਾਰਤ ਵਿੱਚ ਰਾਜਨੀਤੀ ਦੇ ਸਾਰੇ ਸਾਧਨਾਂ ਨੂੰ ਕੰਟਰੋਲ ਕਰ ਰਹੇ ਹਨ। ਇਸ ਦੌਰਾਨ ਸਮਾਗਮ ਵਿੱਚ ਮੌਜੂਦ ਕੁਝ ਖਾਲਿਸਤਾਨੀ ਸਮਰਥਕਾਂ ਨੇ 1984 ਸਿੱਖ ਵਿਰੋਧੀ ਦੰਗਿਆਂ ਨੂੰ ਲੈ ਕੇ ਰਾਹੁਲ ਗਾਂਧੀ ਖਿਲਾਫ਼ ਨਾਅਰੇਬਾਜ਼ੀ ਕੀਤੀ, ਜਿਸ ਕਰਕੇ ਉਨ੍ਹਾਂ ਨੂੰ ਆਪਣੀ ਤਕਰੀਰ ਕੁਝ ਦੇਰ ਲਈ ਰੋਕਣੀ ਪਈ। ਰਾਹੁਲ ਗਾਂਧੀ ਨੇ ਕਿਹਾ, “ਕਿਸੇ ਵਿਅਕਤੀ ਨੂੰ ਸਭ ਕੁਝ ਜਾਣਨ ਲਈ ਇਹ ਦੁਨੀਆ ਬਹੁਤ ਵੱਡੀ ਤੇ ਗੁੰਝਲਦਾਰ ਹੈ। ਇਹੀ ਤਾਂ ਬੀਮਾਰੀ ਹੈ...ਭਾਰਤ ਵਿੱਚ ਲੋਕਾਂ ਦਾ ਇਕ ਸਮੂਹ ਹੈ, ਜਿਨ੍ਹਾਂ ਨੂੰ ਇਸ ਗੱਲ ਦਾ ਪੂਰਾ ਯਕੀਨ ਹੈ ਕਿ ਉਹ ਸਭ ਕੁਝ ਜਾਣਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਤਾਂ ਰੱਬ ਨਾਲੋਂ ਵੀ ਵੱਧ ਜਾਣਦੇ ਹਨ।” ਸਮਾਗਮ ਵਿੱਚ ਮੌਜੂਦ ਸੈਂਕੜੇ ਭਾਰਤੀ ਅਮਰੀਕੀ ਹਮਾਇਤੀਆਂ ਦੇ ਹਾਸੇ ਦਰਮਿਆਨ ਗਾਂਧੀ ਨੇ ਕਿਹਾ, “ਉਹ ਰੱਬ ਨਾਲ ਬਹਿ ਕੇ ਉਸ ਨੂੰ ਦੱਸ ਸਕਦੇ ਹਨ ਕਿ ਕੀ ਚੱਲ ਰਿਹਾ ਹੈ। ਅਤੇ ਸਾਡੇ ਪ੍ਰਧਾਨ ਮੰਤਰੀ ਵੀ ਇਨ੍ਹਾਂ ਵਿਚੋਂ ਇਕ ਹਨ। ਜੇਕਰ ਤੁਸੀਂ ਮੋਦੀ ਜੀ ਨੂੰ ਰੱਬ ਨਾਲ ਬਿਠਾ ਦਿਓ, ਉਹ ਰੱਬ ਨੂੰ ਦੱਸਣਗੇ ਕਿ ਇਹ ਬ੍ਰਹਿਮੰਡ ਕਿਵੇਂ ਕੰਮ ਕਰਦਾ ਹੈ ਤੇ ਰੱਬ ਆਪਣੀ ਹੀ ਸਿਰਜਣਾ ਨੂੰ ਲੈ ਕੇ ਦੁਚਿੱਤੀ ਵਿੱਚ ਪੈ ਜਾਵੇਗਾ।” ਕਾਂਗਰਸ ਆਗੂ ਨੇ ਕਿਹਾ, “ਉਨ੍ਹਾਂ ਨੂੰ ਲੱਗਦਾ ਹੈ ਕਿ ਉਹ ਇਤਿਹਾਸਕਾਰਾਂ ਨੂੰ ਇਤਿਹਾਸ, ਵਿਗਿਆਨੀਆਂ ਨੂੰ ਵਿਗਿਆਨ ਤੇ ਫੌਜ ਨੂੰ ਜੰਗ ਬਾਰੇ ਤਫ਼ਸੀਲ ’ਚ ਸਮਝਾ ਸਕਦੇ ਹਨ। ਪਰ ਇਸ ਦਾ ਸਾਰ ਤੱਤ ਬੜਾ ਸਾਧਾਰਨ ਹੈ। ਉਹ ਸੁਣਨ ਲਈ ਤਿਆਰ ਨਹੀਂ ਹਨ!” ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਗਿਲਜ਼ੀਆਂ ਨੇ ਕਿਹਾ ਕਿ ਸਮਾਗਮ ਵਿੱਚ ਸਿਲੀਕਾਨ ਵੈਲੀ ਤੋਂ ਇਲਾਵਾ ਲਾਸ ਏਂਜਲਸ ਤੇ ਕੈਨੇਡਾ ਤੋਂ ਵੀ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰ ਸ਼ਾਮਲ ਹੋਏ। ਗਾਂਧੀ ਨੇ ਕਿਹਾ ਕਿ ਭਾਰਤ ਦੀ ਵਿਚਾਰਧਾਰਾ ਹਮਲੇ ਅਧੀਨ ਹੈ ਤੇ ਇਸ ਨੂੰ ਲਗਾਤਾਰ ਚੁਣੌਤੀ ਦਿੱਤੀ ਜਾ ਰਹੀ ਹੈ। ਸੇਂਗੋਲ ਵਿਵਾਦ ਦੀ ਗੱਲ ਕਰਦਿਆਂ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਤੇ ਉਨ੍ਹਾਂ ਦੀ ਸਰਕਾਰ ਬੇਰੁਜ਼ਗਾਰੀ, ਮਹਿੰਗਾਈ ਤੇ ਗੁੱਸੇ ਤੇ ਨਫ਼ਰਤ ਦੇ ਫੈਲਾਅ ਜਿਹੇ ਮੁੱਦਿਆਂ ਨੂੰ ਮੁਖਾਤਿਬ ਨਹੀਂ ਹੋ ਸਕੀ। ਉਨ੍ਹਾਂ ਕਿਹਾ ਕਿ ਗਰੀਬ ਤੇ ਘੱਟਗਿਣਤੀ ਭਾਈਚਾਰੇ ਦੇ ਲੋਕ ਅੱਜ ਭਾਰਤ ਵਿੱਚ ਬੇਸਹਾਰਾ ਮਹਿਸੂਸ ਕਰ ਰਹੇ ਹਨ। ਗਾਂਧੀ ਨੇ ਕਿਹਾ, “ਭਾਰਤੀ ਇਕ ਦੂਜੇ ਨਾਲ ਨਫ਼ਰਤ ਕਰਨ ਵਿੱਚ ਯਕੀਨ ਨਹੀਂ ਰੱਖਦੇ। ਲੋਕਾਂ ਦਾ ਇਕ ਛੋਟਾ ਸਮੂਹ, ਜੋ ਸਿਸਟਮ ਨੂੰ ਕੰਟਰੋਲ ਕਰ ਰਿਹੈ ਅਤੇ ਮੀਡੀਆ ਨਫ਼ਰਤ ਦੀ ਅੱਗ ਨੂੰ ਹਵਾ ਦੇ ਰਿਹੈ।” ਇੰਡੀਅਨ ਓਵਰਸੀਜ਼ ਕਾਂਗਰਸ ਦੇ ਚੇਅਰਪਰਸਨ ਸੈਮ ਪਿਤਰੋਦਾ ਨੇ ਕਿਹਾ ਕਿ ਦੇਸ਼ ਨੂੰ ਅਗਵਾਈ ਦੇਣ ਲਈ ਗਾਂਧੀ ਜਿਹੀ ‘ਨੌਜਵਾਨ ਵਿਚਾਰਧਾਰਾ’ ਦੀ ਲੋੜ ਹੈ। ਸਾਂਟਾ ਕਰੂਜ਼ ਵਿੱਚ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਦੇ ਸਿਲੀਕਾਨ ਕੈਂਪਸ ਵਿੱਚ ਸੰਚਾਲਕ ਤੇ ਹਾਜ਼ਰੀਨ ਵੱਲੋਂ ਪੁੱਛੇ ਸਵਾਲਾਂ ਦੇ ਜਵਾਬ ਵਿੱਚ ਗਾਂਧੀ ਨੇ ਕਿਹਾ ਕਿ ਜੇਕਰ ਵਿਰੋਧੀ ਧਿਰਾਂ ਸਹੀ ਤਰੀਕੇ ਨਾਲ ਇਕਜੁੱਟ ਹੋਣ ਤਾਂ ਸੱਤਾਧਾਰੀ ਭਾਜਪਾ ਨੂੰ ਹਰਾਇਆ ਜਾ ਸਕਦਾ ਹੈ। ਉਨ੍ਹਾਂ ਕਾਂਗਰਸ ਨੂੰ ਕਰਨਾਟਕ ਅਸੈਂਬਲੀ ਚੋਣਾਂ ਵਿੱਚ ਮਿਲੀ ਜਿੱਤ ਦੇ ਹਵਾਲੇ ਨਾਲ ਕਿਹਾ ਕਿ ਪਾਰਟੀ ਨੇ ਉਥੇ ਚੋਣਾਂ ਲੜਨ ਲਈ ਬਿਲਕੁਲ ਵੱਖਰੀ ਪਹੁੰਚ ਅਪਣਾਈ ਤੇ ਇਕ ਬਿਰਤਾਂਤ ਤਿਆਰ ਕੀਤਾ। ਉਨ੍ਹਾਂ ਕਿਹਾ ਕਿ ਕਰਨਾਟਕ ਚੋਣਾਂ ਦੌਰਾਨ ਭਾਜਪਾ ਨੇ ਕਾਂਗਰਸ ਪਾਰਟੀ ਨਾਲੋਂ ਦਸ ਗੁਣਾਂ ਵੱਧ ਪੈਸਾ ਖਰਚਿਆ।

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਪਿਛੋਕੜ



ਪ੍ਰਮਿੰਦਰ ਸਿੰਘ ਸੋਚ



ਜ਼ਰਾ ਕੁ ਅੰਦਾਜ਼ਾ ਲਗਾਓ ਕਿ ਅੱਜ ਕਲ ਸਾਡੇ ਕੋਲੋਂ 10 ਡਿਗਰੀ ਗਰਮੀ ਬਰਦਾਸ਼ਤ ਨਹੀਂ ਹੋ ਸਕਦੀ ।ਅਸੀਂ ਤਰਾਹ ਤਰਾਹ ਕਰਨ ਲਗ ਪੈਂਦੇ ਹਾਂ। ਗਰਮੀ ਦੇ ਤੌਰ ਉਤੇ ਪੰਜਾਬ ਅਜ ਕਲ ਭਠ ਵਿਚ ਪਿਆ ਹੋਇਆ ਹੈ। ਉਥੇ 110 ਤੋਂ 115 ਡਿਗਰੀ ਤਕ ਤਾਪਮਾਨ ਚਲ ਰਿਹਾ ਹੈ। ਜੇਠ ਦਾ ਮਹੀਨਾ, ਗਰਮ ਲੂਆਂ, ਤਪਦਾ ਸੂਰਜ, ਧਰਤੀ ਤੇ ਨੰਗੇ ਪੈਰ ਧਰਦਿਆਂ ਪੈਰਾਂ ਦਾ ਲੂਹਿਆ ਜਾਣਾ, ਪੰਛੀਆਂ ਦਾ ਤਪਦੇ ਸੂਰਜ ਤੋਂ ਪਤਿਆਂ ਵਿਚ ਲੁਕ ਲੁਕ ਬਹਿਣਾ ਦਸਦਾ ਹੈ ਕਿ ਐਸੀ ਗਰਮੀ ਦਾ ਮੁਕਾਬਲਾ ਕਰਨਾ ਬੇਹਦ ਮੁਸ਼ਕਲ ਹੈ। ਸੂਰਜ ਦੀ ਗਰਮੀ ਤੋਂ ਬੌਂਦਲ ਜਾਣ ਜਾਂ ਹੋਸ਼-ਓ-ਹਵਾਸ (ਸਨ ਸਟਰੋਕ) ਤੋਂ ਬਚਾਅ ਦੀ ਖ਼ਾਤਰ ਸਕੂਲ, ਕਾਲਜ, ਦਫ਼ਤਰ ਆਦਿ ਦੁਪਹਿਰੇ ਬੰਦ ਹੋ ਜਾਂਦੇ ਹਨ। ਪੰਛੀ ਪਾਣੀ ਤੋਂ ਤਿਹਾਏ ਉਡਦੇ ਉਡਦੇ ਗਸ਼ ਖਾ ਕੇ ਡਿਗ ਪੈਂਦੇ ਤੇ ਮਰ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਜੇਠ ਹਾੜ ਦੀ ਗਰਮੀ ਤੋਂ ਤਾਂ ਜਟ ਤੋਂ ਵੀ ਝਲੀ ਨਹੀਂ ਜਾਂਦੀ ਤੇ ਉਹ ਤੋਬਾ ਤੋਬਾ ਕਰ ਜਾਂਦਾ ਹੈ। ਕਹਿੰਦੇ ਹਨ ਕਿ ਜੇਠ ਹਾੜ ਦੀਆਂ ਗਰਮੀਆਂ ਤੋਂ ਡਰਦਾ ਜੱਟ ਸਾਧ ਬਣ ਜਾਂਦਾ ਹੈ। ਪਰ ਇਸ ਤੋਂ ਉਲਟ ਸ਼ਾਂਤੀ ਦੇ ਪੁੰਜ, ਤੇਰਾ ਕੀਆ ਮੀਠਾ ਲਾਗੇ ਨੂੰ ਮੰਨਣ ਵਾਲੇ ਅਤੇ ਸਿਖਾਂ ਦੇ ਸ਼੍ਰੋਮਣੀ ਸ਼ਹੀਦ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਉਸ ਸਮੇਂ ਮੁਗ਼ਲੀਆ ਬਾਦਸ਼ਾਹ ਜਹਾਂਗੀਰ ਦੇ ਅਣਮਨੁਖੀ ਜ਼ੁਲਮਾਂ ਦਾ ਸ਼ਿਕਾਰ ਹੋਏ, ਜਦ ਤਿਖੜ ਦੁਪਹਿਰਾ ਵੇਖ ਕੇ ਲੋਕ ਘਰਾਂ ਵਿਚੋਂ ਵੀ ਬਾਹਰ ਕਦਮ ਨਹੀਂ ਸਨ ਪੁਟਦੇ । ਇਹ ਉਹ ਸਮਾਂ ਸੀ ਜਦ ਜਹਾਂਗੀਰ ਦੀ ਤੂਤੀ ਬੋਲਦੀ ਸੀ। ਜਹਾਂਗੀਰ ਇਕ ਕਟੜ ਮੁਸਲਮਾਨ ਸੀ, ਜਿਸਦਾ ਯਕੀਨ ਵਹਾਬਿਜ਼ਮ ਵਿਚ ਸੀ।

ਵਹਾਬਿਜ਼ਮ ਸਤਵੀਂ ਸਦੀ ਵਿਚ ਅਰਬ ਦੇਸ਼ਾਂ ਤੋਂ ਸ਼ੁਰੂ ਹੋਈ ਇਕ ਲਹਿਰ ਸੀ, ਜਿਸਦੇ ਫਲਸਫੇ ਨੂੰ ਉਸਾਮਾ ਬਿਨ ਲੇਡਨ ਵੀ ਮੰਨਦਾ ਸੀ। ਉਨ੍ਹਾਂ ਦਿਨਾਂ ਵਿਚ ਹੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ, ਜਿਸਨੂੰ ਜਹਾਂਗੀਰ ਵਾਸਤੇ ਮਾਨਸਿਕ ਤੌਰ ਉਤੇ ਬਰਦਾਸ਼ਤ ਕਰਨਾ ਔਖਾ ਹੋ ਰਿਹਾ ਸੀ। ਇਕ ਪਾਸੇ ਜਹਾਂਗੀਰ ਆਪਣੀ ਅਯਾਸ਼-ਪ੍ਰਸਤੀ ਵਾਲੀ ਹਰਮ ਵਿਚ ਬਿਤਾਉਣ ਵਾਲੀ ਅਰਾਮ-ਪ੍ਰਸਤ ਜ਼ਿੰਦਗੀ ਤੇ ਤੰਗ ਨਜ਼ਰੀਏ ਵਾਲਾ ਕਟੜ, ਵਹਿਮਾਂ, ਭਰਮਾਂ, ਕਰਮ-ਕਾਂਡਾਂ ਤੇ ਅੰਧ ਵਿਸ਼ਵਾਸ ਵਿਚ ਗ੍ਰਸਤ ਹਾਕਮ ਸੀ ਅਤੇ ਦੂਜੇ ਪਾਸੇ ਸਤਿਗੁਰੂ ਜੀ ਆਪਣਾ ਸਿਧਾ ਸਾਦਾ ਜੀਵਨ ਭਜਨ ਬੰਦਗੀ ਵਿਚ ਬਿਤਾਉਣ ਵਾਲੇ ਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਉਦੇਸ਼ ਨੂੰ ਲੈ ਕੇ ਅਗੇ ਚਲਣ ਵਾਲੇ ਇਕ ਯੁਗ ਪੁਰਸ਼ ਸਨ। ਦੋਹਾਂ ਦੇ ਆਪੋ ਆਪਣੇ ਵੱਖ ਵੱਖ ਰਸਤੇ ਸਨ। ਜਹਾਂਗੀਰ ਤੋਂ ਪਹਿਲਾਂ ਅਕਬਰ ਬਾਦਸ਼ਾਹ ਦੇ ਸਮੇਂ ਇਕ ਪੁਸਤਕ "ਆਈਨਾ ਅਕਬਰੀ" ਲਿਖੀ ਗਈ ਸੀ, ਜਿਸ ਵਿਚ ਮੁਗ਼ਲ ਦਰਬਾਰ ਦੇ ਦ੍ਰਿਸ਼ਟੀਕੋਣ ਬਾਰੇ ਹੀ ਚਾਨਣਾ ਪਾਇਆ ਗਿਆ ਸੀ । ਪਰ ਜਹਾਂਗੀਰ ਦੇ ਸਮੇਂ "ਤੁਜ਼ਕ-ਏ-ਜਹਾਂਗੀਰੀ" ਕਿਤਾਬ ਲਿਖੀ ਗਈ, ਜਿਸ ਵਿਚ ਉਸਦੀਆਂ ਆਪਣੀਆਂ ਤਾਰੀਫ਼ਾਂ ਦੇ ਆਪੇ ਹੀ ਪੁਲ ਬੰਨੇ ਗਏ। ਇਸ ਬਾਰੇ ਤੁਸੀਂ ਇਹ ਕਹਿ ਸਕਦੇ ਹੋ ਕਿ ਇਹ ਆਪਣੇ ਮੂੰਹ ਮੀਆਂ ਮੀਠੂ ਹੋਣ ਵਾਲੀ ਗਲ ਸੀ । ਭਾਵੇਂ ਇਸ ਕਿਤਾਬ ਵਿਚ ਜਹਾਂਗੀਰ ਦੀ ਰਜ ਕੇ ਤਾਰੀਫ਼ ਕੀਤੀ ਗਈ ਹੈ, ਪਰ ਜੇ ਤੁਸੀਂ ਬਾਰੀਕੀ ਨਾਲ ਨੀਝ ਲਾ ਕੇ ਇਸ ਕਿਤਾਬ ਦੀ ਡੂੰਘਾਈ ਤਕ ਜਾਵੋਗੇ ਤਾਂ ਤੁਹਾਨੂੰ ਪਤਾ ਲਗੇਗਾ ਕਿ ਜਹਾਂਗੀਰ ਨੇ ਜ਼ਬਰੀ ਮੁਸਲਮਾਨ ਬਨਾਉਣ ਲਈ ਵਹਾਬਿਜ਼ਮ ਦੇ ਅਣਮਨੁਖੀ ਤਰੀਕਿਆਂ ਨੂੰ ਅਪਣਾ ਕੇ, ਬੇਹੱਦ ਤੇ ਬਾਰ ਬਾਰ ਜ਼ੁਲਮਾਂ ਦੀਆਂ ਦਾਸਤਾਂ ਨੂੰ ਦੁਹਰਾਇਆ ਸੀ ।

ਜਿਥੋਂ ਤਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਸਬੰਧ ਹੈ, ਉਸ ਬਾਰੇ ਤੁਜ਼ਕ-ਏ-ਜਹਾਂਗੀਰੀ ਵਿਚ ਲਿਖਿਆ ਮਿਲਦਾ ਹੈ:

"ਗੋਇੰਦਵਾਲ ਦੇ ਨੇੜੇ, ਜੋ ਦਰਿਆ ਬਿਆਸ ਦੇ ਕੰਢੇ ਵਾਕਿਆ ਹੈ, ਇਕ ਹਿੰਦੂ ਨਾਮ ਦਾ ਅਰਜਨ ਪੀਰਾਂ ਵਾਲੇ ਭੇਸ ਵਿਚ ਰਹਿੰਦਾ ਹੈ। ਪੀਰ ਦੇ ਭੇਸ ਵਿਚ ਉਸਨੇ ਇਕ ਪੰਥ ਚਲਾਇਆ ਹੈ, ਜਿਸ ਨਾਲ ਉਹ ਭੋਲੇ ਭਾਲੇ ਤੇ ਸਿਧੇ ਸਾਦੇ ਹਿੰਦੂਆਂ ਨੂੰ ਗੁੰਮਰਾਹ ਕਰ ਰਿਹਾ ਹੈ। ਇਥੋਂ ਤਕ ਕਿ ਬੇਸਮਝ ਤੇ ਮੂਰਖ ਮੁਸਲਮਾਨ ਵੀ ਉਸਦੇ ਤੌਰ ਤਰੀਕੇ ਅਪਣਾ ਰਹੇ ਹਨ। ਉਸਦੀ ਖ਼ੁਦਾ ਰਸੀਦਗੀ ਦਾ ਢੋਲ ਬਹੁਤ ਉਚਾ ਵਜਿਆ ਹੋਇਆ ਹੈ। ਲੋਕ ਉਸਨੂੰ ਗੁਰੂ ਆਖਦੇ ਹਨ। ਸਾਰੇ ਪਾਸਿਆਂ ਤੋਂ ਬੇਵਾਕੂਫ਼ ਤੇ ਮੂਰਖ ਲੋਕ ਉਸ ਵਲ ਖਿਚੇ ਤੁਰੇ ਆਉਂਦੇ ਹਨ ਅਤੇ ਉਸ ਵਿਚ ਈਮਾਨ ਰਖਦੇ ਹਨ। ਪਿਛਲੀਆਂ 3-4 ਪੀੜ੍ਹੀਆਂ ਤੋਂ ਇਹ ਝੂਠ ਦਾ ਵਿਉਪਾਰ ਪੂਰਾ ਗਰਮਾਇਆ ਹੋਇਆ ਹੈ। ਬੜੀ ਦੇਰ ਤੋਂ ਮੇਰੇ ਦਿਮਾਗ਼ ਵਿਚ ਇਹ ਗਲ ਆ ਰਹੀ ਹੈ ਕਿ ਜਾਂ ਤਾਂ ਇਸ ਕਾਰੋਬਾਰ ਨੂੰ ਬੰਦ ਕਰ ਦਿਤਾ ਜਾਣਾ ਚਾਹੀਦਾ ਹੈ ਤੇ ਜਾਂ ਉਸਨੂੰ ਦੀਨ ਇਸਲਾਮ ਵਿਚ ਲੈ ਆਉਣਾ ਚਾਹੀਦਾ ਹੈ"।

ਇਸਤੋਂ ਇਲਾਵਾ ਪੰਜਾਬ ਵਿਚ ਸ਼ੇਖ਼ ਅਹਿਮਦ ਸਰਹਿੰਦੀ ਇਕ ਕਟੜ ਨਕਸ਼ਬੰਦੀ ਫ਼ਿਰਕੇ ਦਾ ਮੁਖੀ ਸੀ, ਜੋ ਪੰਜਾਬ ਦਾ ਗਵਰਨਰ ਵੀ ਸੀ। ਉਸਨੂੰ ਮੁਰਤਜ਼ਾ ਖ਼ਾਨ ਦੇ ਨਾਮ ਨਾਲ ਸਨਮਾਨਤ ਕੀਤਾ ਗਿਆ ਸੀ । 1591 ਵਿਚ ਸਲੀਮ ਜਹਾਂਗੀਰ ਨੂੰ ਅਕਬਰ ਦਾ ਗਦੀ ਨਸ਼ੀਨ ਬਣਾਇਆ ਗਿਆ। ਨਵਾਬ ਮੁਰਤਜ਼ਾ ਖ਼ਾਨ ਉਸਦਾ ਖ਼ਾਸ ਦੋਸਤ ਸੀ। ਤੁਜ਼ਕ-ਏ-ਜਹਾਂਗੀਰੀ ਮੁਤਾਬਕ, 23 ਮਈ, 1606 ਨੂੰ ਜਹਾਂਗੀਰ ਨੇ ਮੁਰਤਜ਼ਾ ਖ਼ਾਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫ਼ਤਾਰ ਕਰਕੇ ਉਸ ਅਗੇ ਪੇਸ਼ ਕਰਨ ਦਾ ਹੁਕਮ ਜਾਰੀ ਕਰ ਦਿਤਾ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਯਾਸਾ-ਓ-ਸਿਆਸਤ ਦੀ ਸਜ਼ਾ ਸੁਣਾਈ, ਜਿਸਦਾ ਮਤਲਬ ਹੈ ਤੜਫ਼ਾ ਤੜਫ਼ਾ ਕੇ ਮਾਰਨਾ। ਮਿਥੀ ਸਾਜ਼ਸ਼ ਅਨੁਸਾਰ, ਗੁਰੂ ਸਾਹਿਬ ਨੂੰ ਸੱਚ ਝੂਠ ਦਾ ਨਿਰਨਾ ਕੀਤੇ ਤੇ ਕਿਸੇ ਅਦਾਲਤ ਵਿਚ ਪੇਸ਼ ਹੋਣ ਤੋਂ ਬਿਨਾਂ ਗ੍ਰਿਫ਼ਤਾਰ ਕੀਤਾ ਗਿਆ ਤੇ ਯਾਸਾ ਦੀ ਸਜ਼ਾ ਸੁਣਾਈ ਗਈ। ਯਾਸਾ ਟਰਕਿਸ਼ ਬੋਲੀ ਦਾ ਲਫ਼ਜ਼ ਹੈ, ਜਿਸਦਾ ਮਤਲਬ ਹੈ ਧੋਖੇ ਨਾਲ ਕਤਲ ਕਰਨਾ ਤੇ ਸਾਰੀ ਜਾਇਦਾਦ ਨੂੰ ਲੁੱਟ ਪੁੱਟ ਲੈਣਾ। ਜਹਾਂਗੀਰ ਗੁਰੂ ਸਾਹਿਬ ਨੂੰ ਸਜ਼ਾ ਸੁਣਾ ਕੇ ਤੇ ਮੁਰਤਜ਼ਾ ਖ਼ਾਨ ਦੇ ਹਵਾਲੇ ਕਰਕੇ ਆਪ ਉਥੋਂ ਚਲਾ ਗਿਆ। ਫ਼ਾਰਸੀ ਦੀ ਇਕ ਹੋਰ ਕਿਤਾਬ "ਦਾਬਿਸਤਾਨ-ਏ-ਮਜ਼ਹਬ" ਵਿਚ ਲਿਖਿਆ ਮਿਲਦਾ ਹੈ ਕਿ ਜਹਾਂਗੀਰ ਨੇ ਗੁਰੂ ਸਾਹਿਬ ਉਤੇ ਤਸ਼ਦਦ ਢਾਹੁਣ ਲਈ ਜਾਣ ਬੁਝ ਕੇ ਜੁਰਮਾਨੇ ਦੀ ਨਾ ਅਦਾ ਕਰ ਸਕਣ ਵਾਲੀ ਐਡੀ ਵਡੀ ਰਕਮ ਠੋਸ ਦਿੱਤੀ, ਤਾਂ ਜੋ ਉਹ ਸ਼ਰਈ ਕਾਨੂੰਨ ਦੀ ਆੜ ਵਿਚ ਗੁਰੂ ਸਾਹਿਬ ਉਤੇ ਜ਼ੁਲਮ ਢਾਹ ਸਕੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਦਿਨਾਂ ਵਿਚ ਹੀ ਵੱਖ ਵੱਖ ਧਰਮਾਂ, ਫਿਰਕਿਆਂ, ਜ਼ਾਤਾਂ ਪਾਤਾਂ, ਤੇ ਵੱਖ ਵੱਖ ਸੂਬਿਆਂ ਦੇ ਰੂਹਾਨੀ ਭਗਤਾਂ ਦੀ ਪਵਿਤ੍ਰ ਤੇ ਇਲਾਹੀ ਬਾਣੀ ਨੂੰ ਇਕਤ੍ਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਇਸਦਾ ਪ੍ਰਕਾਸ਼ ਕੀਤਾ ਸੀ। ਜਹਾਂਗੀਰ ਦੀ ਫ਼ਿਰਾਕਾਪ੍ਰਸਤ ਅੱਖ ਵਿਚ ਇਹ ਕੌਮ-ਪ੍ਰਸਤ ਤੇ ਰੂਹਾਨੀ ਖ਼ਜ਼ਾਨਾ ਵੀ ਰੜਕਦਾ ਸੀ । ਤੁਜ਼ਕ-ਏ-ਜਹਾਂਗੀਰੀ ਵਿਚੋਂ ਜਹਾਂਗੀਰ ਦੀ ਇਹ ਫ਼ਿਰਕੂ ਅਗ ਸਾਫ਼ ਝਲਕਦੀ ਦਿਖਾਈ ਦਿੰਦੀ ਹੈ। ਲਾਹੌਰ ਦੇ ਕਈ ਮੁਸਲਮਾਨ ਹਾਕਮ ਜਹਾਂਗੀਰ ਦਾ ਇਹ ਹੁਕਮ ਸੁਣ ਕੇ ਫ਼ਿਕਰਮੰਦ ਵੀ ਹੋਏ, ਕਿਉਂਕਿ ਗੁਰੂ ਸਾਹਿਬ ਦਾ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਵਲੋਂ ਬਹੁਤ ਸਾਰਾ ਸਤਿਕਾਰ ਕੀਤਾ ਜਾਂਦਾ ਸੀ, ਇਥੋਂ ਤਕ ਕਿ ਸਾਂਈਂ ਮੀਆਂ ਮੀਰ ਵੀ ਇਹ ਹੁਕਮ ਸੁਣ ਕੇ ਤੜਫ਼ ਉਠਿਆ ਸੀ । ਆਖ਼ਿਰ ਗੁਰੂ ਸਾਹਿਬ ਨੂੰ ਚੰਦੂ ਦੇ ਹਵਾਲੇ ਕਰ ਦਿਤਾ ਗਿਆ ਤਾਂ ਕਿ ਉਹ ਆਪਣੀ ਮਨ ਮਰਜ਼ੀ ਮੁਤਾਬਕ ਤਸੀਹੇ ਦੇ ਸਕੇ। ਇਸਤੋਂ ਉਪ੍ਰੰਤ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਪਹਿਲਾਂ ਤੱਤੀ ਤਵੀ ਉਤੇ ਬਿਠਾਇਆ ਗਿਆ, ਫੇਰ ਪਾਣੀ ਦੀ ਉਬਲਦੀ ਦੇਗ਼ ਵਿਚ ਬਿਠਾਇਆ ਗਿਆ ਅਤੇ ਉਸ ਤੋਂ ਬਾਅਦ ਸਿਰ ਉਤੇ ਭੁਜਦੀ ਰੇਤ ਦੇ ਕੜਾਹੇ ਪਾਏ ਗਏ । ਭਾਵੇਂ ਇਨ੍ਹਾਂ ਅਣਮਨੁਖੀ ਅਤਿਆਚਾਰਾਂ ਕਰਕੇ ਗੁਰੂ ਸਾਹਿਬ ਦੇ ਸਰੀਰ ਉਤੇ ਫਲੂਹੇ ਉਠ ਖਲੋਤੇ ਸਨ, ਤੁਰਦੇ ਸਨ ਤਾਂ ਪੈਰਾਂ ਵਿਚ ਪਏ ਛਾਲੇ ਰਿਸ ਰਿਸ ਪੈਂਦੇ ਸਨ। ਕਈ ਦਿਨਾਂ ਦੇ ਅਤਿਆਚਾਰਾਂ ਪਿਛੋਂ ਜਦ ਰਾਵੀ ਵਿਚ ਇਸ਼ਨਾਨ ਕਰਨ ਦੀ ਸ੍ਰੀ ਗੁਰੂ ਸਾਹਿਬ ਨੇ ਖਾਹਿਸ਼ ਪ੍ਰਗਟ ਕੀਤੀ ਤਾਂ ਉਨ੍ਹਾਂ ਦਾ ਪੰਜ ਭੌਤਿਕ ਸਰੀਰ ਛਲਨੀ ਛਲਨੀ ਹੋਕੇ "ਜਲ ਕਾ ਜਲ ਹੂਆ ਰਾਮ" ਹੋ ਗਿਆ।

ਤੁਜ਼ਕ-ਏ-ਜਹਾਂਗੀਰੀ ਦੇ ਦਰਬਾਰੀ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਕਤਲ ਕਰਕੇ ਅਲ੍ਹਾ ਦੀ ਖ਼ਿਦਮਤ ਤੇ ਖ਼ੁਸ਼ੀ ਹਾਸਲ ਕੀਤੀ ਹੈ ਤੇ ਵਹਾਬੀ ਇਸਲਾਮਿਕ ਕਾਨੂੰਨਾਂ ਦੀ ਪਾਲਣਾ ਕੀਤੀ ਹੈ। ਸਿੱਖ ਫਲਸਫ਼ੇ ਅਤੇ ਦਕਿਆਨੂਸੀ ਇਸਲਾਮ ਵਿਚ ਇਹ ਪਹਿਲਾ ਟਕਰਾਅ ਸੀ, ਜਿਸ ਵਿਚ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸਿਖ ਧਰਮ ਨੂੰ ਫ਼ਤਹਿ ਹਾਸਲ ਹੋਈ। ਉਹ ਇਸਤਰ੍ਹਾਂ ਕਿ ਸ਼ੇਖ਼ ਅਹਿਮਦ ਸਿਰਹਿੰਦੀ ਆਪਣੀ ਕਿਤਬ ਵਿਚ ਖ਼ੁਦ ਲਿਖਦਾ ਹੈ ਕਿ ਇਸਲਾਮ ਵਿਚ ਮੁਢਲੀਆਂ3 ਗਲਾਂ ਦੀ ਲੋੜ ਹੁੰਦੀ ਹੈ:

1. **ਅਹਿਲੇ ਪੈਗ਼ੰਬਰੀ:** ਮੁਹੰਮਦ ਸਾਹਿਬ ਤੋਂ ਪਿਛੋਂ ਕੋਈ ਹੋਰ ਪੈਗ਼ੰਬਰ ਨਹੀਂ ਹੋ ਸਕਦਾ;
2. **ਅਹਿਲੇ ਮੁਕਾਮ:** ਮੱਕਾ ਹੀ ਸਭ ਤੋਂ ਵਡਾ ਜ਼ਿਆਰਤ ਦਾ ਥਾਂ ਹੈ;
3. **ਅਹਿਲੇ ਕਿਤਾਬ:** ਕੁਰਾਨ ਮਜੀਦ ਸਭ ਤੋਂ ਵਧ ਮੁਤਬਰਕ ਭਾਵ ਪਵਿਤ੍ਰ ਕਿਤਾਬ ਹੈ।

ਪਰ ਗੁਰੂ ਸਾਹਿਬ ਨੇ ਇਨ੍ਹਾਂ ਤਿੰਨਾਂ ਨੂੰ ਰਦ ਕਰਦਿਆਂ ਕਿਹਾ ਕਿ,

1. ਅਕਾਲ ਪੁਰਖ ਹੀ ਇਕੋ ਇਕ ਸਾਰੀ ਕਾਇਨਾਤ ਦਾ ਰਬ ਹੈ, ਓਹੀ ਇਕੋ ਇਕ ਅਹਿਲੇ ਪੈਗ਼ੰਬਰ ਹੈ।
2. ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਰੱਖ ਕੇ ਸਾਰੇ ਧਰਮਾਂ, ਜ਼ਾਤਾਂ, ਪਾਤਾਂ, ਫ਼ਿਰਕਿਆਂ ਲਈ ਚਾਰ ਦਰਵਾਜ਼ੇ ਰਖ ਕੇ ਤੇ ਅਠ ਦਿਸ਼ਾਵਾਂ ਵਲ ਖੋਲ੍ਹ ਕੇ ਸਾਰਿਆਂ ਨੂੰ ਉਪਦੇਸ਼ ਦਿਤਾ ਕਿ ਰਬ ਸਾਰਿਆਂ ਦਾ ਸਰਬ ਸਾਂਝਾ ਹੈ ਤੇ ਹਰਿਮੰਦਰ ਹੀ ਅਹਿਲੇ ਮੁਕਾਮ ਹੈ।
3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕੀਤੀ । ਭਾਵੇਂ ਉਸ ਵਿਚ ਧਰਮਾਂ ਦੀ ਅਨੇਕਤਾ ਹੈ, ਜ਼ਾਤਾਂ ਦੀ ਅਨੇਕਤਾ ਹੈ, ਪ੍ਰਾਂਤਾਂ ਦੀ ਅਨੇਕਤਾ ਹੈ, ਬੋਲੀਆਂ ਦੀ ਅਨੇਕਤਾ ਹੈ, ਹੱਦਾਂ ਦੀ ਅਨੇਕਤਾ ਹੈ, ਇਲਾਕਿਆਂ ਦੀ ਅਨੇਕਤਾ ਹੈ, ਪਰ ਉਨ੍ਹਾਂ ਸਾਰੀਆਂ ਅਨੇਕਤਾਵਾਂ ਨੂੰ ਖਤਮ ਕਰਕੇ ਇਕੋ ਰੱਬ ਦੀ ਇਕੋ ਏਕਤਾ ਵਿਚ ਪਰੋ ਕੇ ਸਾਰੀਆਂ ਅਨੇਕਤਾਵਾਂ ਨੂੰ ਖਤਮ ਕਰ ਦਿਤਾ ਤੇ ਦਸ ਦਿਤਾ ਕਿ "ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ਤੇ ਇਕ ਅਹਿਲੇ ਪੋਥੀ ਦੀ ਸਿਰਜਨਾ ਕਰ ਦਿੱਤੀ ।

ਗੁਰੂ ਸਾਹਿਬ ਦੀ ਇਸ ਵਿਸ਼ਾਲ ਸੋਚ ਨੂੰ ਮੁਗ਼ਲੀਆ ਹਕੂਮਤ ਦੀ ਤੰਗ ਤੇ ਸੌੜੀ ਸੋਚ ਬਰਦਾਸ਼ਤ ਨਾ ਕਰ ਸਕੀ ਤੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਧੋਖੇ, ਫਰੇਬਾਂ ਤੇ ਸਾਜ਼ਸ਼ਾਂ ਰਚ ਕੇ ਬੇਰਹਿਮੀ ਨਾਲ ਸ਼ਹੀਦ ਕਰ ਦਿਤਾ । ਇਸ ਸ਼ਹਾਦਤ ਬਾਰੇ ਭਾਈ ਗੁਰਦਾਸ ਜੀ ਆਪਣੀ 14ਵੀਂ ਵਾਰ ਦੀ 23ਵੀਂ ਪਉੜੀ ਵਿਚ ਜ਼ਿਕਰ ਕਰਦਿਆਂ ਦਸਦੇ ਹਨ:

ਰਹਿੰਦੇ ਗੁਰ ਦਰੀਆਉ ਵਿਚਿ ਮੀਨ ਕੁਲੀਨ ਹੇਤੁ ਨਿਰਬਾਣੀ ॥ ਦਰਸ਼ਨ ਦੇਖਿ ਪਤੰਗ ਜਿਉਂ ਜੋਤੀ ਅੰਦਰਿ ਜੋਤਿ ਸਮਾਣੀ ॥
ਸ਼ਬਦ ਸੁਰਤਿ ਲਿਵ ਮਿਰਗ ਜਿਉਂ ਭੀੜ ਪਈ ਚਿਤ ਅਵਰ ਨ ਆਣੀ॥ ਚਰਨ ਕਵਲ ਮਿਲਿ ਭਵਰ ਜਿਉਂ ਸੁਖ ਸੰਪਟ ਵਿਚ ਰੈਣ ਵਿਹਾਣੀ॥
ਗੁਰ ਉਪੁਦੇਸ ਨ ਵਿਸਰੈ ਬਾਬੀਹੇ ਜਿਉਂ ਆਖਿ ਵਖਾਣੀ ॥ ਗੁਰਮੁਖ ਸੁਖ ਫਲ ਪ੍ਰੇਮ ਰਸ ਸਹਜ ਸਮਾਧਿ ਸਾਧ ਸੰਗ ਜਾਣੀ॥
ਗੁਰ ਅਰਜਨ ਵਿਟਹੁਂ ਕੁਰਬਾਣੀ॥

ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਸ਼ਹਾਦਤ ਦਾ ਬੀਜਿਆ ਹੋਇਆ ਉਹ ਬੀਜ ਅੱਜ ਵੀ ਚਹੁ ਜੁਗੀ ਫੁਲ ਫਲ ਰਿਹਾ ਹੈ ।

# ਅਕਾਲੀ ਦਲ ਐਸਜੀਪੀਸੀ ਚੋਣਾਂ ਲਈ ਤਿਆਰ: ਸੁਖਬੀਰ



ਮੋਗਾ : ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਪਾਰਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਵਿਚ ਸਿੱਖ ਨੌਜਵਾਨਾਂ ’ਤੇ ਅਣਮਨੁੱਖੀ ਤਸ਼ੱਦਦ ਤੋਂ ਸਮੁੱਚਾ ਸਿੱਖ ਭਾਈਚਾਰਾ ਸਦਮੇ ਵਿੱਚ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਕਈ ਵਾਰ ਅਜਿਹਾ ਭਾਣਾ ਵਾਪਰ ਚੁੱਕਾ ਹੈ। ਉਨ੍ਹਾਂ ਮਹਾਰਾਸ਼ਟਰ ਸਰਕਾਰ ਤੋਂ ਮੁਲਜ਼ਮਾਂ ਲਈ ਸਖ਼ਤ ਸਜ਼ਾ ਦੀ ਮੰਗ ਕੀਤੀ। ਉਹ ਇੱਥੇ ਗੁਰਦੁਆਰਾ ਬੀਬੀ ਕਾਹਨ ਵਿੱਚ ਸੰਗਤ ਅਤੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਦੇਣ ਲਈ ਰੱਖੇ ਸਮਾਗਮ ਮੌਕੇ ਸੰਬੋਧਨ ਕਰ ਰਹੇ ਹਨ। ਮੀਡੀਆ ਨਾਲ ਗੱਲਬਾਤ ਦੌਰਾਨ ਸੁਖਬੀਰ ਬਾਦਲ ਨੇ ਦੱਸਿਆ ਕਿ ਉਨ੍ਹਾਂ ਅੱਜ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਸੂਬੇ ਵਿੱਚ ਲੋਕਾਂ ਵਿੱਚ ਫ਼ਿਰਕੂ ਸਦਭਾਵਨਾ ਕਾਇਮ ਕਰਨ ਵਾਸਤੇ ਜਾਗਰੂਕਤਾ ਮੁਹਿੰਮ ਚਲਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਪੀੜਤ ਕ੍ਰਿਪਾਲ ਸਿੰਘ ਦੇ ਪਰਿਵਾਰ ਨੂੰ ਦੋ ਲੱਖ ਰੁਪਏ ਅਤੇ ਜ਼ਖ਼ਮੀ ਅਰੁਣ ਸਿੰਘ ਤਾਕ ਤੇ ਗੋਰਾ ਸਿੰਘ ਢੁਡਾਨੀ ਦੇ ਪਰਿਵਾਰ ਨੂੰ ਇੱਕ-ਇੱਕ ਲੱਖ ਰੁਪਏ ਦੀ ਮਾਲੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਕੌਮ ਦੀ ਭੂਮਿਕਾ ਬਾਰੇ ਜਾਗਰੂਕਤਾ ਲਹਿਰ ਆਰੰਭੀ ਜਾਵੇ। ਮਹਾਰਾਸ਼ਟਰ ਵਿਚ ਤਿੰਨ ਸ਼ਿਕਗਲੀਗਰ ਸਿੱਖਾਂ ਦਾ ਕਤਲੇਆਮ ਕਰਨ ਦੇ ਮੱਦੇਨਜ਼ਰ ਅਜਿਹਾ ਕਰਨਾ ਲਾਜ਼ਮੀ ਹੋ ਗਿਆ ਹੈ। ਸ੍ਰੀ ਬਾਦਲ ਨੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਪੀੜਤਾਂ ਦੇ ਪਰਿਵਾਰਾਂ ਵਿੱਚੋਂ ਇਕ-ਇਕ ਯੋਗ ਵਿਅਕਤੀ ਨੂੰ ਸਰਕਾਰੀ ਨੌਕਰੀ ਅਤੇ ਐਕਸਗ੍ਰੇਸ਼ੀਆ ਗਰਾਂਟ ਪ੍ਰਦਾਨ ਕਰਨ। ਇਸ ਮੌਕੇ ਸੁਖਬੀਰ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ’ਤੇ ਸ਼ਬਦੀ ਹਮਲਾ ਕਰਦਿਆਂ ਆਖਿਆ ਕਿ ਸਾਬਕਾ ਕੈਬਨਿਟ ਮੰਤਰੀ ਡਾ. ਇੰਦਰਬੀਰ ਸਿੰਘ ਨਿੱਝਰ ਨੂੰ ਸੱਚ ਬੋਲਣ ਦੀ ਭਾਰੀ ਕੀਮਤ ਚੁਕਾਉਣੀ ਪਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਸ੍ਰੀ ਨਿੱਝਰ ਨੇ ਨਿੱਜੀ ਕਾਰਨਾਂ ਦਾ ਹਵਾਲਾ ਦੇ ਕੇ ਵਜ਼ੀਰੀ ਛੱਡੀ ਹੈ ਪਰ ਲੋਕ ਸਭ ਜਾਣਦੇ ਹਨ। ਇਸ ਮੌਕੇ ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਨੂੰ ਇੱਕ ਬੂੰਦ ਵੀ ਵਾਧੂ ਪਾਣੀ ਰਾਜਸਥਾਨ ਨੂੰ ਨਹੀਂ ਦੇਣ ਦਿਆਂਗੇ। ਇਸ ਲਈ ਪਾਰਟੀ ਕੋਈ ਵੀ ਕੁਰਬਾਨੀ ਕਰੇਗੀ।


# NAME CHANGE

I Sodi Singh S/O S. Kabil Singh Boo, Resident of VPO Lohian khas Dist Jalandhar Punjab India, Presently Residing at 4231 n cresta Ave Fresno California 93723, Has Changed my Name from Sodi Singh to Sodi Kaur Singh. All Concerned please note.

# ਸ਼ਹੀਦਾਂ ਦੀ

## ਫਰਿਜਨੋ ਪਾਰਕ ਦੀ ਕੰਧ ਤੇ ਲੱਗੀਆਂ ਤਸਵੀਰਾਂ ਹੇਠ ਮੋਟੇ ਅੱਖਰਾਂ ਵਿਚ ਲਿਖੀ ਹੋਈ ਇੱਕ 'ਤਿੰਨ ਸ਼ਬਦੀ ਦਾਸਤਾਨ'



**ਹਰਪ੍ਰੀਤ ਸਿੰਘ ਜਵੰਦਾ**

ਭਾਈ ਖਾਲੜਾ ਜੀ ਤੋਂ ਇਲਾਵਾ ਕਿਸੇ ਹੋਰ ਦੇ ਕੋਈ ਪਛਾਣ ਨਹੀਂ..ਪਰ ਏਨਾ ਪਤਾ ਕੇ ਵੱਖੋ ਵੱਖ ਧਰਮਾਂ ਨਸਲਾਂ ਜਾਤਾਂ ਨਾਲ ਸਬੰਧਿਤ ਇਹ ਸਾਰੇ ਦੇਵ ਪੁਰਸ਼ ਤੁਰੇ ਜਰੂਰ ਇੱਕੋ ਜਿਹੇ ਰਾਹਾਂ ਤੇ ਹੀ ਹੋਣਗੇ!

ਡਰਾਵੇ..ਧਮਕੀਆਂ..ਲਾਲਚ..ਅਤੇ ਹੋਰ ਵੀ ਕਿੰਨਾ ਕੁਝ..ਖ਼ੁਦ ਦਾ ਅਖੀਰੀ ਅੰਜਾਮ ਵੀ ਜਾਣਦੇ ਹੋਣੇ ਤਾਂ ਵੀ ਖ਼ੌਫ਼ ਨੂੰ ਨੇੜੇ ਤੱਕ ਵੀ ਨਹੀਂ ਲੱਗਣ ਦਿੱਤਾ..!

ਕੰਧ ਦਾ ਸ਼ਿੰਗਾਰ ਬਣੇ ਇਹ ਸਾਰੇ ਸ਼ਾਇਦ ਅੱਧੀ ਰਾਤ ਨੂੰ ਇੱਕ ਦੂਜੇ ਨਾਲ ਗੱਲਾਂ ਵੀ ਕਰਦੇ ਹੋਣਗੇ..ਜਾਬਰਾਂ ਦੀ ਫੌਜ ਬਾਬਤ..!

ਪੰਜ ਸਤੰਬਰ ਪਚਨਵੇਂ ਵਾਲੇ ਜਿਸ ਦਿਨ ਭਾਈ ਸਾਬ ਨੂੰ ਅੰਮ੍ਰਿਤਸਰੋਂ ਚੁੱਕਿਆ ਦਾਸ ਓਸੇ ਸ਼ਹਿਰ ਇੱਕ ਹੋਟਲ ਵਿਚ ਨੌਕਰੀ ਤੇ ਸੀ..ਉਸ ਸ਼ਾਮ ਕਿੰਨੇ ਸਾਰੇ ਅਫਸਰ ਦੇਰ ਰਾਤ ਤੱਕ ਓਸੇ ਹੋਟਲ ਵਿਚ ਸ਼ਰਾਬ ਪੀਂਦੇ ਰਹੇ ਸਨ..ਇੰਝ ਲੱਗ ਰਿਹਾ ਸੀ ਜਿੱਦਾਂ ਕੋਈ ਜਸ਼ਨ ਮੰਨ ਰਿਹਾ ਹੋਵੇ..!

ਹਰ ਪੈਗ ਨਾਲ ਸੋਚ ਰਹੇ ਸਨ 'ਦੀਵਾ' ਤਾਂ ਕਾਬੂ ਕਰ ਲਿਆ ਹੁਣ ਸਿਰਫ ਫੂਕ ਮਾਰਨੀ ਹੀ ਬਾਕੀ ਏ..!

ਜਾਣਕਾਰ ਦੱਸਦੇ ਖਾਲੜਾ ਸਾਬ ਇੱਕ ਦਿਨ ਘਰੋਂ ਤੁਰੇ ਜਾਂਦੇ ਵਾਪਿਸ ਪਰਤ ਆਏ..ਫੇਰ ਨਾਲਦੀ ਨੂੰ ਪੁੱਛਣ ਲੱਗੇ..'ਕੱਲੀ ਬੱਚੇ ਪਾਲ ਲਵੇਂਗੀ..'

ਅੱਗਿਓਂ ਆਖਿਆ ਤੁਸੀਂ ਹੈ ਤੇ ਓ..ਫੇਰ ਮੈਨੂੰ ਕਾਹਦਾ ਫਿਕਰ..ਨਾਲੇ ਅਗੇ ਵੀ ਤੇ ਅਕਾਲਪੁਰਖ ਆਸਰੇ ਹੀ ਪਲਦੇ ਪਏ ਨੇ..!

ਏਨੀ ਗੱਲ ਸੁਣ ਬੇਫਿਕਰ ਹੋ ਗਏ..ਫੇਰ ਮਾਨਾਂਵਾਲੇ ਵਾਲੇ ਫਾਰਮ ਤੇ ਉਹ ਕੱਲੇ ਤੇ ਬਾਕੀ ਕਿੰਨੇ ਸਾਰੇ..ਜਦੋਂ ਕਲਬੂਤ ਅੰਦਰ ਕੁਝ ਵੀ ਬਾਕੀ ਨਾ ਰਹਿ ਗਿਆ ਤਾਂ ਜਿਪਸੀ ਹਰੀਕੇ ਵਾਲੇ ਰਾਹ ਤੇ ਪੈ ਗਈ..ਅੱਧਮੋਏ ਹੋ ਗਏ ਨੂੰ ਆਖਣ ਲੱਗੇ ਜੇ ਗੱਲ ਮੰਨ ਲਈ ਹੁੰਦੀ ਤਾਂ ਆਪ ਵੀ ਸੌਖਾ ਰਹਿੰਦਾ ਤੇ ਅਸੀਂ ਵੀ ਆਹ ਕੁਝ ਕਰਨ ਲਈ ਮਜਬੂਰ ਨਾ ਹੁੰਦੇ..!

ਅੱਗੋਂ ਬਚੇ ਖੁਚੇ ਸਾਹ ਸੱਤ ਇਕੱਠੇ ਕੀਤੇ ਤੇ ਆਖਿਆ 'ਜੋ ਕੁਝ ਹੋ ਰਿਹਾ ਸਭ ਉਸ ਵਾਹਿਗੁਰੂ ਦੇ ਭਾਣੇ ਵਿਚ ਹੋ ਰਿਹਾ..'

ਕਿੰਨੀ ਵੱਡੀ ਸੱਚਾਈ ਏ ਇਸ ਗੁਰੂ ਦੇ ਭਾਣੇ ਵਾਲੀ..ਜਿਸ ਨੂੰ ਮੰਨਣਾ ਆ ਜਾਵੇ ਉਸਨੂੰ ਅੱਗਿਓਂ ਆਉਂਦੀ ਗੋਲੀ ਦੀ ਵਾਛੜ ਵੀ ਫੁੱਲਾਂ ਦੀ ਵਰਖਾ ਹੀ ਲੱਗਦੀ ਏ..!

ਛੇ ਜੂਨ ਨੂੰ ਸੁਵਰੇ ਜਦੋਂ ਸ਼ਸ਼ਤਰਾਂ ਵਾਲੀ ਪਾਲਕੀ ਉਡਾ ਦਿੱਤੀ ਗਈ ਤਾਂ ਉਹ ਇੱਕ ਦਮ ਉੱਠ ਪਿਆ..ਅਰਦਾਸ ਕੀਤੀ ਅਤੇ ਫੇਰ ਸਭ ਤੋਂ ਅੱਗੇ ਲੱਗ ਬਾਹਰ ਨਿੱਕਲ ਸਿੱਧਾ ਓਧਰ ਨੂੰ ਹੋ ਤੁਰਿਆ ਜਿਧਰੋਂ ਮੋਟੀ ਨਾਲੀ ਵਾਲੇ ਲੋਹੇ ਦੇ ਕਿੰਨੇ ਸਾਰੇ ਪਹਾੜ ਅੱਗ ਉੱਗਲ ਰਹੇ ਸਨ..!

ਸਕਿੰਟਾਂ ਵਿਚ ਹੀ ਖੇਡ ਵਰਤ ਗਈ ਤੇ ਸਭ ਕੁਝ ਸ਼ਾਂਤ ਹੋ ਗਿਆ..ਉਸ ਵਰਤ ਗਈ ਖੇਡ ਨੇ ਫੇਰ ਜੋ ਇਤਿਹਾਸ ਰਚਿਆ ਅੱਜ ਬੱਚੇ ਬੱਚੇ ਦੀ ਜੁਬਾਨ ਤੇ ਹੈ..!

ਦਸ ਜੂਨ ਨੂੰ ਗੰਗਾਨਗਰ ਤੋਂ ਭਗੌੜੇ ਹੋਏ ਅਮ੍ਰਿਤਸਰ ਵੱਲ ਨੂੰ ਆਉਂਦੇ ਜਦੋਂ ਅਬੋਹਰ ਅੱਪੜੇ ਤਾਂ ਰੋਕਾਂ ਲਾ ਕੇ ਡੱਕ ਲਿਆ..ਫੇਰ ਬਿਨਾ ਕਿਸੇ ਭੜਕਾਹਟ ਦੇ ਗੋਲੀਆਂ ਦਾ ਮੀਂਹ ਵਰਾ ਦਿੱਤਾ..ਦੋ ਸਕੇ ਭਰਾ ਸਨ ਇੱਕ ਦਾ ਜਬਾੜਾ ਉੱਡ ਗਿਆ..ਉਹ ਰੁੱਖ ਦੀ ਓਟ ਲੈ ਬੈਠ ਗਿਆ..!

ਅੱਜ ਵੀ ਜਿਉਂਦਾ ਏ..ਦੱਸਦਾ ਏ ਕੇ ਅਚਾਨਕ ਹੀ ਇੰਝ ਲੱਗਾ ਦਸਮ ਪਿਤਾ ਘੋੜੇ ਤੇ ਚੜੇ ਕੋਲ ਆਏ ਤੇ ਆਖਣ ਲੱਗੇ ਸਿੰਘਾਂ ਘਬਰਾਵੀਂ ਨਾ..ਇੰਝ ਹੁੰਦਾ ਹੀ ਆਇਆ..ਫੇਰ ਇੱਕਦਮ ਹੀ ਪੀੜ ਹਟ ਗਈ ਤੇ ਜ਼ਿਹਨ ਤੇ ਇੱਕ ਜ਼ਰੂਰ ਜਿਹਾ ਚੜ ਗਿਆ..ਏਨੀ ਗੱਲ ਸੁਣਨ ਵਾਲੇ ਹੱਸੇ..ਭਲਾ ਗੋਲੀ ਦਾ ਵੀ ਕੋਈ ਸਰੂਰ ਹੁੰਦਾ..ਇਹ ਤਾਂ ਪਹਿਲੀ ਵੇਰ ਸੁਣਿਆ..!

ਅੱਗੋਂ ਆਖਿਆ ਜਦੋਂ ਉਸ ਦੀ ਮੇਹਰ ਹੋ ਜਾਵੇ ਤਾਂ ਇੱਕ ਨਹੀਂ ਕਈ ਸਰੂਰ ਚੜਦੇ..!

ਭਾਈ ਅਨੋਖ ਸਿੰਘ..ਮਾਝੇ ਦੇ ਇੱਕ ਤਸੀਹਾ ਕੇਂਦਰ ਵਿਚ ਅੱਖਾਂ ਕੱਢ ਦਿੱਤੀਆਂ ਗਈਆਂ..ਤਾਂ ਵੀ ਆਥਣੇ ਅੰਦਾਜੇ ਜਿਹੇ ਨਾਲ ਕੋਲ ਖਲੋਤੇ ਸਿਪਾਹੀ ਨੂੰ ਪੁੱਛਣ ਲੱਗਾ ਭਾਈ ਟਾਈਮ ਦੱਸੀਂ ਮੈਂ ਰਹਿਰਾਸ ਸਾਬ ਦਾ ਜਾਪੁ ਕਰਨਾ..!

ਸਰਵਾਲੀ ਦਾ ਕੰਵਲਜੀਤ ਸਿੰਘ ਵਾਹਿਗੁਰੂ.. ਜਿਨ੍ਹਾਂ ਜਿਆਦਾ ਤਸ਼ੱਦਤ ਓਨੀ ਹੀ ਉੱਚੀ ਵਾਹਿਗੁਰੂ..ਫੇਰ ਅਖੀਰ ਵਾਹਿਗੁਰੂ ਦਾ ਜਾਪੁ ਕਰਦਿਆਂ ਹੀ ਸ਼ਹਾਦਤ ਹੋਈ..ਕਿੰਨੀ ਵੱਡੀ ਸੇਵਾ ਸੀ..ਰਹਿੰਦੀ ਦੁਨੀਆਂ ਤੱਕ ਵਾਹੇਗੁਰ ਨਾਮ ਦੇ ਨਾਲ ਜੁੜ ਗਿਆ ਹੋਵੇ..!

ਸ਼ਹੀਦਾਂ ਦੀ ਕੰਧ ਵਾਲਾ ਭਾਈ ਖਾਲੜਾ ਇੱਕ ਵੇਰ ਕਨੇਡਾ ਆਇਆ..ਐਮ.ਪੀ ਆਖਣ ਲੱਗੇ ਹੁਣ ਇਸਨੂੰ ਵਾਪਿਸ ਪਰਤਣ ਤੋਂ ਰੋਕ ਲਵੋ..ਨਹੀਂ ਤਾਂ ਮੁਕਾ ਦੇਣਾ..ਅੱਗਿਓਂ ਆਖਣ ਲੱਗੇ ਜੇ ਮੈਂ ਇੰਝ ਕੀਤਾ ਤਾਂ ਜਿਹੜੇ ਮਾਝੇ ਦੀ ਧਰਤੀ ਤੇ ਮੇਰੇ ਨਾਲ ਤੁਰੇ ਸਨ ਉਹ ਕੀ ਆਖਣਗੇ..!

ਸ਼ਹੀਦਾਂ ਦੀ ਗੱਲ ਤੁਰੀ ਏ ਤਾਂ ਮਾਵਾਂ ਦੀ ਗੱਲ ਕਰਨੀ ਵੀ ਬਣਦੀ..ਇਕ ਪੰਥਕ ਸੇਵਾ ਲਈ ਤੁਰਨ ਲੱਗੇ ਨੂੰ ਮਾਂ ਆਖਣ ਲੱਗੀ ਪੁੱਤ ਤੈਨੂੰ ਜਾਣੋ ਤੇ ਨੀ ਡੱਕਦੀ ਪਰ ਦੋ ਗੱਲਾਂ ਹਮੇਸ਼ ਚੇਤੇ ਰੱਖੀਂ..ਅਸ ?ਲਾ ਵਧੀਆ ਰੱਖੀਂ ਤੇ ਰਖੀਂ ਵੀ ਹਮੇਸ਼ ਆਪਣੇ ਨਾਲ..ਕਦੀ ਵਿਸਾਹੁ ਨਾ ਖਾਵੀਂ..ਮੈਨੂੰ ਪਤਾ ਤੈਥੋਂ ਕੁੱਟ ਨਹੀਂ ਖਾਦੀ ਜਾਣੀ..ਨਿੱਕੇ ਹੁੰਦੇ ਦਾ ਟੀਕੇ ਦੀ ਸੂਈ ਵੇਖ ਮੂਤ ਨਿੱਕਲ ਜਾਂਦਾ ਸੀ..!

ਦੱਸਦੇ ਫੇਰ ਜਦੋਂ ਉਹ ਮੁੱਕਿਆ ਤਾਂ ਵਧੀਆ ਅਸਲਾ ਰੱਖਣ ਵਾਲੀ ਸਲਾਹ ਦੇਣ ਵਾਲੀ ਦਾ ਪਹਿਲਾ ਸਵਾਲ ਸੀ..ਫੜ ਕੇ ਜਾਂ ਲੜ ਕੇ ?

ਅਗਿਓਂ ਆਖਣ ਲਗੇ ਮਾਤਾ ਉਸ ਲੜਾਈ ਵਿਚ ਸ਼ਹੀਦ ਹੋਇਆ ਜਿਸ ਵਿਚ ਜੀਤ ਸਿੰਘ ਸੰਧੂ ਨਾਮ ਦੇ ਅਫਸਰ ਦਾ ਖੜੇ ਖਲੋਤੇ ਦਾ ਮੂਤ ਨਿੱਕਲ ਗਿਆ ਸੀ!

ਇਹ ਕੋਈ ਮਿਥਿਹਾਸਿਕ ਕਿੱਸੇ ਨਹੀਂ ਸਗੋਂ ਸਾਮਣੇ ਵਾਪਰੇ ਕੱਲ ਦੇ ਸੱਚੇ ਵਰਤਾਰੇ ਨੇ..!

ਦੋਸਤੋ ਸ਼ਹੀਦ ਨਾ ਤੇ ਕਿਸੇ ਗੋਲੀ ਨਾਲ ਮੁੱਕੇ ਤੇ ਨਾ ਹੀ ਕਿਸੇ ਟਾਊਟ ਦੀ ਮੁਖਬਰੀ ਨਾਲ..ਇਹ ਅਸਲ ਵਿਚ ਓਦੋਂ ਮੁੱਕਦੇ ਨੇ ਜਦੋਂ ਕੌਮੀਂ ਸੱਥਾਂ ਵਿਚ ਇਹਨਾਂ ਬਾਰੇ ਗੱਲਾਂ ਹੋਣੀਆਂ ਬੰਦ ਹੋ ਜਾਵਣ..ਸੋ ਗਾਹੇ ਬਗਾਹੇ ਗੱਲਾਂ ਅਤੇ ਜਿਕਰ ਕਰਦੇ ਰਹਿਣਾ ਚਾਹੀਦਾ ਜਦੋਂ ਵੀ ਇਹਨਾਂ ਦੀਆਂ ਤਸਵੀਰਾਂ ਸਾਮਣੇ ਆਉਣ..ਕੰਧਾਂ ਤੇ ਜਾ ਫੇਰ ਟਰੱਕਾਂ ਟਰਾਲੀਆਂ ਦੇ ਡਾਲਿਆਂ ਤੇ..!

ਪੈਨਸ਼ਨਾਂ,ਤਨਖਾਹਾਂ,ਕੁਰਸੀਆਂ ਵਕਤੀ ਤਖਤੋ ਤਾਜ ਅਤੇ ਸੁਖ ਸਹੂਲਤਾਂ ਖੁੱਸ ਜਾਣ ਦੇ ਡਰੋਂ ਸੁਰ ਨਹੀਂ ਦੱਬਣੀ ਚਾਹੀਦੀ..!

ਸਰਹਿੰਦ ਦੀ ਕਚਹਿਰੀ..ਆਲੀ ਸਿੰਘ ਨਾਮ ਦਾ ਅਰਜੀ ਨਵੀਸ..ਲਿਖਾਈ ਬਹੁਤ ਸੁੰਦਰ..ਕੇਰਾਂ ਤੁਰਿਆ ਜਾਂਦਾ ਸੂਬਾ ਖਲੋ ਗਿਆ..ਅਖ਼ੇ ਆਲੀ ਸਿਹਾਂ ਬੰਦੇ ਨੂੰ ਇੱਕ ਚਿੱਠੀ ਤੇ ਲਿਖ ਕੇ ਸਰਹਿੰਦ ਵਲ ਕਦੋਂ ਆਉਣਾ ?

ਆਲੀ ਸਿੰਘ ਆਖਣ ਲੱਗਾ ਜੇ ਉਹ ਵਾਕਿਆ ਹੀ ਬਹਾਦੁਰ ਹੋਇਆ ਤਾਂ ਬਿਨਾ ਸੱਦਾ ਪੱਤਰ ਦੇ ਹੀ ਆ ਜਾਊ..ਚਿੱਠੀ ਦੀ ਕੀ ਲੋੜ ਏ..!

ਸੂਬਾ ਗੁੱਸਾ ਕਰ ਗਿਆ..ਆਲੀ ਸਿੰਘ ਨੂੰ ਮਹੀਨੇ ਲਈ ਜੇਲ ਵਿਚ ਸੁੱਟ ਦਿੱਤਾ..ਆਲੀ ਸਿੰਘ ਮਹੀਨੇ ਬਾਅਦ ਜਦੋਂ ਜੇਲੋਂ ਬਾਹਰ ਆਇਆ ਤਾਂ ਮੁੜ ਕਚੈਰੀ ਨਹੀਂ ਗਿਆ ਸਗੋਂ ਸਿੱਧਾ ਕੈਥਲ ਜਾ ਬੰਦਾ ਸਿੰਘ ਬਹਾਦੁਰ ਦੀ ਫੌਜ ਵਿਚ ਰਲ ਗਿਆ..ਫੇਰ ਚਾਪੜ ਝਿੜੀ ਦੀ ਜੰਗ ਵਿਚ ਸੂਬੇ ਖਿਲਾਫ ਜਿਹੜੀ ਰਣਨੀਤੀ ਅਪਣਾਈ ਗਈ ਸੀ ਉਸ ਵਿਚ ਸਭ ਤੋਂ ਵੱਡਾ ਰੋਲ ਬਾਬੇ ਆਲੀ ਸਿੰਘ ਜੀ ਦਾ ਹੀ ਸੀ!

# ਪੰਜਾਬੀ ਫ਼ਿਲਮਾਂ 'ਚ ਡਾਇਰੈਕਟਰ ਵਜੋਂ ਸਥਾਪਿਤ ਹੋਣਾ ਲੋਚਦਾ ਹੈ, ਸਨੀ ਦੀਵਾਨਾ

**ਜਸਵਿੰਦਰ ਸਿੰਘ ਛਿੰਦਾ**
**9872193320**











ਪੰਜਾਬੀ ਫ਼ਿਲਮ ਇੰਡਸਟਰੀ ਦਾ ਦਿਨੋਂ ਦਿਨ ਵਿਕਾਸ ਹੋ ਰਿਹਾ ਹੈ ਅਤੇ ਹੁਣ ਲੀਕ ਤੋਂ ਹੱਟਕੇ ਫ਼ਿਲਮਾਂ ਬਣ ਰਹੀਆਂ ਹਨ। ਪੰਜਾਬੀ ਫ਼ਿਲਮਾਂ ਦਾ ਭਵਿੱਖ ਵੀ ਉਜ਼ਵਲ ਨਜ਼ਰ ਆ ਰਿਹਾ ਹੈ। ਅਜਿਹੇ ਵਿਚ ਜਿੱਥੇ ਅਨੇਕਾਂ ਨਵੇਂ ਚਿਹਰਿਆ ਨੂੰ ਇਸ ਵੱਡੇ ਪਰਦੇ 'ਤੇ ਅਭਿਨੈ ਕਰਨ ਦਾ ਮੌਕਾ ਮਿਲ ਰਿਹਾ ਹੈ, ਉੱਥੇ ਕਈ ਹੋਰ ਨੌਜਵਾਨ ਪਰਦੇ ਪਿੱਛੇ ਰਹਿ ਕੇ ਵੱਖ ਵੱਖ ਕੰਮਾਂ 'ਚ ਜੁਟੇ ਹੋਏ ਹਨ। ਅਜਿਹਾ ਹੀ ਇਕ ਨੌਜਵਾਨ ਹੈ ਗੁਰਜਿੰਦਰ ਸਿੰਘ ਉਰਫ ਸਨੀ ਦੀਵਾਨਾ। ਦੀਵਾਨਾ, ਸਨੀ ਦੇ ਪਿੰਡ ਦਾ ਨਾਂਅ ਹੈ ਜਿਸ ਨੂੰ ਉਸ ਨੇ ਅਤੇ ਛੋਟੇ ਨਾਂਅ ਨਾਲ ਲਾ ਲਿਆ ਹੈ।

ਜ਼ਿਲ੍ਹਾ ਬਰਨਾਲਾ ਦੇ ਪਿੰਡ ਦੀਵਾਨਾ 'ਚ ਮੱਧ ਵਰਗੀ ਪਰਿਵਾਰ ਦੇ ਪਿਤਾ ਮਨਜੀਤ ਸਿੰਘ ਦੇ ਘਰ ਮਾਤਾ ਕਿਰਨਜੀਤ ਕੌਰ ਦੀ ਕੁੱਖੋਂ ਜਨਮੇਂ ਸਨੀ ਦੀਵਾਨਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਬਕਾਇਦਾ ਟੀ. ਵੀ. ਅਤੇ ਫਿਲਮ ਨਿਰਮਾਣ 'ਚ ਐਮ.ਏ. (ਪਹਿਲਾ ਸਥਾਨ) ਕੀਤੀ ਹੈ। ਸ਼ੁਰੂ ਸ਼ੁਰੂ ਵਿਚ ਉਸ ਨੇ ਫੋਟੋਗ੍ਰਾਫ਼ੀ ਦਾ ਕੰਮ ਕੀਤਾ।

ਉਸ ਨੇ ਸਹਾਇਕ ਨਿਰਦੇਸ਼ਕ ਵਜੋਂ ਡਾਇਰੈਕਟਰ ਜਨਜੋਤ ਸਿੰਘ ਨਾਲ 'ਚੱਲ ਮੇਰਾ ਪੁੱਤ' ਦੇ ਭਾਗ-1, 2 ਅਤੇ 3 ਅਤੇ ਮਾਂ ਫ਼ਿਲਮਾਂ ਕੀਤੀਆਂ ਹਨ। ਇਸੇ ਤਰ੍ਹਾਂ ਮੁੱਖ ਸਹਾਇਕ ਡਾਇਰੈਕਟਰ ਵਜੋਂ ਅਮਰਿੰਦਰ ਗਿੱਲ ਦੀ 'ਛੱਲਾ ਮੁੜ ਕੇ ਨਹੀਂ ਆਇਆ', ਡਾਇਰੈਕਟਰ ਜਤਿੰਦਰ ਮੋਹਰ ਅਤੇ ਹੀਰੋ ਐਮੀ ਵਿਰਕ ਦੀ 'ਮੌੜ', ਚੋਬਰ ਫਿਲਮਾਂ ਕੀਤੀਆਂ ਹਨ। ਰਿਲੀਜ਼ ਹੋਣ ਵਾਲੀ ਫ਼ਿਲਮ 'ਗੋਲਕ ਬੁਗਨੀ ਬੈਂਕ ਟੂ ਬਟੂਆ-2, ਸੁਰਖੀ ਬਿੰਦੀ, ਗੁੱਡੀਆਂ ਪਟੋਲੇ, ਕੌਣ ਆ ਯਾਰ ਆਦਿ ਫ਼ਿਲਮਾਂ ਸ਼ਾਮਲ ਹਨ। ਉਹ ਪੱਕੇ ਤੌਰ 'ਤੇ ਰਿਦਮ ਪ੍ਰੋਡਕਸ਼ਨ ਨਾਲ ਜੁੜਿਆ ਹੋਇਆ ਹੈ।ਬਤੌਰ ਨਿਰਦੇਸ਼ਕ ਉਸ ਨੇ ਬਾਵਰੇ ਫ਼ਕੀਰ (ਕੰਵਰ ਗਰੇਵਾਲ ਤੇ ਜੋਤੀ ਨੂਰਾਂ ਦੇ ਗੀਤ ਕੀਤੇ ਹਨ। ਉਸ ਦਾ ਸੁਪਨਾ ਇਕ ਸਥਾਪਿਤ ਡਾਇਰੈਕਟਰ ਬਣਨ ਦਾ ਹੈ ਅਤੇ ਵੱਖ ਵੱਖ ਵਿਸ਼ਿਆਂ ਦੀਆਂ ਕਹਾਣੀਆਂ 'ਤੇ ਕੰਮ ਕਰਨ ਦਾ ਹੈ। ਪੀਰਡ ਫ਼ਿਲਮਾਂ ਉਸ ਨੂੰ ਬਹੁਤ ਪਸੰਦ ਹਨ। ਅੰਗਰੇਜ਼, ਅਰਦਾਸ ਅਤੇ ਬਾਜੀਰਾਓ ਮਸਤਾਨੀ ਉਸ ਦੀਆਂ ਮਨ ਪਸੰਦ ਫ਼ਿਲਮਾਂ ਹਨ। ਇਸ ਨੌਜਵਾਨ ਤੋਂ ਪੰਜਾਬੀ ਸਿਨਮੇ ਲਈ ਬਹੁਤ ਉਮੀਦਾਂ ਹਨ। ਦਿਲੋਂ ਦੁਆ ਕੇ ਉਹ ਇਸ ਖੇਤਰ ਵਿਚ ਹੋਰ ਬੁਲੰਦੀਆਂ ਨੂੰ ਛੂਹੇ।

# ਰਿਸ਼ਤੇ, ਕਦੇ ਬੋਝ ਨਹੀਂ ਹੋਣ ਚਾਹੀਦੇ


ਵਿਜੈ ਗਰਗ



ਮਨੁੱਖੀ ਜੀਵਨ ਦਾ ਅਸਲ ਆਧਾਰ ਰਿਸ਼ਤੇ ਹਨ ਜਿਨ੍ਹਾਂ ਨੂੰ ਇਨਸਾਨ ਆਪਣੀ ਸਾਰੀ ਜ਼ਿੰਦਗੀ ਕਮਾਉਂਦਾ ਹੈ। ਕੁਝ ਰਿਸ਼ਤੇ ਖ਼ੂਨ ਦੇ ਹੁੰਦੇ ਹਨ, ਕੁਝ ਪਰਿਵਾਰਿਕ ਅਤੇ ਕੁਝ ਸਮਾਜਿਕ। ਹਰ ਰਿਸ਼ਤੇ ਦੀ ਆਪਣੀ ਪਰਿਭਾਸ਼ਾ, ਆਪਣੀ ਜ਼ਰੂਰਤ, ਆਪਣੀ ਪਛਾਣ ਅਤੇ ਆਪਣਾ ਮਹੱਤਵ ਹੈ। ਕੁਝ ਰਿਸ਼ਤੇ ਸਾਡੇ ਲਈ ਪਰਮਾਤਮਾ ਤੈਅ ਕਰਦਾ ਹੈ ਅਤੇ ਕੁਝ ਰਿਸ਼ਤੇ ਅਸੀਂ ਆਪ ਆਪਣੇ ਲਈ ਚੁਣਦੇ ਹਾਂ। ਇਹ ਰਿਸ਼ਤੇ ਸਾਡੇ ਲਈ ਉਹ ਚਾਨਣ ਮੁਨਾਰੇ ਹਨ ਜੋ ਸਾਡੀ ਜ਼ਿੰਦਗੀ ਦੇ ਪੰਧ ਨੂੰ ਆਸਾਨ ਬਣਾ ਦਿੰਦੇ ਹਨ। ਇਕੱਲਾ ਤਾਂ ਰੁੱਖ ਵੀ ਬੇਵੱਸ ਲੱਗਦਾ ਹੈ, ਫਿਰ ਇਨਸਾਨ ਇਹ ਪਹਾੜਾਂ ਜਿਹੀ ਜ਼ਿੰਦਗੀ ਇਕੱਲਾ ਕਿਵੇਂ ਬਿਤਾ ਸਕਦਾ ਹੈ। ਇਨਸਾਨ ਨੂੰ ਜਦ ਆਪਣਿਆਂ ਦਾ ਸਾਥ ਮਿਲਦਾ ਹੈ ਤਾਂ ਇਹ ਕੰਡਿਆਂ ਭਰੀ ਜ਼ਿੰਦਗੀ ਵੀ ਫੁੱਲਾਂ ਦੀ ਸੇਜ ਲੱਗਦੀ ਹੈ। ਹਰ ਖ਼ੁਸ਼ੀ ਆਪਣਿਆਂ ਨਾਲ ਵੰਡ ਕੇ ਵਧਦੀ ਹੈ ਤੇ ਹਰ ਦੁੱਖ ਵੰਡਣ ਨਾਲ ਘਟ ਜਾਂਦਾ ਹੈ। ਸਾਡੇ ਸਮਾਜ ਵਿੱਚ ਮਾਂ-ਧੀ, ਪਿਉ-ਪੁੱਤ, ਪਤੀ-ਪਤਨੀ, ਦਿਉਰ-ਭਰਜਾਈ, ਨਨਾਣ-ਭਰਜਾਈ, ਨੂੰਹ-ਸੱਸ ਆਦਿ ਅਨੇਕਾਂ ਰਿਸ਼ਤੇ ਮਿਲਦੇ ਹਨ। ਜੇ ਗੱਲ ਕਰੀਏ ਅਜੋਕੇ ਯੁੱਗ ਦੀ ਤਾਂ ਅੱਜ ਇਨ੍ਹਾਂ ਰਿਸ਼ਤਿਆਂ ਦੀ ਪਰਿਭਾਸ਼ਾ ਬਦਲਦੀ ਜਾ ਰਹੀ ਹੈ। ਇਨ੍ਹਾਂ ਰਿਸ਼ਤਿਆਂ ਵਿੱਚ ਜੋ ਪਿਆਰ, ਅਪਣੱਤ, ਮਿਠਾਸ ਹੁੰਦੀ ਸੀ, ਉਹ ਹੌਲੀ-ਹੌਲੀ ਖ਼ਤਮ ਹੁੰਦੀ ਜਾ ਰਹੀ ਹੈ। ਅੱਜ ਉਸ ਪਿਆਰ, ਅਪਣੱਤ ਦੀ ਜਗ੍ਹਾ ਨਫ਼ਰਤ, ਧੋਖੇਬਾਜ਼ੀ, ਸ਼ੱਕ, ਵੈਰ-ਵਿਰੋਧ ਨੇ ਲੈ ਲਈ ਹੈ। ਅੱਜ ਅਸੀਂ ਇੰਟਰਨੈੱਟ ਰਾਹੀਂ ਪੂਰੀ ਦੁਨੀਆ ਨਾਲ ਤਾਂ ਜੁੜ ਚੁੱਕੇ ਹਾਂ ਪਰ ਆਪਣੇ ਪਰਿਵਾਰ, ਆਂਢ-ਗੁਆਂਢ ਤੋਂ ਹੀ ਦੂਰ ਹੋ ਚੁੱਕੇ ਹਾਂ। ਅੱਜ ਹਰ ਰਿਸ਼ਤਾ ਫਾਇਦੇ ਨੁਕਸਾਨ ਤਕ ਸੀਮਤ ਹੋ ਕੇ ਰਹਿ ਗਿਆ ਹੈ। ਸੰਯੁਕਤ ਪਰਿਵਾਰਾਂ ਦੇ ਸਮੀਕਰਣ ਹੁਣ ਬਦਲ ਚੁੱਕੇ ਹਨ। ਪਹਿਲਾਂ ਪਰਿਵਾਰ ਸੰਯੁਕਤ ਹੁੰਦੇ ਸਨ। ਪਰਿਵਾਰ ਵਿੱਚ ਦਾਦਾ-ਦਾਦੀ, ਚਾਚਾ-ਚਾਚੀ, ਤਾਇਆ-ਤਾਈ, ਭੂਆ, ਮਾਤਾ-ਪਿਤਾ, ਭੈਣ-ਭਰਾ ਆਦਿ ਅਨੇਕਾਂ ਰਿਸ਼ਤੇ ਵੇਖਣ ਨੂੰ ਮਿਲਦੇ ਸਨ। ਸਾਰੇ ਇੱਕੋ ਛੱਤ ਥੱਲੇ ਪਿਆਰ-ਮੁਹੱਬਤ ਨਾਲ ਰਹਿੰਦੇ ਸਨ। ਉਨ੍ਹਾਂ ਦੇ ਦੁੱਖ-ਸੁੱਖ ਸਭ ਸਾਂਝੇ ਹੁੰਦੇ ਸਨ ਪਰ ਅੱਜ ਸਾਂਝੇ ਪਰਿਵਾਰਾਂ ਦੀ ਗੰਢ ਟੁੱਟਦੀ ਜਾ ਰਹੀ ਹੈ। ਅਜੋਕੇ ਯੁੱਗ ਦੇ ਬੱਚੇ ਦਾਦਾ-ਦਾਦੀ, ਚਾਚੇ-ਤਾਏ, ਭੂਆ, ਮਾਮੇ-ਮਾਮੀਆਂ ਆਦਿ ਦੇ ਪਿਆਰ ਤੋਂ ਵਾਂਝੇ ਹੋ ਚੁੱਕੇ ਹਨ। ਅੱਜ ਹਰ ਰਿਸ਼ਤੇ ਦੀ ਪੂਰਤੀ ਸਿਰਫ਼ ਅੰਕਲ-ਆਂਟੀ ਸ਼ਬਦ ਨਾਲ ਹੋ ਜਾਂਦੀ ਹੈ। ਜਿਸ ਤਰ੍ਹਾਂ ਰਿਸ਼ਤਿਆਂ ਦੇ ਨਾਂ ਬਦਲੇ ਹਨ, ਉਸੇ ਤਰ੍ਹਾਂ ਇਨ੍ਹਾਂ ਰਿਸ਼ਤਿਆਂ ਵਿਚਲਾ ਪਿਆਰ ਵੀ ਕਿਤੇ ਖੰਭ ਲਾ ਕੇ ਉੱਡ ਗਿਆ ਹੈ। ਅਜੋਕੀ ਪੀੜ੍ਹੀ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਹੁੰਦੀ ਜਾ ਰਹੀ ਹੈ ਜਿਸ ਦਾ ਵੱਡਾ ਕਾਰਨ ਸਾਂਝੇ ਪਰਿਵਾਰਾਂ ਦਾ ਟੁੱਟਣਾ ਹੈ। ਅੱਜ ਬੱਚਿਆਂ ਨੂੰ ਘਰਾਂ ਵਿੱਚ ਨਾ ਤਾਂ ਵੱਡਿਆਂ ਦਾ ਸਤਿਕਾਰ ਦੇਖਣ ਨੂੰ ਮਿਲਦਾ ਹੈ ਅਤੇ ਨਾ ਹੀ ਪਹਿਲਾਂ ਜਿਹਾ ਪਿਆਰ। ਇਸ ਮਸ਼ੀਨੀ ਯੁੱਗ ਨੇ ਤਾਂ ਮਨੁੱਖ ਨੂੰ ਵੀ ਇੱਕ ਮਸ਼ੀਨ ਬਣਾ ਕੇ ਰੱਖ ਦਿੱਤਾ ਹੈ ਜਿਸ ਵਿੱਚ ਭਾਵਨਾਵਾਂ ਲਈ ਕੋਈ ਜਗ੍ਹਾ ਹੀ ਨਹੀਂ ਹੈ। ਅਕਸਰ ਕਿਹਾ ਜਾਂਦਾ ਹੈ ਕਿ ਪੁੱਤ ਕਪੁੱਤ ਹੋ ਜਾਂਦੇ ਹਨ ਪਰ ਮਾਪੇ ਕਦੇ ਕੁਮਾਪੇ ਨਹੀਂ ਹੁੰਦੇ ਪਰ ਹੁਣ ਜਦੋਂ ਅਸੀਂ ਮਾਪਿਆਂ ਵੱਲੋਂ ਧੀ ਦਾ ਕਤਲ, ਪਿਤਾ ਵੱਲੋਂ ਪੁੱਤ ਦਾ ਕਤਲ, ਪੁੱਤ ਵੱਲੋਂ ਜਾਇਦਾਦ ਖ਼ਾਤਰ ਪਿਉ ਦਾ ਕਤਲ, ਭਰਾ ਵੱਲੋਂ ਜ਼ਮੀਨ-ਪੈਸੇ ਖ਼ਾਤਰ ਭਰਾ ਦਾ ਕਤਲ ਆਦਿ ਖ਼ਬਰਾਂ ਪੜ੍ਹਦੇ ਹਾਂ ਤਾਂ ਫਿਰ ਇਹ ਕਹਾਵਤਾਂ ਵੀ ਝੂਠੀਆਂ ਹੀ ਲੱਗਦੀਆਂ ਹਨ। ਇਹ ਸੱਚ ਹੈ ਕਿ ਅੱਜ ਪੈਸੇ ਦੀ ਦੌੜ ਵਿੱਚ ਅਸੀਂ ਭਾਵੇਂ ਮੋਹਰੀ ਹੁੰਦੇ ਜਾ ਰਹੇ ਹਾਂ ਪਰ ਰਿਸ਼ਤਿਆਂ ਨੂੰ ਹਾਰਦੇ ਜਾ ਰਹੇ ਹਾਂ। ਜਵਾਨ ਪੁੱਤ ਤਾਂ ਪਿਉ ਲਈ ਸੱਜੀ-ਖੱਬੀ ਬਾਂਹ ਹੁੰਦੇ ਹਨ ਜਿਨ੍ਹਾਂ ਦੀ ਜਵਾਨੀ ਨੂੰ ਦੇਖ ਕੇ ਪਿਉ ਨੂੰ ਆਪਣਾ ਬੁਢੇਪਾ ਮਹਿਸੂਸ ਨਹੀਂ ਹੁੰਦਾ ਪਰ ਕਿੰਨੀ ਮਾੜੀ ਗੱਲ ਹੈ ਕਿ ਅੱਜ ਉਹੀ ਬਾਂਹਾਂ ਗਲ਼ ਤਕ ਪਹੁੰਚ ਗਈਆਂ ਹਨ। ਰਿਸ਼ਤਿਆਂ ਦੀ ਜੋ ਸਾਂਝ ਪਹਿਲਾਂ ਵੇਖਣ ਨੂੰ ਮਿਲਦੀ ਸੀ ਉਹ ਸਾਂਝ ਹੁਣ ਖ਼ਤਮ ਹੋ ਚੁੱਕੀ ਹੈ। ਪਹਿਲਾਂ ਜੋ ਨਾਨਕਿਆਂ, ਭੂਆ, ਮਾਸੀਆਂ ਦੇ ਲਈ ਬੱਚਿਆਂ ਦੇ ਦਿਲਾਂ ਵਿੱਚ ਪਿਆਰ, ਸਤਿਕਾਰ ਹੁੰਦਾ ਸੀ, ਉਹ ਹੁਣ ਖ਼ਤਮ ਹੁੰਦਾ ਜਾ ਰਿਹਾ ਹੈ। ਜੇ ਅਸੀਂ ਆਪਣੇ ਬਜ਼ੁਰਗਾਂ ਨੂੰ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਕਿੰਨਾ ਮੋਹ, ਪਿਆਰ ਹੈ ਉਨ੍ਹਾਂ ਅੰਦਰ ਆਪਣੇ ਨਾਲ ਦੇ ਜੰਮਿਆਂ ਜਾਇਆਂ ਲਈ। ਹਰ ਰਿਸ਼ਤੇ ਦੀ ਕਦਰ, ਹਰ ਰਿਸ਼ਤੇ ਨੂੰ ਨਿਭਾਉਣ ਦੀ ਜਾਚ ਹੈ ਪਰ ਜੇ ਨੌਜਵਾਨ ਪੀੜ੍ਹੀ ਦੀ ਗੱਲ ਕਰੀਏ ਤਾਂ ਰਿਸ਼ਤੇ ਨਿਭਾਉਣਾ ਤਾਂ ਵੱਖ ਬਲਕਿ ਉਨ੍ਹਾਂ ਨੂੰ ਤਾਂ ਇਹ ਵੀ ਨਹੀਂ ਪਤਾ ਚੱਲਦਾ ਕਿ ਸਾਹਮਣੇ ਵਾਲਾ ਉਨ੍ਹਾਂ ਦਾ ਰਿਸ਼ਤੇ ਵਿੱਚ ਲੱਗਦਾ ਕੀ ਹੈ? ਰਿਸ਼ਤਿਆਂ ਵਿੱਚ ਆਈ ਗਿਰਾਵਟ ਦਾ ਸਭ ਤੋਂ ਵੱਧ ਅਸਰ ਸਾਡੀ ਬਜ਼ੁਰਗ ਪੀੜ੍ਹੀ 'ਤੇ ਪੈ ਰਿਹਾ ਹੈ ਜਿਸ ਕਾਰਨ ਸਾਡੇ ਬਜ਼ੁਰਗਾਂ ਨੂੰ ਆਪਣਾ ਬੁਢੇਪਾ ਬਿਰਧ ਘਰਾਂ ਵਿੱਚ ਬਿਤਾਉਣਾ ਪੈ ਰਿਹਾ ਹੈ। ਸਾਡੇ ਬਜ਼ੁਰਗ ਜਿਨ੍ਹਾਂ ਸਾਨੂੰ ਪਤਾ ਨਹੀਂ ਕਿੰਨੀਆਂ ਧੁੱਪਾਂ, ਝੱਖੜਾਂ ਤੋਂ ਬਚਾਇਆ, ਪਤਾ ਨਹੀਂ ਕਿੰਨੀ ਵਾਰ ਖ਼ੁਦ ਭੁੱਖੇ ਰਹਿ ਕੇ ਸਾਨੂੰ ਪੇਟ ਭਰ ਖਾਣਾ ਖਵਾਇਆ, ਜਿਨ੍ਹਾਂ ਸਾਨੂੰ ਉਂਗਲੀ ਫੜ ਕੇ ਚੱਲਣਾ ਸਿਖਾਇਆ, ਸਾਨੂੰ ਡਿੱਗਦਿਆਂ ਨੂੰ ਹਮੇਸ਼ਾਂ ਸਹਾਰਾ ਦਿੱਤਾ ਅੱਜ ਉਮਰ ਦੇ ਇਸ ਪੜਾਅ ਉੱਤੇ ਆ ਕੇ ਜਦੋਂ ਉਨ੍ਹਾਂ ਨੂੰ ਸਹਾਰੇ ਦੀ ਲੋੜ ਹੁੰਦੀ ਹੈ ਤਾਂ ਫਿਰ ਉਹੀ ਸਾਡੇ ਮਾਪੇ, ਸਾਡੇ ਬਜ਼ੁਰਗ ਸਾਡੇ ਲਈ ਬੋਝ ਬਣ ਜਾਂਦੇ ਹਨ, ਜਿਨ੍ਹਾਂ ਦੀ ਬਦੌਲਤ ਅਸੀਂ ਦੁਨੀਆਂ ਦੇਖੀ, ਜਿਨ੍ਹਾਂ ਕਾਰਨ ਅੱਜ ਸਾਡੀ ਪਛਾਣ ਹੈ, ਜਿਨ੍ਹਾਂ ਨੇ ਸਾਡੀਆਂ ਖ਼ੁਸ਼ੀਆਂ ਲਈ ਆਪਣੀਆਂ ਲੱਖਾਂ ਸੱਧਰਾਂ ਨੂੰ ਕੁਰਬਾਨ ਕਰ ਦਿੱਤਾ। ਆਖਰ ਉਹੀ ਮਾਪੇ ਸਾਡੇ ਲਈ ਬੋਝ ਕਿਵੇਂ ਹੋ ਸਕਦੇ ਹਨ? ਜੇ ਅਸੀਂ ਆਪਣੇ ਮਾਪਿਆਂ ਦਾ ਸਤਿਕਾਰ ਨਹੀਂ ਕਰ ਸਕਦੇ ਤਾਂ ਫਿਰ ਆਉਣ ਵਾਲੀ ਪੀੜ੍ਹੀ ਤੋਂ ਸਤਿਕਾਰ ਦੀ ਆਸ ਕਿਵੇਂ ਰੱਖ ਸਕਦੇ ਹਾਂ। ਆਖਰ 'ਵੱਢਾਂਗੇ ਤਾਂ ਉਹੀ ਨਾ ਜੋ ਕੁਝ ਬੀਜਾਂਗੇ'। ਹੁਣ ਜੇ ਗੱਲ ਕਰੀਏ ਪਤੀ-ਪਤਨੀ ਦੇ ਰਿਸ਼ਤੇ ਦੀ ਤਾਂ ਇੱਕ ਸਮਾਂ ਸੀ ਜਦੋਂ ਇਸ ਨੂੰ ਸੱਤ ਜਨਮਾਂ ਦਾ ਸਾਥ ਸਮਝਿਆ ਜਾਂਦਾ ਸੀ ਪਰ ਹੁਣ ਸੱਤ ਜਨਮ ਤਾਂ ਕੀ ਇੱਕ ਜਨਮ ਸਾਥ ਨਿਭਾਉਣਾ ਵੀ ਔਖਾ ਹੋ ਗਿਆ ਹੈ। ਜਿੰਨੇ ਜਲਦੀ ਵਿਆਹ ਹੁੰਦੇ ਹਨ, ਉਨੇ ਜਲਦੀ ਹੀ ਟੁੱਟ ਜਾਂਦੇ ਹਨ। ਰਿਸ਼ਤੇ ਨਿਭਾਉਣ ਦੀ ਸ਼ਿੱਦਤ ਹੁਣ ਖ਼ਤਮ ਹੋ ਚੁੱਕੀ ਹੈ। ਰੂਹਾਂ ਦੇ ਰਿਸ਼ਤੇ ਪਲਾਂ ਵਿੱਚ ਬਿਖਰ ਜਾਂਦੇ ਹਨ। ਪਦਾਰਥਵਾਦੀ ਯੁੱਗ ਦੀ ਮਾਰ ਕਾਰਨ ਭੈਣ-ਭਰਾ ਦਾ ਰਿਸ਼ਤਾ ਵੀ ਪ੍ਰਭਾਵਿਤ ਹੋਇਆ ਹੈ। ਇਸ ਰਿਸ਼ਤੇ ਵਿਚਲੀ ਸਾਂਝ, ਆਪਸੀ ਪਿਆਰ ਹੁਣ ਖ਼ਤਮ ਹੁੰਦਾ ਜਾਪ ਰਿਹਾ ਹੈ। ਭਰਾ-ਭਰਾ ਦਾ ਦੁਸ਼ਮਣ ਬਣ ਚੁੱਕਾ ਹੈ। ਨਨਾਣ-ਭਰਜਾਈ, ਦਿਉਰ-ਭਰਜਾਈ, ਜੀਜਾ-ਸਾਲੀ, ਨੂੰਹ-ਸੱਸ ਆਦਿ ਰਿਸ਼ਤੇ ਜਿਨ੍ਹਾਂ ਵਿੱਚ ਪਿਆਰ ਅਤੇ ਤਕਰਾਰ ਦੋਵੇਂ ਦੇਖਣ ਨੂੰ ਮਿਲਦੇ ਸਨ, ਅੱਜ ਇਨ੍ਹਾਂ ਰਿਸ਼ਤਿਆਂ ਦੀ ਪਰਿਭਾਸ਼ਾ ਬਦਲ ਚੁੱਕੀ ਹੈ। ਅੱਜ ਅਸੀਂ ਨੂੰਹਾਂ ਘੱਟ ਅਤੇ ਨੀਂਹਾਂ ਜ਼ਿਆਦਾ ਵਿਆਹ ਕੇ ਲਿਆਉਂਦੇ ਹਾਂ। ਘਰ ਵਿੱਚ ਮੁੰਡੇ ਦਾ ਵਿਆਹ ਮਗਰੋਂ ਹੁੰਦਾ ਹੈ ਬਟਵਾਰਾ ਪਹਿਲਾਂ ਹੋ ਜਾਂਦਾ ਹੈ। ਪਹਿਲਾਂ ਇਹ ਬਟਵਾਰਾ ਭਰਾਵਾਂ-ਭਰਾਵਾਂ ਵਿਚਕਾਰ ਹੁੰਦਾ ਸੀ ਪਰ ਅੱਜ-ਕਲ੍ਹ ਤਾਂ ਜੇ ਕਿਸੇ ਦੇ ਇੱਕ ਪੁੱਤ ਹੈ ਉਹ ਵੀ ਮਾਪਿਆਂ ਨਾਲੋਂ ਅੱਡ ਹੀ ਰਹਿੰਦਾ ਹੈ। ਇਸ ਤਰ੍ਹਾਂ ਰਿਸ਼ਤਿਆਂ ਵਿਚਲੀ ਇਸ ਗਿਰਾਵਟ ਕਾਰਨ ਸਾਡੇ ਬਜ਼ੁਰਗ ਖ਼ੂਨ ਦੇ ਹੰਝੂ ਵਹਾ ਰਹੇ ਹਨ। ਰਿਸ਼ਤਿਆਂ 'ਚ ਆਈਆਂ ਇਨ੍ਹਾਂ ਦੂਰੀਆਂ ਦਾ ਇੱਕ ਵੱਡਾ ਕਾਰਨ ਇਹੀ ਹੈ ਕਿ ਸਾਡੀ ਸਹਿਣ ਸ਼ਕਤੀ ਖ਼ਤਮ ਹੋ ਚੁੱਕੀ ਹੈ। ਅੱਜ ਪੈਸਾ ਹੀ ਸਾਡੇ ਲਈ ਸਭ ਕੁਝ ਬਣ ਚੁੱਕਾ ਹੈ। ਰਿਸ਼ਤੇ ਪੈਸੇ ਦੀ ਚਕਾਚੌਂਧ ਵਿੱਚ ਧੁੰਦਲੇ ਪੈਂਦੇ ਜਾ ਰਹੇ ਹਨ ਪਰ ਸਮਾਂ ਰਹਿੰਦੇ ਹੀ ਸਾਨੂੰ ਆਪਣੀ ਸੋਚ ਨੂੰ ਬਦਲਣਾ ਪਵੇਗਾ। ਸਾਡੀ ਅਸਲੀ ਦੌਲਤ ਇਹ ਪਿਆਰੇ ਜਿਹੇ ਰਿਸ਼ਤੇ ਹਨ ਜਿਨ੍ਹਾਂ ਨੂੰ ਅਸੀਂ ਸਾਰੀ ਜ਼ਿੰਦਗੀ ਕਮਾਉਂਦੇ ਹਾਂ ਤੇ ਇਸ ਦੌਲਤ ਨੂੰ ਸੰਭਾਲਣਾ ਸਾਡਾ ਮੁਢਲਾ ਫ਼ਰਜ਼ ਹੈ। ਰਿਸ਼ਤਿਆਂ ਵਿਚਲਾ ਪਿਆਰ ਮੋਹ, ਮਿਠਾਸ, ਅਪਣੱਤ ਹੀ ਇਸ ਦੀ ਅਸਲੀ ਪਰਿਭਾਸ਼ਾ ਹੈ ਅਤੇ ਇਸ ਨੂੰ ਕਾਇਮ ਰੱਖਣਾ ਇਨਸਾਨੀਅਤ ਦਾ ਫ਼ਰਜ਼ ਹੈ। ਪਰਮਾਤਮਾ ਮਿਹਰ ਕਰੇ ਤੇ ਰਿਸ਼ਤਿਆਂ ਦੀ ਟੁੱਟੀ ਹੋਈ ਗੰਢ ਮੁੜ ਤੋਂ ਜੁੜ ਜਾਵੇ।

# ਹਵਾਈ ਜਹਾਜ਼ ਦੀ ਕਾਢ ਕੱਢਣ ਵਾਲੇ ਰਾਈਟ ਭਰਾਵਾਂ ਨੂੰ ਯਾਦ ਕਰਦਿਆਂ...

-ਪਿਰਥੀਪਾਲ ਸਿੰਘ ਮਾੜੀਮੇਘਾ



ਰਾਈਟ ਭਰਾਵਾਂ ਵਿਲਬਰ ਤੇ ਓਰਵਿਲ ਨੇ 1908 ਵਿਚ ਹਵਾਈ ਜਹਾਜ਼ ਦੀ ਕਾਢ ਕੱਢੀ ਤੇ ਉਨ੍ਹਾਂ ਦੀ ਪਹਿਲੀ ਉਡਾਣ ਸਿਰਫ਼ 12 ਸਕਿੰਟ ਦੀ ਸੀ। ਇਹ ਉਡਾਣ ਦੁਨੀਆ ਦੇ ਇਤਿਹਾਸ ਵਿਚ ਇਕ ਚਮਤਕਾਰ ਸੀ। ਰਾਈਟ ਭਰਾਵਾਂ ਦੀ ਚੌਥੀ ਉਡਾਣ 59 ਸਕਿੰਟ ਦੀ ਸੀ ਤੇ ਜਹਾਜ਼ 12 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉੱਡਿਆ ਤੇ 835 ਫੁੱਟ ਦੀ ਦੂਰੀ ਤੈਅ ਕੀਤੀ ਸੀ। ਉਨ੍ਹਾਂ ਦਾ ਤਜਰਬਾ ਇੰਨਾ ਜ਼ਿਆਦਾ ਵਧ ਗਿਆ ਕਿ 1905 ਤਕ ਉਨ੍ਹਾਂ ਨੇ ਜਹਾਜ਼ 24 ਮੀਲ ਤਕ 35 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਉਡਾਇਆ।

ਇਸ ਤੋਂ ਅੱਗੇ ਵਧਦਿਆਂ ਉਨ੍ਹਾਂ ਨੇ 91 ਮਿੰਟਾਂ ਵਿਚ 52 ਮੀਲ ਜਹਾਜ਼ੀ ਸਫ਼ਰ ਕੀਤਾ। ਇਸ ਤਰ੍ਹਾਂ ਰਾਈਟ ਭਰਾ 1909 ਤਕ ਸੰਪੂਰਨ ਜਹਾਜ਼ ਦੀ ਹੋਂਦ ਤਕ ਪਹੁੰਚ ਗਏ। ਰਾਈਟ ਭਰਾਵਾਂ ਦੇ ਗਿਆਨ ਸਦਕਾ ਅੱਜ ਹਰੇਕ ਦੇਸ਼ ਵਿਚ ਹਵਾਈ ਜਹਾਜ਼ ਬੱਸਾਂ ਦੀ ਤਰ੍ਹਾਂ ਚੱਲ ਰਹੇ ਹਨ। ਫ਼ਰਕ ਸਿਰਫ਼ ਇੰਨਾ ਹੈ ਕਿ ਬੱਸਾਂ ਦੀਆਂ ਸੜਕਾਂ ਧਰਤੀ ਤੇ ਜਹਾਜ਼ ਦੀਆਂ ਅਸਮਾਨ 'ਤੇ ਹਨ। ਰਾਈਟ ਭਰਾ ਵਿਲਬਰ ਦਾ ਜਨਮ 16 ਅਪ੍ਰੈਲ 1867 ਤੇ ਓਰਵਿਲ ਦਾ 19 ਅਗਸਤ 1871 ਨੂੰ ਅਮਰੀਕਾ ਵਿਚ ਹੋਇਆ ਸੀ। ਉਨ੍ਹਾਂ ਦੀ ਮਾਤਾ ਦਾ ਨਾਮ ਸੂਜਨ ਰਾਈਟ ਤੇ ਪਿਤਾ ਦਾ ਮਿਲਟਿਨ ਰਾਈਟ ਸੀ। ਉਹ 7 ਭੈਣ-ਭਰਾ ਸਨ। ਉਨ੍ਹਾਂ ਦਾ ਬਾਪ ਚਰਚ ਦਾ ਪਾਦਰੀ ਸੀ। ਜਿਸ ਕਾਰਨ ਉਨ੍ਹਾਂ ਨੂੰ ਆਮ ਹੀ ਘਰ ਬਦਲਣਾ ਪੈਂਦਾ ਸੀ। ਘਰ ਬਦਲਣ ਨਾਲ ਕੁਦਰਤੀ ਤੌਰ 'ਤੇ ਰਾਈਟ ਭਰਾਵਾਂ ਦੀ ਪੜ੍ਹਾਈ 'ਤੇ ਅਸਰ ਪਿਆ ਜਿਸ ਕਰ ਕੇ ਉਹ ਉੱਚੇ ਪੱਧਰ ਦੀ ਵਿੱਦਿਆ ਨਾ ਲੈ ਸਕੇ। ਪਾਦਰੀ ਹੋਣ ਕਰਕੇ ਉਨ੍ਹਾਂ ਦੇ ਬਾਪ ਨੂੰ 12 ਵਾਰ ਘਰ ਬਦਲਣ ਤੋਂ ਬਾਅਦ ਪੱਕੀ ਰਿਹਾਇਸ਼ ਨਸੀਬ ਹੋਈ ਸੀ। ਉਹ ਵੀ ਵਿਲਬਰ ਨੂੰ ਨਹੀਂ ਕਿਉਂਕਿ ਉਹ ਮਰ ਚੁੱਕਾ ਸੀ। ਰਾਈਟ ਭਰਾਵਾਂ ਦੇ ਹਿਰਦੇ ਵਿਚ ਹਵਾਈ ਜਹਾਜ਼ ਬਣਾਉਣ ਦਾ ਫੁਰਨਾ ਫੁਰਿਆ ਸੀ ਖਿਡੌਣੇ ਹੈਲੀਕੈਪਟਰ ਤੋਂ। ਉਨ੍ਹਾਂ ਦਾ ਖਿਡੌਣਾ ਹੈਲੀਕੈਪਟਰ ਟੁੱਟ ਗਿਆ ਤੇ ਉਨ੍ਹਾਂ ਨੇ ਮੁਰੰਮਤ ਕਰ ਕੇ ਫਿਰ ਚਲਾ ਲਿਆ। ਇਸ ਮਕੈਨਕੀ ਨੇ ਉਨ੍ਹਾਂ ਨੂੰ ਹਵਾਈ ਜਹਾਜ਼ ਦੀ ਖੋਜ ਲਈ ਉਤਸ਼ਾਹਤ ਕਰ ਦਿੱਤਾ। ਰਾਈਟ ਭਰਾਵਾਂ ਨੇ ਖੋਜ ਸੰਪੂਰਨ ਕਰ ਲਈ ਸੀ ਤੇ ਵਿਲਬਰ ਦੀ ਮੌਤ ਹੋ ਗਈ। ਅਮਰੀਕਾ ਸਰਕਾਰ ਨੇ ਵਿਲਬਰ ਦੀ ਮੌਤ ਤੋਂ ਬਾਅਦ 127ਵੇਂ ਜਨਮ ਦਿਨ 'ਤੇ 16 ਅਪ੍ਰੈਲ 1994 ਨੂੰ ਉਨ੍ਹਾਂ ਨੂੰ ਡਿਪਲੋਮਾ ਦੇ ਕੇ ਸਨਮਾਨ ਬਖਸ਼ਿਆ ਸੀ। ਰਾਈਟ ਭਰਾਵਾਂ ਨੇ ਹਵਾਈ ਜਹਾਜ਼ ਦੀ ਖੋਜ ਵਾਸਤੇ ਜ਼ਿੰਦਗੀ ਵਿਚ ਬੜੀ ਘਾਲਣਾ ਘਾਲੀ। ਕਿਉਂਕਿ ਉਹ ਅਮੀਰ ਮਾਂ-ਬਾਪ ਦੀ ਔਲਾਦ ਨਹੀਂ ਸਨ ਤੇ ਖੋਜ ਵਾਸਤੇ ਪੈਸੇ ਦੀ ਲੋੜ ਸੀ। ਉਨ੍ਹਾਂ ਨੇ 1889 ਵਿਚ ਛਾਪੇਖਾਨੇ ਦਾ ਵਪਾਰ ਸ਼ੁਰੂ ਕਰ ਦਿੱਤਾ ਅਤੇ ਮਾਰਚ ਵਿਚ ਹਫ਼ਤਾਵਾਰੀ ਅਖ਼ਬਾਰ 'ਵੈਸਟ ਸਾਈਡ ਨਿਊਜ਼' ਸ਼ੁਰੂ ਕੀਤਾ। ਵਿਲਬਰ ਸੰਪਾਦਕ ਤੇ ਓਰਵਿਲ ਪਬਲੀਸ਼ਰ ਬਣ ਗਿਆ। ਫਿਰ ਉਨ੍ਹਾਂ ਨੇ ਇਸ ਅਖ਼ਬਾਰ ਦਾ ਨਾਮ ਬਦਲ ਕੇ 'ਈਵਨਿੰਗ ਆਈਟਮ' ਕਰ ਦਿੱਤਾ। ਅਖ਼ਬਾਰ ਚਾਰ ਮਹੀਨੇ ਚਲਾਇਆ।


ਇਸੇ ਸਮੇਂ ਵਿਚ ਸਾਈਕਲ ਸਨਅਤ ਦੀ ਬੜੀ ਵੱਡੀ ਦੌੜ ਲੱਗੀ ਹੋਈ ਸੀ। ਰਾਈਟ ਭਰਾਵਾਂ ਨੇ ਵੀ ਇਹ ਵਪਾਰ ਸ਼ੁਰੂ ਕਰ ਦਿੱਤਾ ਜਿਸ ਦਾ ਨਾਮ ਉਨ੍ਹਾਂ ਨੇ 'ਰਾਈਟ ਸਾਈਕਲ ਕੰਪਨੀ' ਰੱਖਿਆ। ਜਿਹੜਾ ਵੀ ਕੰਪਨੀ ਤੋਂ ਮੁਨਾਫ਼ਾ ਹੁੰਦਾ ਉਹ ਹਵਾਈ ਜਹਾਜ਼ ਦੀ ਖੋਜ 'ਤੇ ਲਾ ਦਿੰਦੇ। ਉਨ੍ਹਾਂ ਜਰਮਨੀ ਵਿਚ 'ਗਲਾਈਡਰ' ਬਾਰੇ ਪੜ੍ਹ?ਹਆ ਤੇ ਸੁਣਿਆ। ਇਹ ਜਾਣ ਕੇ ਰਾਈਟ ਭਰਾਵਾਂ ਦਾ ਯਕੀਨ ਹੋਰ ਪੱਕਾ ਹੋ ਗਿਆ ਕਿ ਹਵਾਈ ਜਹਾਜ਼ ਬਣਾਇਆ ਤੇ ਉਡਾਇਆ ਜਾ ਸਕਦਾ ਹੈ। ਉਹ 1908 ਵਿਚ ਫਰਾਂਸ ਗਏ ਤੇ ਜਹਾਜ਼ ਉਡਾ ਕੇ ਵਿਖਾ ਦਿੱਤਾ। ਰਾਈਟ ਭਰਾ ਵਾਪਸ ਅਮਰੀਕਾ ਆ ਗਏ ਤੇ ਅਮਰੀਕਾ ਸਰਕਾਰ ਨੇ ਉਨ੍ਹਾਂ ਨੂੰ 25000 ਡਾਲਰ ਤੋਂ ਇਲਾਵਾ 2500 ਡਾਲਰ ਹਰ ਮੀਲ ਦੀ ਉਡਾਣ ਦਾ ਦੇਣ ਦਾ ਵਾਅਦਾ ਕੀਤਾ ਤੇ ਲੋਕਾਂ ਨੂੰ ਇਕੱਠੇ ਹੋਣ ਦਾ ਸੱਦਾ ਦੇ ਦਿੱਤਾ।

ਲੋਕਾਂ ਦੀ ਹਾਜ਼ਰੀ ਵਿਚ ਰਾਈਟ ਭਰਾ ਵਿਲਬਰ ਨੇ 4 ਅਕਤੂਬਰ 1909 ਨੂੰ ਨਿਊਯਾਰਕ ਵਿਖੇ 10 ਲੱਖ ਲੋਕਾਂ ਦੀ ਹਾਜ਼ਰੀ ਵਿਚ ਹਵਾਈ ਜਹਾਜ਼ ਉਡਾਉਣ ਦਾ ਪ੍ਰਦਰਸ਼ਨ ਕੀਤਾ। ਉਕਤ ਭਰਾਵਾਂ ਨੇ ਆਪਣੇ 82 ਸਾਲਾ ਪਿਤਾ ਨੂੰ ਜਦੋਂ ਹਵਾਈ ਜਹਾਜ਼ ਵਿਚ ਬਿਠਾ ਕੇ ਝੂਟੇ ਦਿੱਤੇ ਤੇ ਹਵਾਈ ਜਹਾਜ਼ ਜਦ 350 ਫੁੱਟ ਉੱਚਾ ਗਿਆ ਤਾਂ ਬਾਪ ਆਪਣੇ ਪੁੱਤਰ ਨੂੰ ਕਹਿ ਰਿਹਾ ਸੀ,"ਓਰਵਿਲ, ਇਹਨੂੰ ਹੋਰ ਉੱਚਾ ਉਡਾ, ਹੋਰ ਉੱਚਾ ਉਡਾ।" ਜਦਕਿ ਇਸੇ ਬਾਪ ਨੇ ਆਪਣੇ ਪੁੱਤਰਾਂ ਦੀਆਂ ਜ਼ਿੰਦਗੀਆਂ ਨੂੰ ਖ਼ਤਰਾ ਸਮਝਦੇ ਹੋਏ ਪਹਿਲਾਂ ਖੋਜ ਰੋਕਣ ਦੀ ਕਈ ਵਾਰ ਕੋਸ਼ਿਸ਼ ਕੀਤੀ ਸੀ। ਰਾਈਟ ਭਰਾਵਾਂ ਨੇ ਸਾਰੀ ਉਮਰ ਵਿਆਹ ਨਹੀਂ ਸੀ ਕਰਾਇਆ। ਵਿਲਬਰ ਦੀ 30 ਮਈ 1912 ਨੂੰ ਆਪਣਾ ਸਥਾਈ ਘਰ ਵੇਖੇ ਤੋਂ ਬਗੈਰ ਹੀ 45 ਸਾਲ ਦੀ ਉਮਰ 'ਚ ਹੀ ਮੌਤ ਹੋ ਗਈ ਸੀ। ਉਸ ਦੇ ਛੋਟੇ ਭਰਾ, ਮਿੱਤਰ ਤੇ ਖੋਜੀ ਸਾਥੀ ਓਰਵਿਲ ਦੀ ਮੌਤ 30 ਜਨਵਰੀ 1948 ਨੂੰ ਹੋਈ ਸੀ।



# ਕੀ ਬਨਾਉਟੀ ਬੁੱਧੀ ਭਵਿੱਖ ਲਈ ਖ਼ਤਰਨਾਕ ਹੋਵੇਗੀ?

*ਜੇਕਰ ਇਹ ਕਿਸੇ ਵਿਸ਼ੇਸ਼ ਵਿਅਕਤੀ ਦੀ ਆਵਾਜ਼ ਕੱਢਣ ਦੇ ਕਾਬਿਲ ਹੈ ਤਾਂ ਸਾਈਬਰ ਠੱਗਾਂ ਦਾ ਤਾਂ ਕੰਮ ਹੋਰ ਵੀ ਸੁਖਾਲਾ ਹੋ ਜਾਵੇਗਾ। ਹੁਣ ਤਾਂ ਉਹ ਅਨਜਾਣ ਨੰਬਰ ਤੋਂ ਫੋਨ ਕਰਕੇ ਪੁੱਛਦੇ ਹਨ ਕਿ ਪਛਾਣਿਆਂ ਨਹੀਂ। ਪਰ ਇਸ ਦੇ ਉਪਰੰਤ ਤਾਂ ਇਸ ਦੀ ਗੁੰਜਾਇਸ਼ ਹੀ ਨਹੀਂ ਰਹਿ ਜਾਵੇਗੀ ਅਤੇ ਉਹ ਸਿੱਧੇ ਕਿਸੇ ਰਿਸ਼ਤੇਦਾਰ ਜਾਂ ਜਾਣਕਾਰ ਦੀ ਆਵਾਜ਼ ਅਤੇ ਡਾਟਾਬੇਸ ਵਿਚੋਂ ਉਸ ਵਿਅਕਤੀ ਬਾਬਤ ਜਾਣਕਾਰੀ ਲੈ ਕੇ ਭੋਲੇ-ਭਾਲੇ ਲੋਕਾਂ ਨੂੰ ਆਸਾਨੀ ਨਾਲ ਠੱਗ ਸਕਦੇ ਹਨ।*



**- ਡਾ. ਬਿਕਰਮ ਸਿੰਘ ਵਿਰਕ**

ਅੱਜ ਮਨੁੱਖ ਦੁਆਰਾ ਕੀਤੇ ਜਾਣ ਵਾਲੇ ਅਨੇਕਾਂ ਕੰਮ ਮਸ਼ੀਨਾਂ ਦੁਆਰਾ ਕੀਤੇ ਜਾਣ ਲੱਗ ਪਏ ਹਨ। ਆਮ ਤੌਰ ’ਤੇ ਪਿਛਲੇ ਸਮੇਂ ਵਿਚ ਕੰਮ ਕਰਨ ਵਾਲੀ ਮਸ਼ੀਨ ਨੂੰ ਚਲਾਉਣ ਜਾਂ ਆਦੇਸ਼ ਦੇਣ ਵਾਲਾ ਮਨੁੱਖ ਹੀ ਹੋਇਆ ਕਰਦਾ ਸੀ ਅਤੇ ਮਸ਼ੀਨ ਉਸ ਦੀ ਮਰਜ਼ੀ ਅਨੁਸਾਰ ਹੀ ਕੰਮ ਕਰਦੀ ਸੀ। ਇਸ ਨਾਲ ਫ਼ਰਕ ਇਹ ਪਿਆ ਸੀ ਕਿ ਮਨੁੱਖ ਦੇ ਕੰਮ ਕਰਨ ਦੀ ਸਮਰੱਥਾ ਕਈ ਗੁਣਾ ਵਧ ਗਈ ਸੀ। ਮਤਲਬ ਟਰੈਕਟਰ ਦੇ ਆਉਣ ਨਾਲ ਜਿੱਥੇ ਪਹਿਲਾਂ ਇਕ ਬੰਦਾ ਇਕ ਬਲਦਾਂ ਦੀ ਜੋਗ ਨਾਲ ਸਾਰੇ ਦਿਨ ਵਿਚ ਮਸਾਂ ਅੱਧਾ ਕਿੱਲਾ ਪੈਲੀ ਵਾਹ ਸਕਦਾ ਸੀ, ਉਹ ਟਰੈਕਟਰ ਨਾਲ ਇਸ ਨਾਲੋਂ 10 ਗੁਣਾਂ ਤੋਂ ਵੀ ਵਧੇਰੇ ਕੰਮ ਓਨੇ ਹੀ ਸਮੇਂ ਵਿਚ ਨਿਬੇੜਨ ਲੱਗਾ। ਇਹ ਅੱਗੋਂ ਫਿਰ ਮਸ਼ੀਨ ਦੀ ਸਮਰੱਥਾ ’ਤੇ ਨਿਰਭਰ ਸੀ ਕਿ ਮਨੁੱਖ ਦੀ ਉਤਪਾਦਕਤਾ ’ਚ ਵਾਧਾ ਕਿੰਨਾ ਹੋਵੇਗਾ। ਕੰਪਿਊਟਰ ਦੇ ਹੋਂਦ ’ਚ ਆਉਣ ਉਪਰੰਤ ਕਈ ਸਾਰੀਆਂ ਮਸ਼ੀਨਾਂ ਅਜਿਹੀਆਂ ਵੀ ਆ ਗਈਆਂ, ਜਿਨ੍ਹਾਂ ਨੂੰ ਮਨੁੱਖਾਂ ਦੀ ਬਜਾਏ ਕੰਪਿਊਟਰ ਹੀ ਆਦੇਸ਼ ਦੇ ਸਕਦੇ ਸਨ ਅਤੇ ਮਨੁੱਖ ਦਾ ਰੋਲ ਮਨਫ਼ੀ ਹੋ ਗਿਆ। ਕਈ ਫੈਕਟਰੀਆਂ ਵਿਚ ਮਨੁੱਖ ਦੀ ਥਾਂ ’ਤੇ ਰੋਬੋਟ ਕੰਮ ਕਰਨ ਲੱਗ ਪਏ। ਇੰਜ ਬੰਦਿਆਂ ਦੀ ਥਾਂ ਮਸ਼ੀਨਾਂ ਨੇ ਲੈ ਲਈ ਅਤੇ ਇਸ ਕਾਰਨ ਬਹੁਤ ਸਾਰੇ ਲੋਕ ਬੇਰੁਜ਼ਗਾਰ ਵੀ ਹੋ ਗਏ। ਪਰ ਹੁਣ ਗੱਲ ਇਸ ਤੋਂ ਵੀ ਅੱਗੇ ਵਧ ਗਈ ਹੈ। ਪਹਿਲਾਂ ਇਹ ਮੰਨਿਆ ਜਾਂਦਾ ਸੀ ਕਿ ਸੋਚਣ, ਸਮਝਣ ਅਤੇ ਹਾਲਾਤ ਅਨੁਸਾਰ ਤਰਕਸੰਗਤ ਤਰੀਕੇ ਨਾਲ ਸਹੀ ਕਾਰਵਾਈ ਕਰਨ ਦੀ ਸ਼ਕਤੀ ਕੇਵਲ ਮਨੁੱਖ ਕੋਲ ਹੀ ਹੈ ਅਤੇ ਕੋਈ ਵੀ ਮਸ਼ੀਨ ਇਸ ਤਰ੍ਹਾਂ ਦੀ ਨਹੀਂ ਤਿਆਰ ਹੋ ਸਕਦੀ, ਜਿਸ ਕੋਲ ਕਿ ਮਨੁੱਖ ਵਰਗੀ ਬੁੱਧੀ, ਦਿਮਾਗ ਜਾਂ ਸੋਚਣ ਸ਼ਕਤੀ ਹੋਵੇ। ਪ੍ਰੰਤੂ ਪਿਛਲੇ ਸਮੇਂ ਵਿਚ ਇਕ ਨਵਾਂ ਸੰਕਲਪ ਹੋਂਦ ਵਿਚ ਆਇਆ ਹੈ, ਜਿਸ ਨੂੰ ‘ਆਰਟੀਫੀਸ਼ੀਅਲ ਇੰਟੇਲੀਜੈਂਸ’ (Artificial Intelligence) ਦਾ ਨਾਂਅ ਦਿੱਤਾ ਗਿਆ ਹੈ, ਜਿਸ ਨੂੰ ਪੰਜਾਬੀ ਵਿਚ ‘ਬਨਾਉਟੀ-ਬੁੱਧੀ’ ਕਿਹਾ ਜਾ ਸਕਦਾ ਹੈ। ਇਸ ਦੀ ਮਦਦ ਨਾਲ ਕੋਈ ਵੀ ਕੰਪਿਊਟਰ ਪ੍ਰੋਗਰਾਮ ਮਸ਼ੀਨਾਂ ਨੂੰ ਮਨੁੱਖ ਵਾਂਗ ਹੀ ਚਲਾ ਸਕਦਾ ਹੈ, ਮਸ਼ੀਨ ਮਨੁੱਖੀ ਆਵਾਜ਼ ਵਿਚ ਆਦੇਸ਼ ਲੈ ਸਕਦੀ ਹੈ ਅਤੇ ਇਕ ਜ਼ੁਬਾਨੀ ਕਮਾਂਡ ਨਾਲ ਹੀ ਕਈ ਕੰਮ ਕਰ ਸਕਦੀ ਹੈ। ਹਾਲ ਵਿਚ ਹੀ ‘ਚੈਟ ਜੀ.ਪੀ.ਟੀ.’ ਨਾਮੀ ਇਕ ਚੈਟ ਬੋਟ ਪ੍ਰੋਗਰਾਮ ਅਤੇ ਐਪ, ਜੋ ਕਿ ‘ਓਪਨ ਆਰਟੀਫੀਸ਼ੀਅਲ ਇੰਟੇਲੀਜੈਂਸ’ ਦੁਆਰਾ ਤਿਆਰ ਕੀਤੀ ਗਈ ਹੈ, ਹੋਂਦ ਵਿਚ ਆਈ ਹੈ ਅਤੇ ਇਸ ਦਾ 4.0 ਵਰਜ਼ਨ (ਸੰਸਕਰਨ) 14 ਮਾਰਚ 2023 ਨੂੰ ਜਾਰੀ ਕਰ ਦਿੱਤਾ ਗਿਆ ਹੈ। ਇਸ ਦੀਆਂ ਕਈ ਵਿਸ਼ੇਸ਼ਤਾਈਆਂ ਹਨ, ਜਿਨ੍ਹਾਂ ਵਿਚ ਪ੍ਰਮੁੱਖ ਇਹ ਹਨ ਕਿ ਇਹ ਕਿਸੇ ਵੀ ਵਿਸ਼ੇ ’ਤੇ ਕਵਿਤਾ ਲਿਖ ਸਕਦਾ ਹੈ, ਸੰਗੀਤ ਤਿਆਰ ਕਰ ਸਕਦਾ ਹੈ, ਕਿਸੇ ਵਰਗੀ ਵੀ ਆਵਾਜ਼ ਕੱਢ ਸਕਦਾ ਹੈ, ਵਕਾਲਤ ਵਿਚ ਹਜ਼ਾਰਾਂ ਇਕੋ ਤਰ੍ਹਾਂ ਦੇ ਫ਼ੈਸਲੇ ਕੇਸ ਦੀ ਤਿਆਰੀ ਲਈ ਕੱਢ ਕੇ ਕੇਸ ਤਿਆਰ ਕਰ ਸਕਦਾ ਹੈ, ਡਾਕਟਰਾਂ ਨੂੰ ਆਪ੍ਰੇਸ਼ਨਾਂ ਵਿਚ ਮਦਦ ਕਰਨ ਦੇ ਨਾਲ-ਨਾਲ ਮਰੀਜ਼ ਦੀ ਬਿਮਾਰੀ ਅਨੁਸਾਰ ਸਭ ਤੋਂ ਢੁੱਕਵੀਂ ਦਵਾਈ ਸੁਝਾਅ ਸਕਦਾ ਹੈ। ਅਧਿਆਪਕਾਂ ਦੀ ਪੜ੍ਹਾਈ ਕਰਾਉਣ ’ਚ ਵੱਡੀ ਮਦਦ ਕਰ ਸਕਦਾ ਹੈ ਅਤੇ ਸਭ ਤੋਂ ਸਿਰਾ, ਇਹ ਆਪਣੀ ਤੇਜ਼ ਰਫ਼ਤਾਰੀ ਨਾਲ ਦੁਨੀਆ ਦੇ ਸਭ ਤੋਂ ਔਖੇ ਮੁਕਾਬਲੇ ਦੇ ਇਮਤਿਹਾਨਾਂ ਵਿਚ 90 ਫ਼ੀਸਦੀ ਤੋਂ ਵਧੇਰੇ ਲੋਕਾਂ ਨੂੰ ਪਛਾੜ ਸਕਣ ਦੇ ਕਾਬਿਲ ਹੈ। ਜੇਕਰ ਇਹ ਕਿਸੇ ਵਿਸ਼ੇਸ਼ ਵਿਅਕਤੀ ਦੀ ਆਵਾਜ਼ ਕੱਢਣ ਦੇ ਕਾਬਿਲ ਹੈ ਤਾਂ ਸਾਈਬਰ ਠੱਗਾਂ ਦਾ ਤਾਂ ਕੰਮ ਹੋਰ ਵੀ ਸੁਖਾਲਾ ਹੋ ਜਾਵੇਗਾ। ਹੁਣ ਤਾਂ ਉਹ ਅਨਜਾਣ ਨੰਬਰ ਤੋਂ ਫੋਨ ਕਰਕੇ ਪੁੱਛਦੇ ਹਨ ਕਿ ਪਛਾਣਿਆਂ ਨਹੀਂ। ਪਰ ਇਸ ਦੇ ਉਪਰੰਤ ਤਾਂ ਇਸ ਦੀ ਗੁੰਜਾਇਸ਼ ਹੀ ਨਹੀਂ ਰਹਿ ਜਾਵੇਗੀ ਅਤੇ ਉਹ ਸਿੱਧੇ ਕਿਸੇ ਰਿਸ਼ਤੇਦਾਰ ਜਾਂ ਜਾਣਕਾਰ ਦੀ ਆਵਾਜ਼ ਅਤੇ ਡਾਟਾਬੇਸ ਵਿਚੋਂ ਉਸ ਵਿਅਕਤੀ ਬਾਬਤ ਜਾਣਕਾਰੀ ਲੈ ਕੇ ਭੋਲੇ-ਭਾਲੇ ਲੋਕਾਂ ਨੂੰ ਆਸਾਨੀ ਨਾਲ ਠੱਗ ਸਕਦੇ ਹਨ।


ਇਸ ਸੰਕਲਪ ਦੇ ਆਉਣ ਉਪਰੰਤ ਪੂਰੀ ਦੁਨੀਆ ’ਚ ਇਕ ਬਹਿਸ ਛਿੜ ਪਈ ਹੈ ਕਿ, ਕੀ ਇਹ ਆਉਣ ਵਾਲੇ ਸਮੇਂ ਵਿਚ ਮਨੁੱਖ ਅਤੇ ਸਮਾਜ ਦੀ ਹੋਂਦ ਲਈ ਵੱਡਾ ਖ਼ਤਰਾ ਤਾਂ ਨਹੀਂ ਬਣ ਜਾਵੇਗਾ? ਦੁਨੀਆ ਦੇ ਸਭ ਤੋਂ ਅਮੀਰ ਆਦਮੀ ਐਲਨ ਮਸਕ, ਜੋ ਕਿ ਖ਼ੁਦ ਤਕਨਾਲੋਜੀ ਅਤੇ ਹੋਰ ਖੇਤਰਾਂ ਵਿਚ ਸੰਸਾਰ ਪ੍ਰਸਿੱਧ ਸਨਅਤਕਾਰ ਹੈ, ਨੇ ਇਸ ਨੂੰ ਮੁਨੱਖੀ ਸੱਭਿਅਤਾ ਲਈ ਖ਼ਤਰਾ ਦੱਸਦਿਆਂ ਇਹ ਕਿਹਾ ਹੈ ਕਿ ਇਹ ‘ਬਨਾਉਟੀ-ਬੁੱਧੀ’ ਐਟਮ ਬੰਬ ਤੋਂ ਵੀ ਵਧੇਰੇ ਖ਼ਤਰਨਾਕ ਸਾਬਤ ਹੋਵੇਗੀ। ਉਸ ਨੇ ਆਪਣੇ ਵਰਗੇ 1000 ਵਿਅਕਤੀਆਂ, ਜਿਨ੍ਹਾਂ ਵਿਚ ਪ੍ਰਸਿੱਧ ਸਾਇੰਸਦਾਨ ਗੈਰੀ ਮਾਰਕਸ ਅਤੇ ‘ਐਪਲ’ ਦੇ ਸਹਿ-ਸੰਸਥਾਪਕ ਸਟੀਵ ਵੌਜ਼ਨਿਕ ਵੀ ਸ਼ਾਮਿਲ ਹਨ, ਦੇ ਦਸਤਖ਼ਤਾਂ ਹੇਠ ‘ਬਨਾਉਟੀ-ਬੁੱਧੀ’ ਦੇ ਖੇਤਰ ਵਿਚ ਕੰਮ ਕਰਨ ਵਾਲਿਆਂ ਦੇ ਨਾਂਅ ਇਕ ਖ਼ਤ ਲਿਖਿਆ ਹੈ, ਜਿਸ ਵਿਚ ਉਨ੍ਹਾਂ ਨੇ ਇਹ ਅਪੀਲ ਕੀਤੀ ਹੈ ਕਿ ਜਿੰਨੀ ਦੇਰ ਇਸ ਵਾਸਤੇ ਚੰਗੇ ਨਿਯੰਤਰਨ ਦੇ ਤਰੀਕੇ ਅਤੇ ਸਿਸਟਮ ਵਿਕਸਤ ਨਹੀਂ ਹੋ ਜਾਂਦੇ, ਇਸ ਖੇਤਰ ਵਿਚ ਅਗਲੀ ਖੋਜ ਨੂੰ ਰੋਕਿਆ ਜਾਵੇ। ਉਨ੍ਹਾਂ ਮੁਤਾਬਿਕ ਇਸ ਨਾਲ ਕਈ ਸਥਾਪਿਤ ਸੰਸਥਾਵਾਂ ਤਬਾਹ ਹੋ ਸਕਦੀਆਂ ਹਨ, ਜਿਨ੍ਹਾਂ ’ਚ ਦੁਨੀਆ ਭਰ ਵਿਚ ਸਰਕਾਰਾਂ ਚੁਣਨ ਲਈ ਲੋਕਾਂ ਦਾ ਵਧੀਆ ਹਥਿਆਰ ‘ਲੋਕਤੰਤਰ’ ਵੀ ਸ਼ਾਮਿਲ ਹੈ। ਇਸ ਦੇ ਚਰਚੇ ਅਮਰੀਕੀ ਚੋਣਾਂ ਵੇਲੇ ਵੀ ਹੋਏ ਸਨ ਕਿ ਕਿਵੇਂ ਵੋਟਰਾਂ ਦੇ ਮਨਾਂ ਨੂੰ ਇਕ ਖ਼ਾਸ ਤਰੀਕੇ ਨਾਲ ਇਕ ਖ਼ਾਸ ਵਿਅਕਤੀ ਜਾਂ ਪਾਰਟੀ ਨੂੰ ਵੋਟ ਪਾਉਣ ਲਈ ਵਕਤੀ ਤੌਰ ’ਤੇ ਪ੍ਰੇਰਿਆ ਗਿਆ ਅਤੇ ਹੁਣ ਤਾਂ ਇਹ ਹੋਰ ਵੀ ਵਧੀਆ ਤਰੀਕੇ ਨਾਲ ਕੀਤਾ ਜਾ ਸਕਦਾ ਹੈ। ਕਿਸੇ ਵੀ ਨੇਤਾ ਜਾਂ ਪਾਰਟੀ ਦੇ ਹੱਕ ਵਿਚ ਜਾਂ ਖ਼ਿਲਾਫ਼ ਹਜ਼ਾਰਾਂ ਲੱਖਾਂ ਸਬੂਤ ਮਿੰਟਾਂ-ਸਕਿੰਟਾਂ ਵਿਚ ਲੱਭ ਕੇ ਉਸ ਦੇ ਹੱਕ ਵਿਚ ਜਾਂ ਖ਼ਿਲਾਫ਼ ਇਕ ਲਹਿਰ ਉਸਾਰੀ ਜਾ ਸਕਦੀ ਹੈ ਅਤੇ ਇੰਜ ਕੀਤਾ ਵੀ ਜਾ ਰਿਹਾ ਹੈ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਬਣਾਉਟੀ ਬੁੱਧੀ ’ਤੇ ਅਧਾਰਿਤ ਸਾਫ਼ਟਵੇਅਰ ਦੇ ਆ ਜਾਣ ਨਾਲ ਦੁਨੀਆ ਭਰ ’ਚ ਕੋਈ 30 ਕਰੋੜ ਦੇ ਕਰੀਬ ਨੌਕਰੀਆਂ ਖ਼ਤਮ ਹੋ ਜਾਣਗੀਆਂ ਅਤੇ ਲੋਕ ਬੇਰੁਜ਼ਗਾਰ ਹੋ ਜਾਣਗੇ।

ਦੂਸਰੇ ਪਾਸੇ ‘ਓਪਨ ਆਰਟੀਫੀਸ਼ੀਅਲ ਇੰਟੈਲੀਜੈਂਸ’ ਦੇ ਸੰਸਥਾਪਕ ਸੈਮ ਆਲਟਮੈਨ ਨੇ ਪਿੱਛੇ ਜਿਹੇ ਅਮਰੀਕਾ ਦੀ ਸਿਖਰਲੀ ਤਕਨੀਕੀ ਸੰਸਥਾ ਐਮ.ਆਈ.ਟੀ. ਵਿਚ ਬੋਲਦਿਆਂ ਇਨ੍ਹਾਂ ਖ਼ਦਸ਼ਿਆਂ ਨੂੰ ਨਿਰਮੂਲ ਦੱਸਿਆ ਅਤੇ ਕਿਹਾ ਕਿ ਹਾਲੇ ਉਨ੍ਹਾਂ ਦਾ ‘ਚੈਟ ਜੀ.ਪੀ.ਟੀ.’ 5.0 ਵਰਜ਼ਨ ਲਿਆਂਦੇ ਜਾਣ ਦਾ ਕੋਈ ਇਰਾਦਾ ਨਹੀਂ ਹੈ। ਇਸ ਵੇਲੇ ‘ਬਨਾਉਟੀ-ਬੁੱਧੀ’ ਦੇ ਇਸ ਖੇਤਰ ਵਿਚ ਗੂਗਲ ਸਮੇਤ ਕਈ ਹੋਰ ਖਿਡਾਰੀ ਵੀ ਆ ਗਏ ਹਨ ਅਤੇ ਪਤਾ ਨਹੀਂ ਹਾਲਾਤ ਕਿਸ ਪਾਸੇ ਵੱਲ ਜਾਣੇ ਹਨ। ਇਸ ਦੇ ਫ਼ਾਇਦੇ ਦੱਸਣ ਵਾਲੇ ਕਹਿੰਦੇ ਹਨ ਕਿ ਇਸ ਦੇ ਆ ਜਾਣ ਨਾਲ 2030 ਤੀਕਰ ਦੁਨੀਆ ਦੇ ਕੁਲ ਘਰੇਲੂ ਉਤਪਾਦ ਵਿਚ 16 ਲੱਖ ਕਰੋੜ ਡਾਲਰ ਦਾ ਇਜ਼ਾਫਾ ਹੋਵੇਗਾ ਜੋ ਕਿ ਹੁਣ ਨਾਲੋਂ 26 ਫ਼ੀਸਦੀ ਵਧੇਰੇ ਹੋਵੇਗਾ। ‘ਟੀਮਲੀਜ਼’ ਦੀ ਰਿਪੋਰਟ ਅਨੁਸਾਰ ਇਸ ਦੁਆਰਾ ਭਾਰਤ ਦੇ ਕੁਲ ਘਰੇਲੂ ਉਤਪਾਦ ਵਿਚ ਵੀ 500 ਅਰਬ ਡਾਲਰ ਦੇ ਕਰੀਬ ਦਾ ਵਾਧਾ ਹੋਵੇਗਾ। ਪਰ ਨੌਕਰੀਆਂ ਖ਼ਤਮ ਹੋਣ ਦੇ ਮਾਮਲੇ ’ਤੇ ਬਹਿਸ ਅਜੇ ਚੱਲ ਰਹੀ ਹੈ ਅਤੇ ਕਈਆਂ ਵਲੋਂ ਇਹ ਕਿਹਾ ਜਾ ਰਿਹਾ ਹੈ ਕਿ ਇਸ ਨਾਲ ਰਵਾਇਤੀ ਕਿਸਮ ਦੀਆਂ ਨੌਕਰੀਆਂ ਦੀ ਥਾਂ ’ਤੇ ਨਵੇਂ ਗਿਆਨ ਨਾਲ ਲੈਸ ਲੋਕਾਂ ਲਈ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ।

**ਨਵੀਆਂ ਤਕਨੀਕਾਂ ਦਾ ਵਿਰੋਧ :** ਉਂਜ ਨਵੀਆਂ ਕਾਢਾਂ ਅਤੇ ਤਕਨਾਲੋਜੀ ਦਾ ਵਿਰੋਧ ਕੋਈ ਨਵਾਂ ਨਹੀਂ ਹੈ। ਕਹਿੰਦੇ ਨੇ ਕਿ ਜਦੋਂ ਪਹਿਲੀ ਕੱਪੜੇ ਸਿਊਣ ਵਾਲੀ ਮਸ਼ੀਨ ਦੀ ਖੋਜ ਹੋਈ ਤਾਂ ਇਸ ਦਾ ਸਭ ਤੋਂ ਵੱਧ ਵਿਰੋਧ ਦਰਜੀਆਂ ਵਲੋਂ ਹੀ ਕੀਤਾ ਗਿਆ ਸੀ। ਤਰਕ ਇਹ ਦਿੱਤਾ ਗਿਆ ਸੀ ਕਿ ਇਸ ਨਾਲ ਤਾਂ ਇਕ ਜਣਾ ਹੀ ਕਈਆਂ ਬੰਦਿਆਂ ਦਾ ਕੰਮ ਕਰ ਲਵੇਗਾ ਅਤੇ ਬਾਕੀ ਲੋਕ ਵਿਹਲੇ ਹੋ ਜਾਣਗੇ। 19ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਜਦੋਂ ਇੰਗਲੈਂਡ ’ਚ ਕੱਪੜਾ ਬੁਣਨ ਵਾਲੀਆਂ ਮਿੱਲਾਂ ਨੇ ਹੱਥ-ਖੱਡੀਆਂ ਦੀ ਜਗ ?ਹਾ ਲੈ ਲਈ ਤਾਂ ਉਦੋਂ ਉੱਥੇ ਤਕਨੀਕ ਵਿਰੋਧੀ ਲੋਕਾਂ ਦੇ ਸੰਗਠਨ ਬਣ ਗਏ ਸਨ ਅਤੇ ਇਹ ਰਾਤ-ਬਰਾਤੇ ਇਨ੍ਹਾਂ ਮਸ਼ੀਨਾਂ ਦੀ ਭੰਨ-ਤੋੜ ਕਰ ਜਾਇਆ ਕਰਦੇ ਸਨ। ਇਨਾਂ ਨੂੰ ‘ਲੁਡਾਇਟ’ (Luddite) ਕਿਹਾ ਜਾਂਦਾ ਸੀ। ਪੰਜਾਬੀ ’ਚ ਕਹਿਣਾ ਹੋਵੇ ਤਾਂ ‘ਮਸ਼ੀਨਤੋੜ’ ਕਹਿ ਸਕਦੇ ਹਾਂ। ਇੰਜ ਹੀ ਕੰਪਿਊਟਰ ਦੇ ਆ ਜਾਣ ਨਾਲ ਵੀ ਲੋਕਾਂ ਦੇ ਵਿਹਲੇ ਹੋਣ ਅਤੇ ਨੌਕਰੀਆਂ ਖ਼ਤਮ ਹੋ ਜਾਣ ਦਾ ਰੌਲਾ ਪਿਆ ਸੀ। ਪਰ ਇਨ੍ਹਾਂ ਖ਼ਦਸ਼ਿਆਂ ਦੇ ਉਲਟ ਨਾ ਤਾਂ ਅੱਜ ਤੀਕਰ ਕੋਈ ਦਰਜੀ ਵਿਹਲਾ ਦਿਸਦਾ ਹੈ, ਨਾ ਹੀ ਮਸ਼ੀਨਾਂ ਦੇ ਆ ਜਾਣ ਨਾਲ ਕੱਪੜਾ ਮਿੱਲਾਂ ਦਾ ਰੁਜ਼ਗਾਰ ਘਟਿਆ ਹੈ ਅਤੇ ਨਾ ਹੀ ਕੰਪਿਊਟਰ ਦੇ ਆ ਜਾਣ ਨਾਲ ਨੌਕਰੀਆਂ ਘਟੀਆਂ ਹਨ। ਇਸ ਦੇ ਉਲਟ ਕੰਪਿਊਟਰ ਯੁੱਗ ਨੇ ਨਵੇਂ ਸਮੇਂ ਦੀਆਂ ਨਵੀਆਂ ਅਤੇ ਘੱਟ ਸਰੀਰਕ ਮੁਸ਼ੱਕਤ ਵਾਲੀਆਂ ਢੇਰਾਂ ਨੌਕਰੀਆਂ ਪੈਦਾ ਕੀਤੀਆਂ ਹਨ।

ਇਹ ਗੱਲ ਤਾਂ ਸੌ ਫ਼ੀਸਦੀ ਸਹੀ ਹੈ ਕਿ ਤਕਨਾਲੋਜੀ ਦੋ ਧਾਰੀ ਤਲਵਾਰ ਹੈ, ਜਿੱਥੇ ਇਕ ਪਾਸੇ ਇਸ ਦੇ ਅਨੇਕ ਫ਼ਾਇਦੇ ਹਨ, ਉੱਥੇ ਹੀ ਇਸ ਦੇ ਗ਼ਲਤ ਹੱਥਾਂ ’ਚ ਚੜ੍ਹ ਜਾਣ ਨਾਲ ਬਹੁਤ ਨੁਕਸਾਨ ਵੀ ਹੰਦਾ ਹੈ ਅਤੇ ਹੋ ਵੀ ਰਿਹਾ ਹੈ। ਜਿਵੇਂ ਕਿ ‘ਕ੍ਰਿਪਟੋ ਕਰੰਸੀ’ ਅਤੇ ‘ਬਲਾਕ ਚੇਨ’ ਦਾ ਸੰਕਲਪ ਮਾੜਾ ਨਹੀਂ ਪਰ ਇਸ ਦੀ ਵਰਤੋਂ ਜਦੋਂ ਅੱਤਵਾਦ ਦੀ ਫੰਡਿਗ ਅਤੇ ਹੋਰ ਗ਼ਲਤ ਸਰਗਰਮੀਆਂ ਲਈ ਹੋਣ ਲੱਗ ਪਵੇ ਤਾਂ ਇਹ ਖ਼ਤਰਨਾਕ ਬਣ ਜਾਂਦੀ ਹੈ।

ਇਸ ਵਾਸਤੇ ਇਸ ‘ਬਨਾਉਟੀ-ਬੁੱਧੀ’ ਦੇ ਮਾਮਲੇ ’ਚ ਵੀ ਇਹ ਵਿਚਾਰਨਾ ਜ਼ਰੂਰੀ ਬਣ ਜਾਂਦਾ ਹੈ ਕਿ ਇਸ ਦੇ ਕਿੰਨੇ ਫ਼ਾਇਦੇ ਹੋਣਗੇ ਜਾਂ ਕਿੰਨੇ ਨੁਕਸਾਨ ਹੋਣਗੇ। ਨੁਕਸਾਨ ਵਾਲੇ ਪਾਸਿਆਂ ਤੋਂ ਸਰਕਾਰਾਂ ਕਾਨੂੰਨਾਂ ਦੀ ਮਦਦ ਨਾਲ ਵਾੜਬੰਦੀ ਕਰ ਸਕਦੀਆਂ ਹਨ। ਪਰ ਵੇਖਣ ਵਿਚ ਆਉਂਦਾ ਹੈ ਕਿ ਚੋਰ ਪੁਲਿਸ ਤੋਂ ਦੋ ਕਦਮ ਅੱਗੇ ਹੁੰਦਾ ਹੈ ਅਤੇ ਖੋਜਾਂ ਕਰਨ ਵਾਲੇ ਸਰਕਾਰਾਂ ਨਾਲੋਂ। ਇਹੋ ਜਿਹੇ ਸਮੇਂ ਵਿਚ ਇਸ ਪ੍ਰਕਾਰ ਦੀ ਖੋਜ ਵਿਚ ਜੁਟੇ ਗ਼ੈਰ-ਸੰਗਠਿਤ ਖੇਤਰ ਵਿਚਲੇ ਕਾਮਿਆਂ ’ਚੋਂ ਕੁਝ ਲੋਕਾਂ ਨੂੰ ਸਰਕਾਰ ਦੁਆਰਾ ਆਪਣੇ ਪਾਲੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ। ਪੁਰਾਣੀ ਕਹਾਵਤ ਹੈ ਕਿ ’ਚੋਰ ਨੂੰ ਚੋਰ ਹੀ ਫੜ ਸਕਦਾ ਹੈ’। ਇਸ ਲਈ ਇਸ ਪ੍ਰਕਾਰ ਦੀਆਂ ਤਕਨੀਕਾਂ ਦੀ ਖੋਜ ਕਰਨ ਵਾਲਿਆਂ ਅਤੇ ਉਨ੍ਹਾਂ ਦੀ ਖੋਜ ਨੂੰ ਲੋਕਾਂ ਦੀ ਭਲਾਈ ਦੇ ਦਾਇਰੇ ’ਚ ਰੱਖਣ ਲਈ ਸਰਕਾਰਾਂ ਨੂੰ ਇਸ ਕਿਸਮ ਦੇ ਲੋਕਾਂ ਕੋਲੋਂ ਹੀ ਮਦਦ ਮਿਲ ਸਕਦੀ ਹੈ। ਲੋਕਾਂ ਦੀ ਬਿਹਤਰੀ ਅਤੇ ਸਹੂਲਤ ਲਈ ਨਵੀਆਂ ਖੋਜਾਂ ਦੇ ਦਰਵਾਜ਼ੇ ਇਕਦਮ ਬਿਨਾਂ ਕਿਸੇ ਤਰਕ ਦੇ ਬੰਦ ਕਰ ਦੇਣੇ ਕਿਸੇ ਵੀ ਤਰ੍ਹਾਂ ਨਾਲ ਠੀਕ ਨਹੀਂ ਹੋਣਗੇ। ਇਸ ਲਈ ‘ਬਨਾਉਟੀ-ਬੁੱਧੀ’ ਦੇ ਮਾਮਲੇ ਉੱਪਰ ਵੀ ਸਾਰਥਿਕ ਬਹਿਸ ਹੋਣੀ ਚਾਹੀਦੀ ਹੈ, ਜਿਸ ਉਪਰੰਤ ਇਸ ਤੋਂ ਹੋਣ ਵਾਲੇ ਨਫ਼ੇ-ਨੁਕਸਾਨ ਦਾ ਜਾਇਜ਼ਾ ਲੈ ਕੇ ਹੀ ਇਸ ਨੂੰ ਅੱਗੇ ਵਧਾਏ ਜਾਣ ਜਾਂ ਰੋਕ ਲਗਾਏ ਜਾਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ।






# ਐਪਲੀਕੇਸ਼ਨ ਇੰਜੀਨੀਅਰ - ਐਪਲੀਕੇਸ਼ਨ ਇੰਜੀਨੀਅਰ ਕਿਵੇਂ ਬਣਨਾ ਹੈ



ਐਪਲੀਕੇਸ਼ਨ ਇੰਜੀਨੀਅਰ ਉਹ ਪੇਸ਼ੇਵਰ ਹੁੰਦੇ ਹਨ ਜੋ ਵਿਸ਼ੇਸ਼ ਉਪਕਰਣਾਂ ਨੂੰ ਡਿਜ਼ਾਈਨ ਕਰਨ ਅਤੇ ਬਿਹਤਰ ਬਣਾਉਣ ਅਤੇ ਸੌਫਟਵੇਅਰ ਪ੍ਰੋਗਰਾਮਾਂ ਨੂੰ ਵਧਾਉਣ ਲਈ ਕੰਪਿਊਟਰਾਂ ਨਾਲ ਕੰਮ ਕਰਦੇ ਹਨ। ਉਹ ਗਾਹਕ ਸੇਵਾ, ਵਿਕਰੀ ਅਤੇ ਨਿਰਮਾਣ ਵਰਗੀਆਂ ਕੰਪਨੀਆਂ ਦੇ ਅੰਦਰ ਵੱਖ-ਵੱਖ ਵਿਭਾਗਾਂ ਨਾਲ ਕੰਮ ਕਰਦੇ ਹਨ, ਇਹ ਯਕੀਨੀ ਬਣਾਉਣ ਲਈ ਕਿ ਗਾਹਕ ਦੀਆਂ ਵਿਸ਼ੇਸ਼ਤਾਵਾਂ ਪੂਰੀਆਂ ਹੁੰਦੀਆਂ ਹਨ। ਐਪਲੀਕੇਸ਼ਨ ਇੰਜੀਨੀਅਰ ਸਮੱਸਿਆ ਹੱਲ ਕਰਨ ਵਾਲੇ ਹੁੰਦੇ ਹਨ ਜੋ ਨਾ ਸਿਰਫ਼ ਵਿਕਰੀ ਵਿਭਾਗ ਨੂੰ ਸਹਾਇਤਾ ਪ੍ਰਦਾਨ ਕਰਦੇ ਹਨ ਅਤੇ ਗਾਹਕ ਤੋਂ ਤਕਨੀਕੀ ਕਾਰਜਸ਼ੀਲਤਾ ਬਾਰੇ ਸਵਾਲਾਂ ਦੇ ਜਵਾਬ ਦਿੰਦੇ ਹਨ, ਸਗੋਂ ਉਹਨਾਂ ਨੂੰ ਗਾਹਕ ਸੇਵਾ ਵਿਭਾਗਾਂ ਤੋਂ ਉਤਪਾਦਾਂ ਲਈ ਤਕਨੀਕੀ ਸਹਾਇਤਾ ਪ੍ਰਦਾਨ ਕਰਨ ਲਈ ਵੀ ਕਿਹਾ ਜਾਂਦਾ ਹੈ। ਉਹ ਗਾਹਕ ਨੂੰ ਉਦਯੋਗ-ਵਿਸ਼ੇਸ਼ ਸ਼ਬਦਾਵਲੀ ਦੀ ਵਿਆਖਿਆ ਕਰਦੇ ਹੋਏ, ਨਵੇਂ ਅਤੇ ਮੌਜੂਦਾ ਉਤਪਾਦਾਂ ਵਿੱਚ ਲਾਗੂ ਕਰਨ ਲਈ ਜਾਣਕਾਰੀ ਅਤੇ ਨਵੇਂ ਵਿਚਾਰ ਪੇਸ਼ ਕਰਨ ਲਈ ਜ਼ਿੰਮੇਵਾਰ ਹਨ। ਐਪਲੀਕੇਸ਼ਨ ਇੰਜੀਨੀਅਰ ਯੋਗਤਾ ਐਪਲੀਕੇਸ਼ਨ ਇੰਜੀਨੀਅਰਿੰਗ ਬਣਨ ਲਈ ਘੱਟੋ-ਘੱਟ ਵਿਦਿਅਕ ਯੋਗਤਾ ਕੰਪਿਊਟਰ ਸਾਇੰਸ, ਸੂਚਨਾ ਤਕਨਾਲੋਜੀ ਜਾਂ ਇੰਜੀਨੀਅਰਿੰਗ ਵਿੱਚ ਬੈਚਲਰ ਡਿਗਰੀ ਹੈ। ਐਪਲੀਕੇਸ਼ਨ ਇੰਜੀਨੀਅਰ ਲਈ ਲੋੜੀਂਦੇ ਹੁਨਰ ਐਪਲੀਕੇਸ਼ਨ ਇੰਜੀਨੀਅਰਾਂ ਨੂੰ ਆਪਣੇ ਸੌਫਟਵੇਅਰ ਖੇਤਰ 'ਤੇ ਅਪ ਟੂ ਡੇਟ ਰਹਿਣਾ ਚਾਹੀਦਾ ਹੈ ਅਤੇ ਵਿਗਿਆਨ ਅਤੇ ਤਕਨਾਲੋਜੀ ਵਿੱਚ ਨਵੀਨਤਮ ਉਦਯੋਗ ਅਭਿਆਸਾਂ ਅਤੇ ਵਿਕਾਸ ਬਾਰੇ ਹਮੇਸ਼ਾਂ ਸੂਚਿਤ ਅਤੇ ਜਾਣੂ ਹੋਣਾ ਚਾਹੀਦਾ ਹੈ। ਉਹਨਾਂ ਕੋਲ ਇੱਕ ਟੀਮ ਦੇ ਹਿੱਸੇ ਵਜੋਂ ਕੰਮ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ ਜਦੋਂ ਕਿ ਇਸ ਖੇਤਰ ਵਿੱਚ ਸੁਤੰਤਰ ਸੋਚ ਨੂੰ ਕਾਇਮ ਰੱਖਣਾ ਜ਼ਰੂਰੀ ਹੈ। ਐਪਲੀਕੇਸ਼ਨ ਇੰਜੀਨੀਅਰ ਬਾਕਸ ਤੋਂ ਬਾਹਰ ਸੋਚਣ ਵਿੱਚ ਚੰਗੇ ਹੋਣੇ ਚਾਹੀਦੇ ਹਨ ਅਤੇ ਨਵੀਨਤਾ ਲਈ ਯੋਗਤਾ ਹੋਣੀ ਚਾਹੀਦੀ ਹੈ। ਉਹਨਾਂ ਕੋਲ ਚੰਗੇ ਵਪਾਰਕ ਹੁਨਰ ਹੋਣੇ ਚਾਹੀਦੇ ਹਨ ਅਤੇ ਉਹਨਾਂ ਨੂੰ ਵਪਾਰਕ ਮੁੱਲ ਅਤੇ ਉਤਪਾਦ ਦੀ ਵਰਤੋਂ ਨੂੰ ਸਮਝਣ ਦੇ ਯੋਗ ਹੋਣਾ ਚਾਹੀਦਾ ਹੈ ਤਾਂ ਜੋ ਗਾਹਕ ਨੂੰ ਉਸਦੀਆਂ ਵਪਾਰਕ ਲੋੜਾਂ ਨੂੰ ਨਿਰਧਾਰਤ ਕਰਨ ਵਿੱਚ ਬਿਹਤਰ ਮਦਦ ਕੀਤੀ ਜਾ ਸਕੇ। ਇੱਕ ਐਪਲੀਕੇਸ਼ਨ ਇੰਜੀਨੀਅਰ ਕਿਵੇਂ ਬਣਨਾ ਹੈ? ਇੱਕ ਐਪਲੀਕੇਸ਼ਨ ਇੰਜੀਨੀਅਰਿੰਗ ਬਣਨ ਲਈ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰਨੀ ਪੈਂਦੀ ਹੈ- ਕਦਮ 1 ਸਾਇੰਸ ਸਟਰੀਮ ਵਿੱਚ 12ਵੀਂ ਜਮਾਤ ਪਾਸ ਕਰਨ ਤੋਂ ਬਾਅਦ ਉਮੀਦਵਾਰਾਂ ਨੂੰ ਕਿਸੇ ਮਾਨਤਾ ਪ੍ਰਾਪਤ ਸੰਸਥਾ ਤੋਂ ਸੂਚਨਾ ਤਕਨਾਲੋਜੀ ਅਤੇ ਕੰਪਿਊਟਰ ਵਿਗਿਆਨ ਵਿੱਚ ਬੈਚਲਰ ਡਿਗਰੀ ਲਈ ਜਾਣ ਦੀ ਲੋੜ ਹੈ। ਜ਼ਿਆਦਾਤਰ ਨੌਕਰੀਆਂ ਲਈ, ਸਿੱਖਿਆ ਦੀ ਲੋੜ ਘੱਟੋ-ਘੱਟ ਬੈਚਲਰ ਡਿਗਰੀ ਹੈ। ਹਾਲਾਂਕਿ, ਖੇਤਰ ਵਿੱਚ ਕੰਮ ਕਰਨ ਵਾਲੇ ਬਹੁਤ ਸਾਰੇ ਲੋਕਾਂ ਕੋਲ ਮਾਸਟਰ ਡਿਗਰੀਆਂ ਵਰਗੀਆਂ ਵਧੇਰੇ ਉੱਨਤ ਡਿਗਰੀਆਂ ਹਨ। ਕੰਪਨੀਆਂ ਅਕਸਰ ਅਕਾਦਮਿਕ ਲੋੜਾਂ ਤੋਂ ਇਲਾਵਾ ਘੱਟੋ ਘੱਟ ਪੰਜ ਸਾਲਾਂ ਦੇ ਉਦਯੋਗ ਦੇ ਤਜ਼ਰਬੇ ਦੀ ਭਾਲ ਕਰਦੀਆਂ ਹਨ। ਬੈਚਲਰ ਡਿਗਰੀ ਕੋਰਸ: ਬੀ.ਈ. (ਸੂਚਨਾ ਤਕਨੀਕ) ਬੀ.ਟੈਕ. (ਸੂਚਨਾ ਤਕਨੀਕ) ਕੁਝ ਨਾਮਵਰ ਸੰਸਥਾਵਾਂ ਜਿਵੇਂ ਕਿ ਆਈਆਈਟੀ ਅਤੇ ਐਨਆਈਆਈਟੀ ਇਨ੍ਹਾਂ ਕੋਰਸਾਂ ਵਿੱਚ ਦਾਖਲਾ ਪ੍ਰੀਖਿਆਵਾਂ ਜਿਵੇਂ ਕਿ ਜੁਆਇੰਟ ਐਂਟਰੈਂਸ ਟੈਸਟ (ਜੇਈਈ) ਦੇ ਆਧਾਰ 'ਤੇ ਦਾਖਲਾ ਪ੍ਰਦਾਨ ਕਰਦੀਆਂ ਹਨ। ਕਦਮ 2 ਕੁਝ ਥਾਵਾਂ 'ਤੇ ਮਾਸਟਰ ਡਿਗਰੀ ਨੂੰ ਕ੍ਰੈਡਿਟ ਦਿੱਤਾ ਜਾਂਦਾ ਹੈ ਅਤੇ ਇਹ ਅਸਾਮੀਆਂ ਜ਼ਿਆਦਾਤਰ ਪ੍ਰਬੰਧਕੀ ਅਤੇ ਖੋਜ ਨਾਲ ਸਬੰਧਤ ਹਨ। ਇਸ ਲਈ ਆਪਣੀ ਗ੍ਰੈਜੂਏਸ਼ਨ ਤੋਂ ਬਾਅਦ ਉਹ ਆਪਣੇ ਪਹਿਲੇ ਡਿਗਰੀ ਕੋਰਸ ਵਾਂਗ ਇਸ ਵਿੱਚ ਆਪਣੇ ਆਪ ਨੂੰ ਦਾਖਲ ਕਰਵਾ ਸਕਦੇ ਹਨ। ਐਪਲੀਕੇਸ਼ਨ ਇੰਜੀਨੀਅਰ ਲਈ ਕੋਰਸ ਪੇਸ਼ ਕਰਨ ਵਾਲੀਆਂ ਸੰਸਥਾਵਾਂ ਅਪੀਜੇ ਕਾਲਜ ਆਫ਼ ਇੰਜੀਨੀਅਰਿੰਗ, ਗੁੜਗਾਓਂ ਬਿਰਲਾ ਇੰਸਟੀਚਿਊਟ ਆਫ ਟੈਕਨਾਲੋਜੀ, ਪਟਨਾ ਬਿਰਸਾ ਇੰਸਟੀਚਿਊਟ ਆਫ ਟੈਕਨਾਲੋਜੀ, ਧਨਬਾਦ ਆਦੇਸ਼ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਫਰੀਦਕੋਟ ਐਪਲੀਕੇਸ਼ਨ ਇੰਜੀਨੀਅਰ ਨੌਕਰੀ ਦਾ ਵੇਰਵਾ ਐਪਲੀਕੇਸ਼ਨ ਇੰਜੀਨੀਅਰ ਦੇ ਕੁਝ ਮੁੱਖ ਫਰਜ਼ ਹੇਠਾਂ ਦਿੱਤੇ ਹਨ: ਉਹ ਐਪਲੀਕੇਸ਼ਨ ਵਿਕਸਿਤ ਕਰਦੇ ਹਨ। ਉਹ ਮੌਜੂਦਾ ਸੌਫਟਵੇਅਰ ਵਿੱਚ ਸੁਧਾਰ ਕਰਦੇ ਹਨ. ਨਾਲ ਹੀ, ਤਕਨੀਕੀ ਸਹਾਇਤਾ ਪ੍ਰਦਾਨ ਕਰੋ। ਇਸ ਤੋਂ ਇਲਾਵਾ, ਉਹ ਗਾਹਕ ਅਧਾਰ ਦਾ ਮੁਲਾਂਕਣ ਕਰਦੇ ਹਨ. ਐਪਲੀਕੇਸ਼ਨ ਇੰਜੀਨੀਅਰ ਕਰੀਅਰ ਦੀਆਂ ਸੰਭਾਵਨਾਵਾਂ ਐਪਲੀਕੇਸ਼ਨ ਇੰਜੀਨੀਅਰਾਂ ਕੋਲ ਦੇਸ਼ ਦੇ ਅੰਦਰ ਅਤੇ ਬਾਹਰ ਵੱਖ-ਵੱਖ ਕੰਪਨੀਆਂ ਵਿੱਚ ਬਹੁਤ ਸਾਰੇ ਕੈਰੀਅਰ ਮਾਰਗ ਹਨ। ਜ਼ਿਆਦਾਤਰ ਐਪਲੀਕੇਸ਼ਨ ਇੰਜੀਨੀਅਰ ਪ੍ਰੋਜੈਕਟ ਇੰਜੀਨੀਅਰਿੰਗ ਵਿੱਚ ਅੱਗੇ ਵਧਦੇ ਹਨ, ਫਿਰ ਦੋ-ਤਿੰਨ ਸਾਲਾਂ ਦੇ ਸਫਲ ਤਜ਼ਰਬੇ ਤੋਂ ਬਾਅਦ ਪ੍ਰੋਜੈਕਟ ਪ੍ਰਬੰਧਨ ਦੀਆਂ ਸਥਿਤੀਆਂ। ਉਹ ਕਾਰੋਬਾਰ ਦੇ ਖੇਤਰ ਵੀ ਚੁਣ ਸਕਦੇ ਹਨ, ਡਿਜ਼ਾਈਨ ਇੰਜੀਨੀਅਰਿੰਗ, ਸੇਲਜ਼ ਇੰਜੀਨੀਅਰਿੰਗ ਜਾਂ ਖਾਤਾ ਪ੍ਰਬੰਧਨ ਵਿੱਚ ਤਰੱਕੀ ਦੇ ਮੌਕੇ ਵੀ ਸੰਭਵ ਹਨ। ਨਤੀਜੇ ਵਜੋਂ, ਉਹ ਖੇਤਰ ਚੁਣਨਾ ਮਹੱਤਵਪੂਰਨ ਹੈ ਜਿਸ ਵਿੱਚ ਤੁਹਾਡੀ ਦਿਲਚਸਪੀ ਹੋਵੇ ਕਿਉਂਕਿ ਇਹ ਸੈਕਟਰਾਂ ਵਿੱਚ ਤਬਦੀਲੀ ਕਰਨਾ ਵਧੇਰੇ ਚੁਣੌਤੀਪੂਰਨ ਹੋਵੇਗਾ ਕਿਉਂਕਿ ਤੁਸੀਂ ਆਪਣੇ ਵਿਸ਼ੇਸ਼ ਖੇਤਰ ਵਿੱਚ ਵਧੇਰੇ ਅਨੁਭਵ ਪ੍ਰਾਪਤ ਕਰਦੇ ਹੋ। ਐਪਲੀਕੇਸ਼ਨ ਇੰਜੀਨੀਅਰ ਤਨਖਾਹ ਐਪਲੀਕੇਸ਼ਨ ਇੰਜੀਨੀਅਰ ਦੀ ਤਨਖਾਹ ਬਹੁਤ ਸਾਰੇ ਕਾਰਕਾਂ 'ਤੇ ਨਿਰਭਰ ਕਰਦੀ ਹੈ ਜਿਵੇਂ ਕਿ ਇੰਸਟੀਚਿਊਟ ਦੀ ਸਾਖ, ਅਕਾਦਮਿਕ ਰਿਕਾਰਡ, ਨਿੱਜੀ ਸਮਰੱਥਾ ਅਤੇ ਹੋਰ। ਔਸਤ ਆਧਾਰ 'ਤੇ ਉਨ੍ਹਾਂ ਦੀ ਮਾਸਿਕ ਤਨਖਾਹ 35,000 ਰੁਪਏ ਤੋਂ 40,000 ਰੁਪਏ ਤੱਕ ਹੈ। ਪਰ ਇਹ ਸੀਮਾਵਾਂ ਨਹੀਂ ਹਨ; ਇਹ ਕੰਪਨੀ ਤੋਂ ਕੰਪਨੀ ਅਤੇ ਸਥਾਨ ਤੋਂ ਵੱਖਰੀ ਹੁੰਦੀ ਹੈ। ਉਹ ਸਮੇਂ ਦੇ ਬੀਤਣ ਅਤੇ ਸਾਲਾਂ ਦੇ ਤਜ਼ਰਬੇ ਦੇ ਨਾਲ ਆਪਣੀ ਤਨਖਾਹ ਵਿੱਚ ਵਾਧਾ ਪ੍ਰਾਪਤ ਕਰਦੇ ਰਹਿੰਦੇ ਹਨ।



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

# ਨਾਨਕੇ, ਦਾਦਕਿਆਂ ਦੇ ਘਰ ਮਹੀਨਾ-ਮਹੀਨਾ ਰਹਿਣ ਵਾਲੇ ਵੇਲੇ ਲੰਘ ਗਏ

-ਪ੍ਰੀਤਮਾ ਦੋਮੇਲ



*ਉਹ ਭੂਆ ਹੋਰਾਂ ਨੂੰ ਮਿਲ ਕੇ ਬਹੁਤ ਖ਼ੁਸ਼ ਹੋਈ ਤੇ ਬੋਲੀ, ''ਭੂਆ ਜੀ, ਹੁਣ ਤੁਸੀਂ ਉੱਥੇ ਕੱਲ੍ਹ ਕੀ ਕਰੋਗੇ? ਮੈਂ ਵੀ ਹੁਣ ਪੂਰਾ ਮਹੀਨਾ ਇੱਥੇ ਹੀ ਰਹਿਣਾ ਹੈ ਕਿਉਂਕਿ ਤੁਹਾਡਾ ਭਤੀਜ-ਜਵਾਈ ਇਕ ਮਹੀਨੇ ਦੀ ਟਰੇਨਿੰਗ 'ਤੇ ਦਿੱਲੀ ਚਲਾ ਗਿਆ ਹੈ। ਦੋ ਕੁ ਦਿਨ ਬਾਅਦ ਭਤੀਜੀ ਨੇ ਆਪਣੇ ਕੱਪੜੇ ਤੇ ਸਿਰ ਧੋ ਲਿਆ। ਹੁਣ ਸੁਖਬੀਰ ਨੂੰ ਚਾਹੀਦਾ ਸੀ ਬਈ ਉਹ ਪੁੱਛਦੀ ਕਿ ਜੇ ਉਸ ਦੇ ਸਿਰ ਧੋਣ ਨਾਲ ਘਰ ਵਿਚ ਦਲਿੱਦਰ ਗਿਰਦਾ ਸੀ ਤਾਂ ਭਤੀਜੀ ਦੇ ਸਿਰ ਧੋਣ ਨਾਲ ਕਿਉਂ ਨਹੀਂ ਗਿਰਿਆ।*

ਸਾਡੀਆਂ ਸਾਰੀਆਂ ਜਿਹੜੀਆਂ ਦੋਸਤੀਆਂ ਬਚਪਨ ਦੀਆਂ ਹਨ, ਉਹ ਬੜੀਆਂ ਪੱਕੀਆਂ ਹਨ। ਉਹ ਅਖ਼ੀਰ ਤਕ ਨਾਲ ਨਿਭਦੀਆਂ ਹਨ। ਮੈਂ ਆਪਣੀ ਬਚਪਨ ਦੀ ਸਹੇਲੀ ਸੁਖਬੀਰ ਦੀ ਗੱਲ ਕਰਨ ਲੱਗੀ ਹਾਂ। ਬਾਪੂ ਜੀ ਹਰਿਆਣੇ 'ਚ ਨੌਕਰੀ ਕਰਦੇ ਸਨ। ਜਦ ਅਸੀਂ ਇਕ ਛੋਟੇ ਸ਼ਹਿਰ ਤੋਂ ਬਦਲ ਕੇ ਵੱਡੇ ਸ਼ਹਿਰ ਵਿਚ ਗਏ ਸਾਂ ਤਾਂ ਸੁਖਬੀਰ ਹੋਰੀਂ ਸਾਡੇ ਗੁਆਂਢੀ ਸਨ। ਅਸੀਂ ਦੋਵੇਂ ਦਸਵੀਂ ਵਿਚ ਪੜ੍ਹਦੀਆਂ ਸਾਂ। ਫਿਰ ਇੱਕੋ ਕਾਲਜ ਤੋਂ ਬੀਏ ਤੇ ਬੀਐੱਡ ਕੀਤੀ। ਬਾਅਦ ਵਿਚ ਐੱਮਏ ਕਰਨ ਲਈ ਪੰਜਾਬ ਯੂਨੀਵਰਸਿਟੀ ਵਿਚ ਦਾਖ਼ਲ ਹੋ ਕੇ ਹੋਸਟਲ ਦੇ ਇੱਕੋ ਕਮਰੇ ਵਿਚ ਰਹੀਆਂ। ਫਿਰ ਸਾਡੇ ਰਹਿਣ ਦੇ ਅਤੇ ਜ਼ਿੰਦਗੀ ਦੇ ਹਾਲਾਤ ਬਦਲਦੇ ਰਹੇ ਪਰ ਸਾਡੀ ਦੋਸਤੀ ਬਰਕਰਾਰ ਰਹੀ। ਸ਼ਾਦੀ ਕਰਵਾ ਕੇ ਉਹ ਕਿਸੇ ਦੱਖਣੀ ਸੂਬੇ ਵਿਚ ਚਲੀ ਗਈ ਪਰ ਇਸ ਤੋਂ ਕੁਝ ਸਾਲਾਂ ਬਾਅਦ ਹੀ ਉਸ ਦੇ ਪਤੀ ਦੀ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ ਸੀ। ਉਹ ਵਾਪਸ ਹਰਿਆਣੇ ਆ ਗਈ ਜਿੱਥੇ ਉਸ ਨੂੰ ਹਰਿਆਣਾ ਸਰਕਾਰ ਨੇ ਨੌਕਰੀ ਦੇ ਦਿੱਤੀ ਪਰ ਉਸ ਦੇ ਮਾਂ-ਬਾਪ ਆਪਣੀ ਸਟੇਟ ਜਿਸ ਵਿਚ ਜਾ ਵਸੇ ਸਨ। ਅਸੀਂ ਦੋਨੋਂ ਆਪੋ-ਆਪਣੇ ਸਕੂਲ ਵਿਚ ਨੌਕਰੀ ਕਰਦੀਆਂ ਰਹੀਆਂ। ਉਸ ਦੇ ਮਾਂ-ਬਾਪ ਉਸ ਕੋਲ ਆ ਜਾਂਦੇ। ਉਹ ਵੀ ਛੁੱਟੀਆਂ ਵਿਚ ਉਨ੍ਹਾਂ ਕੋਲ ਚਲੇ ਜਾਂਦੇ। ਕਦੇ ਉਹ ਮੇਰੇ ਕੋਲ ਚਲੇ ਆਉਂਦੇ। ਇਸੇ ਤਰ੍ਹਾਂ ਸਾਡੇ ਨੌਕਰੀ ਦੇ ਸਾਲ ਬੀਤ ਗਏ।

ਉਸ ਦੇ ਮਾਂ-ਬਾਪ ਇਸ ਦੁਨੀਆ ਤੋਂ ਚਲੇ ਗਏ ਹਨ। ਭਰਾਵਾਂ ਨੇ ਵੀ ਜ਼ਮੀਨ-ਜਾਇਦਾਦ ਦੀਆਂ ਵੰਡੀਆਂ ਪਾ ਕੇ ਆਪਣੇ ਰਾਹ-ਘਰ ਅਲੱਗ ਕਰ ਲਏ ਸਨ। ਹੁਣ ਸੁਖਬੀਰ ਬਹੁਤ ਇਕੱਲੀ ਰਹਿ ਗਈ। ਇਕ ਦਿਨ ਉਸ ਦਾ ਫੋਨ ਆਇਆ। ਬੜੀ ਉਦਾਸ ਲੱਗੀ। ਉਸ ਨੇ ਕਿਹਾ ਕਿ ਕੀ ਕਹਾਂ, ਸਾਰਾ ਦਿਨ ਵਿਹਲੀ ਬੈਠ ਕੇ ਦਿਨ ਨਹੀਂ ਕੱਟਦਾ। ਹੁਣ ਤਾਂ ਮਾਂ-ਬਾਪ ਵੀ ਨਹੀਂ ਰਹੇ, ਜਿੱਥੇ ਚਲੀ ਜਾਵਾਂ ਜਾਂ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਲਵਾਂ। ਮੈਂ ਕਿਹਾ ਉਸ ਨੂੰ ਕਿਹਾ ਕਿ ਸੁੱਖ ਨਾਲ ਤੇਰੇ ਦੋ ਭਰਾ ਨੇ। ਤੂੰ ਉੱਥੇ ਚਲੀ ਜਾ ਜਾਂ ਇੱਥੇ ਮੇਰੇ ਕੋਲ ਆ ਜਾ। ਫਿਰ ਸੋਚਾਂਗੇ ਕਿ ਕੀ ਕਰਨਾ ਹੈ। ਉਸ ਦੇ ਆਉਣ 'ਤੇ ਅਸੀਂ ਸਲਾਹ ਬਣਾਈ ਕਿ ਉਹ ਹਫ਼ਤਾ ਕੁ ਵੱਡੇ ਭਰਾ ਦੇ ਘਰ ਰਹੇਗੀ, ਫਿਰ ਛੋਟੇ ਭਰਾ ਦੇ ਘਰ ਚਲੀ ਜਾਵੇਗੀ। ਉਸ ਨੇ ਕਿਹਾ ਕਿ ਠੀਕ ਹੈ ਪਰ ਤੂੰ ਮੇਰੇ ਨਾਲ ਜਾਏਂਗੀ ਤੇ ਅਸੀਂ ਅਗਲੇ ਦਿਨ ਉਸ ਦੇ ਛੋਟੇ ਭਰਾ ਦੇ ਘਰ ਚਲੀਆਂ ਗਈਆਂ। ਭਰਾ ਦਾ ਘਰ ਪਿੰਡੋਂ ਬਾਹਰ ਖੇਤ ਵਿਚ ਸੀ। ਖ਼ੂਬ ਖੁੱਲ੍ਹਾ-ਡੁੱਲ੍ਹਾ ਤੇ ਸਾਫ਼-ਸੁਥਰਾ ਘਰ ਸੀ। ਇਕ ਖੇਤ ਦੀ ਵਿੱਥ 'ਤੇ ਨਹਿਰ ਸਰਹਿੰਦ ਵਗਦੀ ਸੀ ਤੇ ਉਸ ਦੇ ਸੱਜੇ ਬੰਨੇ ਇਨ੍ਹਾਂ ਦਾ ਅੰਬਾਂ ਦਾ ਬਾਗ ਸੀ। ਅਸੀਂ ਖਾ-ਪੀ ਕੇ ਨਹਿਰ 'ਤੇ ਘੁੰਮਣ ਚਲੀਆਂ ਜਾਂਦੀਆਂ ਤੇ ਉੱਥੋਂ ਤੁਰ ਕੇ ਬਾਗ ਵਿਚ ਆ ਕੇ ਬੈਠ ਜਾਂਦੀਆਂ। ਅਸੀਂ ਉੱਥੇ ਬਚਪਨ ਤੇ ਸਕੂਲ, ਕਾਲਜ ਦੀਆਂ ਗੱਲਾਂ ਕਰਦੀਆਂ ਰਹਿੰਦੀਆਂ। ਸੁਖਬੀਰ ਨੇ ਦੱਸਿਆ ਕਿ ਇਹ ਬਾਗ ਉਸ ਦੇ ਬਾਪੂ ਜੀ ਨੇ ਆਪਣੇ ਹੱਥਾਂ ਨਾਲ ਲਾਇਆ ਸੀ। ਪਤਾ ਨਹੀਂ ਕਿੱਥੋਂ-ਕਿੱਥੋਂ ਉਨ੍ਹਾਂ ਨੇ ਛਾਂਟ-ਛਾਂਟ ਕੇ ਇਹ ਬੂਟੇ ਲਿਆਂਦੇ ਸਨ। ਫਿਰ ਖੰਭੇ ਦੀ ਉੱਪਰਲੀ ਗੁੱਠੇ ਦੀ ਸਾਫ਼-ਸਫ਼ਾਈ ਕਰ ਕੇ ਬਰਾਬਰ ਵਿੱਥ ਰੱਖ ਕੇ ਨਿੱਕੇ-ਨਿੱਕੇ ਬੂਟੇ ਲਾਏ ਸਨ। ਸਕੂਲੋਂ ਆ ਕੇ ਉਹ ਇਨ੍ਹਾਂ ਦੀ ਦੇਖਭਾਲ 'ਚ ਲੱਗ ਜਾਂਦੇ। ਫਿਰ ਜਦ ਇਨ੍ਹਾਂ ਨੂੰ ਫ਼ਲ ਲੱਗਣ ਲੱਗ ਪਏ ਤਾਂ ਉਨ੍ਹਾਂ ਨੇ ਹਿਸਾਬ ਨਾਲ ਇਨ੍ਹਾਂ ਬੂਟਿਆਂ ਦੇ ਨਾਂ ਰੱਖ ਦਿੱਤੇ। ਓਥੇ ਚਾਰ-ਪੰਜ ਦਿਨ ਸਾਡੇ ਵਧੀਆ ਲੰਘ ਗਏ। ਇਕ ਦਿਨ ਸੁਖਬੀਰ ਆਪਣੀ ਭਾਬੀ ਨੂੰ ਕਹਿਣ ਲੱਗੀ, "ਭਾਬੀ, ਮੈਂ ਅੱਜ ਆਪਣਾ ਸਿਰ ਧੋਣਾ ਹੈ, ਬਾਥਰੂਮ ਵਿਚ ਨਾ ਕੋਈ ਸ਼ੈਂਪੂ ਹੈ ਤੇ ਨਾ ਸਾਬਣ, ਦੇ ਦਿਉ।" ਭਾਬੀ ਚੁੱਪਚਾਪ ਬੈਠੀ ਰਹੀ ਜਿਵੇਂ ਉਸ ਨੇ ਕੁਝ ਸੁਣਿਆ ਹੀ ਨਾ ਹੋਵੇ। ਸੁਖਬੀਰ ਨੇ ਜਦ ਫਿਰ ਕਿਹਾ ਤਾਂ ਉਹ ਬੋਲੀ 'ਦੇਖੋ ਭੈਣ ਜੀ, ਮੇਰੀ ਗੱਲ ਦਾ ਭਾਵੇਂ ਤੁਸੀਂ ਗੁੱਸਾ ਹੀ ਕਰਿਆ ਜੇ ਪਰ ਸਿਰ ਤੁਸੀਂ ਆਪਣੇ ਘਰ ਜਾਂਦੇ ਧੋਇਆ ਜੇ। ਆਪਣਾ ਦਲਿੱਦਰ ਇੱਥੇ ਸਾਡੇ ਘਰ ਨਾ ਸੁੱਟਿਆ ਜੇ।'
ਏਡੀ ਕੌੜੀ ਗੱਲ ਸੁਣ ਕੇ ਸੁਖਬੀਰ ਤਾਂ ਚੁੱਪ ਰਹੀ ਪਰ ਮੈਨੂੰ ਬੜਾ ਬੁਰਾ ਲੱਗਿਆ। ਸੁਖਬੀਰ ਨੇ ਮੈਨੂੰ ਇਸ਼ਾਰੇ ਨਾਲ ਚੁੱਪ ਕਰਾ ਦਿੱਤਾ। ਸ਼ਾਮ ਨੂੰ ਮੈਂ ਉਸ ਦਾ ਮੂਡ ਠੀਕ ਕਰਨ ਲਈ ਕਿਹਾ, "ਚੱਲ ਤੇਰੇ ਵੱਡੇ ਭਰਾ ਦੇ ਘਰ ਚੱਲਦੇ ਹਾਂ, ਉੱਥੇ ਹੀ ਤੂੰ ਸਿਰ ਧੋ ਲਵੀਂ।" ਜੇ ਵੱਡੀ ਨੇ ਵੀ ਇਹ ਕੁਝ ਕਹਿ ਦਿੱਤਾ, ਉਹ ਵੀ ਤਾਂ ਇਸੇ ਦੀ ਭੈਣ ਹੈ। ਉਸ ਨੇ ਉਦਾਸੀ ਨਾਲ ਕਿਹਾ। ਅਗਲੇ ਦਿਨ ਸੁਖਬੀਰ ਦੀ ਵੱਡੀ ਭਤੀਜੀ ਆਪਣੇ ਸਹੁਰਿਆਂ ਤੋਂ ਆ ਗਈ। ਉਸ ਦਾ ਛੇ ਕੁ ਮਹੀਨੇ ਪਹਿਲਾਂ ਹੀ ਵਿਆਹ ਹੋਇਆ ਸੀ। ਉਹ ਭੂਆ ਹੋਰਾਂ ਨੂੰ ਮਿਲ ਕੇ ਬਹੁਤ ਖ਼ੁਸ਼ ਹੋਈ ਤੇ ਬੋਲੀ, "ਭੂਆ ਜੀ, ਹੁਣ ਤੁਸੀਂ ਉੱਥੇ ਕੱਲ੍ਹ ਕੀ ਕਰੋਗੇ? ਮੈਂ ਵੀ ਹੁਣ ਪੂਰਾ ਮਹੀਨਾ ਇੱਥੇ ਹੀ ਰਹਿਣਾ ਹੈ ਕਿਉਂਕਿ ਤੁਹਾਡਾ ਭਤੀਜ-ਜਵਾਈ ਇਕ ਮਹੀਨੇ ਦੀ ਟਰੇਨਿੰਗ 'ਤੇ ਦਿੱਲੀ ਚਲਾ ਗਿਆ ਹੈ। ਦੋ ਕੁ ਦਿਨ ਬਾਅਦ ਭਤੀਜੀ ਨੇ ਆਪਣੇ ਕੱਪੜੇ ਤੇ ਸਿਰ ਧੋ ਲਿਆ। ਹੁਣ ਸੁਖਬੀਰ ਨੂੰ ਚਾਹੀਦਾ ਸੀ ਬਈ ਉਹ ਪੁੱਛਦੀ ਕਿ ਜੇ ਉਸ ਦੇ ਸਿਰ ਧੋਣ ਨਾਲ ਘਰ ਵਿਚ ਦਲਿੱਦਰ ਗਿਰਦਾ ਸੀ ਤਾਂ ਭਤੀਜੀ ਦੇ ਸਿਰ ਧੋਣ ਨਾਲ ਕਿਉਂ ਨਹੀਂ ਗਿਰਿਆ। ਜੇ ਉਹ ਘਰ ਦੀ ਧੀ ਸੀ ਤਾਂ ਸੁਖਬੀਰ ਵੀ ਤਾਂ ਇਸੇ ਘਰ ਵਿਚ ਜੰਮੀ-ਪਲੀ ਸੀ ਸਗੋਂ ਉਸ ਦਾ ਹੱਕ ਤਾਂ ਜ਼ਿਆਦਾ ਬਣਦਾ ਸੀ ਕਿਉਂਕਿ ਉਸ ਦੇ ਪੱਲੇ ਵਿਚ ਤਾਂ ਦੋ ਪੀੜ੍ਹੀਆਂ ਦਾ ਰਿਸ਼ਤਾ ਸੀ ਪਰ ਭਰਜਾਈ ਪਹਿਲਾਂ ਹੀ ਬੋਲ ਪਈ, "ਹੁਣ ਭਾਈ ਅੱਜ-ਕੱਲ੍ਹ ਦੇ ਬੱਚਿਆਂ ਨੂੰ ਕੌਣ ਸਮਝਾਏ? ਤੁਸੀਂ ਤਾਂ ਸਿਆਣੇ ਹੋ, ਇਨ੍ਹਾਂ ਗੱਲਾਂ ਨੂੰ ਸਮਝਦੇ ਹੋ। ਮੈਂ ਤੁਹਾਨੂੰ ਰੋਕਿਆ ਸੀ। ਮੈਂ ਤਾਂ ਪਰਾਈ ਹਾਂ। ਮੈਨੂੰ ਕੁਝ ਹੋ ਵੀ ਜਾਵੇ ਤਾਂ ਕਿਸੇ ਨੂੰ ਕੀ ਫ਼ਰਕ ਪੈਂਦਾ ਹੈ ਪਰ ਜੇ ਤੁਹਾਡੇ ਭਾਈ ਨੂੰ ਕੁਝ ਹੋ ਗਿਆ ਤਾਂ। "ਜਿਹੜੀ ਗੱਲ ਦਾ ਆਪਾਂ ਵਹਿਮ ਮੰਨਦੇ ਹਾਂ, ਉਹ ਕਿਉਂ ਕੀਤੀ ਜਾਏ।" ਕਹਿ ਕੇ ਸੁਖਬੀਰ ਮੈਨੂੰ ਬੋਲੀ ਕਿ ਚੱਲ ਆਪਾਂ ਨਹਿਰ 'ਤੇ ਘੁੰਮ ਕੇ ਆਉਂਦੇ ਹਾਂ। ਅਸੀਂ ਬਾਹਰ ਵੱਲ ਨੂੰ ਤੁਰ ਪਈਆਂ।

ਨਹਿਰ 'ਤੇ ਪੁੱਜ ਕੇ ਮੈਂ ਸੁਖਬੀਰ ਨੂੰ ਕਿਹਾ, "ਤੈਨੂੰ ਯਾਦ ਹੈ ਜਦੋਂ ਆਪਾਂ ਐੱਮਏ ਵਿਚ ਪੜ੍ਹਦੇ ਸਾਂ ਤਾਂ ਸਾਡੇ ਨਾਲ ਇਕ ਕੁੜੀ ਸਾਇਕਾਲੋਜੀ ਦੀ ਐੱਮਏ ਕਰ ਰਹੀ ਸੀ। ਉਹ ਦੱਸਿਆ ਕਰਦੀ ਸੀ ਕਿ ਜਦੋਂ ਕੋਈ ਇਨਸਾਨ ਕਿਸੇ ਵਹਿਮ ਨੂੰ ਮੰਨਣ ਲੱਗ ਪਏ ਤਾਂ ਉਹ ਪੂਰੀ ਤਰ੍ਹਾਂ ਉਸ ਦਾ ਗੁਲਾਮ ਹੋ ਜਾਂਦਾ ਹੈ, ਫਿਰ ਉਹ ਜ਼ਿੰਦਗੀ ਵਿਚ ਵਾਪਰੀ ਹੋਈ ਹਰ ਚੰਗੀ-ਮਾੜੀ ਘਟਨਾ ਨੂੰ ਉਸ ਵਹਿਮ ਦੇ ਸਿਰ ਮੜ੍ਹ ਦਿੰਦਾ ਹੈ। ਚੰਗੀਆਂ ਗੱਲਾਂ ਨੂੰ ਤਾਂ ਉਹ ਹੌਲੀ-ਹੌਲੀ ਭੁੱਲ ਜਾਂਦਾ ਹੈ ਪਰ ਭੈੜੀਆਂ ਗੱਲਾਂ ਨੂੰ ਹਮੇਸ਼ਾ ਯਾਦ ਰੱਖਦਾ ਹੈ। ਸਗੋਂ ਸਮੇਂ-ਸਮੇਂ 'ਤੇ ਉਸ ਦਾ ਹਵਾਲਾ ਦਿੰਦਾ ਰਹਿੰਦਾ ਹੈ। ਰੱਬ ਨਾ ਕਰੇ ਜੇ ਭਰਾ ਨਾਲ ਕੋਈ ਚੰਗੀ-ਮਾੜੀ ਗੱਲ ਹੋ ਜਾਵੇ ਤਾਂ ਭਰਜਾਈ ਨੇ ਤਾਂ ਤੈਨੂੰ ਹੀ ਦੋਸ਼ ਦੇਣਾ ਹੈ।" ਮੈਂ ਇਹ ਸਾਰਾ ਕੁਝ ਸੁਖਬੀਰ ਦੇ ਅੰਦਰਲੇ ਉਬਾਲ ਨੂੰ ਠੰਢਾ ਕਰਨ ਲਈ ਕਿਹਾ। ਉਹ ਥੋੜ੍ਹੀ ਦੇਰ ਚੁੱਪਚਾਪ ਚੱਲਦੀ ਰਹੀ ਤੇ ਫਿਰ ਕਹਿਣ ਲੱਗੀ ਕਿ ਤੂੰ ਵੀ ਜਾਣਦੀ ਏਂ ਕਿ ਅੱਜ-ਕੱਲ੍ਹ ਸਾਇੰਸ ਦਾ ਜ਼ਮਾਨਾ ਹੈ। ਹੁਣ ਇਨ੍ਹਾਂ ਵਹਿਮਾਂ ਨੂੰ ਕੌਣ ਮੰਨਦਾ ਹੈ? ਤੂੰ ਦੇਖਦੀ ਏਂ ਕਿ ਸੜਕਾਂ 'ਤੇ ਬਿੱਲੀਆਂ ਆਮ ਭੱਜੀਆਂ ਫਿਰਦੀਆਂ ਹਨ ਤੇ ਲੋਕਾਂ ਦੀ ਆਵਾਜਾਈ 'ਤੇ ਕੋਈ ਫ਼ਰਕ ਨਹੀਂ ਪੈਂਦਾ ਤੇ ਹੁਣ ਕੁੱਤਿਆਂ ਦੇ ਰਾਤ ਨੂੰ ਰੋਣ-ਧੋਣ ਨਾਲ ਕੋਈ ਫ਼ਰਕ ਨਹੀਂ ਪੈਂਦਾ ਤੇ ਲੋਕ ਨਾ ਹੀ ਹੁਣ ਅੱਗੇ ਵਾਂਗੂੰ ਡਰਦੇ ਹਨ।" ਸੁਖਬੀਰ ਨੇ ਕਿਹਾ ਕਿ ਹੁਣ ਆਪਾਂ ਨੂੰ ਆਪਣੇ ਘਰ ਨੂੰ ਚਲੇ ਜਾਣਾ ਚਾਹੀਦਾ ਹੈ ਕਿਉਂਕਿ ਹੁਣ ਸਮਾਂ ਅਜਿਹਾ ਚੱਲ ਰਿਹਾ ਹੈ ਕਿ ਕੋਈ ਕਿਸੇ ਨੂੰ ਆਪਣੇ ਘਰ ਰੱਖਣਾ ਨਹੀਂ ਚਾਹੁੰਦਾ। ਉਹ ਨਾਨਕੇ, ਦਾਦਕਿਆਂ ਦੇ ਘਰ ਮਹੀਨਾ-ਮਹੀਨਾ ਰਹਿ ਜਾਣ ਵਾਲੇ ਵੇਲੇ ਲੰਘ ਗਏ। ਅੱਜ-ਕੱਲ੍ਹ ਹਰ ਬੰਦੇ ਦੀ ਆਪਣੀ ਪ੍ਰਾਈਵੇਟ ਲਾਈਫ ਹੈ। ਹੁਣ ਮਿਲਣ-ਗਿਲਣ ਦੇ ਸਾਧਨ ਫੋਨ ਬਣ ਗਏ ਹਨ। ਸੋ, ਘਰ ਚੱਲ ਕੇ ਪੈਕ ਕਰੀਏ ਤੇ ਤੁਰਦੇ ਹੋਈਏ।

# ਛੱਡ ਦਿਓ ਤੰਬਾਕੂ- ਜ਼ਿੰਦਾ ਰਹਿਣ ਲਈ

*''ਭੋਜਨ ਉਗਾਓ, ਤੰਬਾਕੂ ਨਹੀਂ'' ਤੰਬਾਕੂ 'ਤੇ ਇਸਦਾ ਧੂੰਆ ਪੂਰੀ ਦੁਨੀਆ ਨੂੰ ਖਤਰਨਾਕ ਬਿਮਾਰੀਆਂ ਦੇਣ ਦੇ ਨਾਲ-ਨਾਲ ਵਿਸ਼ਵ ਵਾਤਾਵਰਨ ਨੂੰ ਜ਼ਹਿਰੀਲਾ ਕਰਕੇ ਹਰ ਜੀਵ ਨੂੰ ਸਰੀਰਕ-ਮਾਨਸਿਕ ਤੌਰ 'ਤੇ ਨਪੁੰਸਕ ਬਣਾ ਰਿਹਾ ਹੈ । ਹੈਲਦੀ ਲਾਈਫ ਲਈ ਅੱਜ ਹੀ ਤੰਬਾਕੂ ਛੱਡਣ ਦਾ ਵਚਨ ਲੈਣ ਦੀ ਲੋੜ ਹੈ''- ਅਨਿਲ ਧੀਰ ਕਾਲਮਨਿਸਟ. ਖਾਲਮਨਿਸਟ. ਥੈਰਾਪਿਸਟ. ਸੋਸ਼ਲ ਐਕਟੀਵਿਸਟ*




ਸਾਲ 2023 ਦੇ ਵਿਸ਼ਵ ਨੋ ਤੰਬਾਕੂ ਦਿਵਸ ਦਾ ਥੀਮ ਹੈ- "ਭੋਜਨ ਉਗਾਓ, ਤੰਬਾਕੂ ਨਹੀਂ" ਲਈ ਪੂਰੀ ਦੁਨੀਆ ਨੂੰ ਹਰ ਪੱਧਰ 'ਤੇ ਜਾਗਰੁਕ ਕੀਤਾ ਜਾ ਰਿਹਾ ਹੈ। ਵਿਸ਼ਵ ਸਿਹਤ ਸੰਸਥਾ ਨੇ 2020 ਵਿਚ ਸਾਲ 2021 ਵਿਚ ਤੰਬਾਕੂ ਛੱਡਣ ਲਈ ਇੱਕ ਮੁਹਿਮ ਦੀ ਸ਼ੁਰੂਆਤ ਕੀਤੀ ਸੀ। ਇਸ ਮੁਹਿਮ ਦਾ ਮਕਸਦ ਕਰੀਬਨ 100 ਮਿਲੀਅਨ ਤੋਂ ਵੱਧ ਲੋਕਾਂ ਨੂੰ ਤੰਬਾਕੂ ਛੱਡਣ ਵਿਚ ਮਦਦ ਕਰਨਾ ਸੀ। ਮਹਾਂਮਾਰੀ ਕੋਵਿਡ-19 ਦੇ ਚਲਦੇ ਹੋਏ ਲੱਖਾਂ ਲੋਕ ਕਿਸੇ ਨਾ ਕਿਸੇ ਸ਼ਕਲ ਵਿਚ, ਤੰਬਾਕੂ ਦੀ ਵਰਤੋਂ ਕਰਨ ਵਾਲਿਆਂ ਨੇ ਨਾਮੁਰਾਦ ਆਦਤ ਨੂੰ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਸੀ।

ਤੰਬਾਕੂ ਕਾਰਨ ਬਿਮਾਰੀ ਨਾਲ ਹਰ ਸਾਲ ਕਰੀਬਨ 9.5 ਮਿਲੀਅਨ ਲੋਕ ਮੌਤ ਦੇ ਸ਼ਿਕਾਰ ਹੋ ਜਾਂਦੇ ਹਨ। ਅੱਜ ਤੰਬਾਕੂ ਦੀ ਵਰਤੋਂ ਕਾਰਨ ਪੈਦਾ ਹੋ ਰਹੀਆਂ ਬਿਮਾਰੀਆਂ, ਦੇ ਇਲਾਜ ਲਈ ਵਿਸ਼ਵਵਿਆਪੀ ਪੱਧਰ 'ਤੇ ਅੰਦਾਜ਼ਨ 1.5 ਟ੍ਰਿਲੀਅਨ ਡਾਲਰ ਦੇ ਖਰਚੇ ਦਾ ਬੋਝ ਬਣ ਚੁੱਕਾ ਹੈ।

- ਹੈਲਥ ਬੀਮਾ ਕੰਪਨੀਆਂ ਤੰਬਾਕੂਨੋਸ਼ੀ ਕਰਨ ਵਾਲਿਆਂ ਤੋਂ ਕਰੀਬਨ 70% ਵੱਧ ਰੇਟ ਲੈਂਦੇ ਹਨ।
- 18 ਸਾਲ ਤੋਂ ਵੱਧ ਉਮਰ ਦੇ ਲਗਭਗ 6 ਮਿਲੀਅਨ ਲੋਕ ਇਲੈਕਟ੍ਰਾਨਿਕ ਨਿਕੋਟਿਨ-ਇਨਹੇਲਿੰਗ ਉਪਕਰਣਾਂ ਈ-ਸਿਗਰੇਟ, ਵੀਡ, ਅਤੇ ਵੇਪ ਦਾ ਇਸਤੇਮਾਲ ਕਰ ਰਹੇ ਹਨ।
- ਸਿਰਫ ਅਮਰੀਕਾ ਵਿਚ ਤੰਬਾਕੂਨੋਸ਼ੀ ਨਾਲ 491,000 ਤੋਂ ਵੱਧ ਅਤੇ ਸੈਕੰਡ-ਹੈਂਡ ਸਮੋਕ ਧੂੰਏ ਦੇ ਐਕਸਪੋਜਰ ਕਾਰਨ ਕਰੀਬਨ 51,000 ਲੋਕ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇੱਕ ਰਿਪੋਰਟ ਮੁਤਾਬਿਕ ਤੰਬਾਕੂਨੋਸ਼ੀ ਕਾਰਨ ਗੰਭੀਰ ਬਿਮਾਰੀਆਂ ਨਾਲ 2030 ਤੱਕ ਹਰ ਸਾਲ ਕਈ ਮਿਲੀਅਨ ਮੌਤ ਦਾ ਸ਼ਿਕਾਰ ਹੋ ਜਾਣ ਦੀ ਸੰਭਾਵਨਾ ਹੈ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

**ਤੰਬਾਕੂ ਦਾ ਮਨ-ਸਰੀਰ 'ਤੇ ਅਸਰ:**


- ਤੰਬਾਕੂ ਕਾਰਨ ਸਾਹ ਲੈਣ ਵੇਲੇ ਅਤੇ ਕੱਪੜੇ, ਚਮੜੀ, ਪੂਰੇ ਘਰ-ਦਫਤਰ ਵਿੱਚੋਂ ਬਦਬੂ ਆਉਣੀ ਸ਼ੁਰੂ ਹੋ ਜਾਂਦੀ ਹੈ।
- ਦੰਦਾਂ 'ਤੇ ਪੀਲੀ ਪਰਤ ਜੰਮ ਜਾਂਦੀ ਹੈ। ਚਮੜੀ 'ਤੇ ਸਮੇਂ ਤੋਂ ਪਹਿਲਾਂ ਅੱਖਾਂ ਦੇਆਲੇ-ਦੁਆਲੇ ਅਤੇ ਲਿਪਸ 'ਤੇ ਝੁਰੜੀਆਂ ਪੈ ਜਾਂਦੀਆਂ ਹਨ। ਵਿਟਾਮਿਨ-ਏ ਦੀ ਕਮੀ ਦੇ ਨਾਲ ਬਲੱਡ ਸਰਕੂਲੇਸ਼ਨ ਘੱਟ ਜਾਂਦਾ ਹੈ। ਚਮੜੀ ਖੁਸ਼ਕ ਹੋ ਜਾਣ ਕਰਕੇ ਖਾਰਿਸ਼, ਦਾਦ ਪੈਦਾ ਹੋ ਜਾਂਦੀ ਹੈ।
- ਸੈਕੰਡ-ਹੈਂਡ ਸਮੋਕ ਦੇ ਧੂੰਏ ਨਾਲ ਬੱਚਿਆਂ ਦੇ ਫੇਫੜਿਆਂ ਅੰਦਰ ਸੋਜਸ਼ ਰਹਿਣ ਕਾਰਨ ਦਮੇ ਤੋਂ ਬਾਅਦ ਦਾ ਕੈਂਸਰ ਦਾ ਖਤਰਾ ਵੱਧ ਜਾਂਦਾ ਹੈ। ਸਰੀਰ ਅੰਦਰ ਤੰਬਾਕੂ ਕਾਰਨ ਕਰੀਬਨ 20 ਕਿਸਮ ਦੇ ਕੈਂਸਰ ਪੈਦਾ ਹੋ ਸਕਦੇ ਹਨ।
- ਜਲਦੀ ਹੋਈ ਸਿਗਰੇਟ ਕਾਰਨ ਅੱਗ ਲੱਗਣ ਨਾਲ ਮੌਤ ਦਾ ਅੰਕੜਾ ਵੀ ਵੱਧ ਰਿਹਾ ਹੈ।
- ਤੰਬਾਕੂਨੋਸ਼ੀ ਟਾਈਪ-2 ਡਾਇਬਟੀਜ਼ ਦਾ ਖਤਰਾ ਵਧਾ ਦਿੰਦਾ ਹੈ।
- ਘਰ ਅੰਦਰ ਸੈਕੰਡ-ਹੈਂਡ ਸਮੋਕ ਕਾਰਨ ਛੋਟੇ ਬੱਚਿਆਂ ਵਿਚ ਕੰਨ ਦੀ ਬਿਮਾਰੀ ਯਾਨਿ ਘੱਟ ਸੁਣਨ ਦੀ ਸਮੱਸਿਆ ਆ ਸਕਦੀ ਹੈ।
- ਤੰਬਾਕੂਨੋਸ਼ੀ ਕਰਨ ਵਾਲੇ ਨਪੁੰਸਕਤਾ, ਪੁਰਸ਼ਾਂ ਅੰਦਰ ਕਮਜੋਰ ਸ਼ੁਕਰਾਣੂਆਂ, ਘੱਟ ਗਿਣਤੀ, ਬਾਂਝਪਨ, ਸਮੇਂ ਤੋਂ ਪਹਿਲਾਂ ਬੱਚੇ ਦਾ ਜਨਮ ਅਤੇ ਜਨਮ ਸਮੇਂ ਘੱਟ ਭਾਰ ਹੋਣਾ, ਵਰਗੀ ਸਮੱਸਿਆ ਦੇ ਸ਼ਿਕਾਰ ਹੋ ਸਕਦੇ ਹਨ।

**ਐਕਸ਼ਨ ਲਈ ਅੱਗੇ ਆਉਣ ਦੀ ਲੋੜ ਹੈ:** ਤੰਬਾਕੂ ਨੂੰ ਅਲਵਿਦਾ ਕਹਿਣ ਵਿਚ ਆਪਣੇ ਦੋਸਤ-ਮਿੱਤਰਾਂ, ਸੋਸ਼ਲ ਸੰਸਥਾਵਾਂ ਦੀ ਮਦਦ ਲੈ ਸਕਦੇ ਹੋ। ਤੰਬਾਕੂ ਛੱਡਣ ਵਿਚ ਚੰਗੀ ਰਣਨੀਤੀ ਕੰਮ ਕਰਦੀ ਹੈ। ਇਸ ਆਦਤ ਤੋਂ ਛੁਟਕਾਰਾ ਪਏ ਕੇ ਹਾਰਟ-ਬੀਟ ਰੈਗੂਲਰ ਹੋ ਜਾਣ ਦੇ ਨਾਲ, ਸਰੀਰ ਅੰਦਰ ਬਲੱਡ ਦੇ ਕਾਰਨਬ ਮੋਨੋਆਕਸਾਈਡ ਦਾ ਪੱਧਰ ਠੀਕ ਹੋ ਜਾਂਦਾ ਹੈ। ਕਿਸੇ ਵੀ ਟੈਨਸ਼ਨ ਦੌਰਾਣ ਸਾਦਾ ਪਾਣੀ ਪੀਣਾ ਸ਼ੁਰੂ ਕਰ ਦਿਓ ਅਤੇ ਚਿਊਇੰਗ ਗੰਮ ਚਬਾਓ। ਨਿਕੋਟਿਨ ਦੀ ਤਲਬ ਪੈਦਾ ਹੁੰਦੇ ਹੀ ਦੋਸਤਾਂ ਨਾਲ ਫੋਨ 'ਤੇ ਗੱਲਬਾਤ, ਟੈਕਸਟਿੰਗ, ਲਗਾਤਾਰ 5 ਬਾਰ ਆਪਣੇ ਸ਼ੂਜ਼ ਪਾਓ 'ਤੇ ਉਤਾਰੋ। ਘਰ ਅੰਦਰ ਪਾਲਤੂ ਡਾਗ ਨੂੰ ਸੈਰ ਲਈ ਬਾਹਰ ਲੈ ਜਾਓ। ਤੰਬਾਕੂ ਛੱਡਣ ਵਿਚ ਪੌਸ਼ਟਿਕ ਖੁਰਾਕ-ਤਾਜ਼ੇ ਫਲ-ਸਬਜ਼ੀਆਂ, ਕੱਚਾ ਪਨੀਰ, ਚੀਜ਼, ਭੁੱਜੇ ਹੋਏ ਚਨੇ ਦੀ ਵਰਤੋਂ ਜ਼ਿਆਦਾ ਕਰੋ। ਇਸ ਆਦਤ ਤੋਂ ਛੁਟਕਾਰਾ ਪਾ ਕੇ ਬਚਤ ਕਰਕੇ ਸਿਹਤ ਅਤੇ ਪੈਸਿਆਂ ਪੱਖੋਂ ਅਮੀਰ ਬਣ ਜਾਓ।

# ਤੰਬਾਕੂਨੋਸ਼ੀ ਛੱਡਣਾ, ਸਿਹਤਮੰਦ ਅਤੇ ਖੁਸ਼ਹਾਲ ਜੀਵਨ ਵੱਲ ਪਹਿਲਾ ਕਦਮ




ਹਰ ਸਾਲ 31 ਮਈ ਨੂੰ, ਤੰਬਾਕੂ ਦੀ ਵਰਤੋਂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨ, ਨੀਤੀਆਂ ਨੂੰ ਉਤਸ਼ਾਹਿਤ ਕਰਨ ਅਤੇ ਇਸ ਦੇ ਸੇਵਨ ਨਾਲ ਸੰਬੰਧਿਤ ਬਿਮਾਰੀਆਂ ਨੂੰ ਘਟਾਉਣ ਲਈ ਵਿਸ਼ਵ ਤੰਬਾਕੂ ਰਹਿਤ ਦਿਵਸ ਮਨਾਇਆ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ (WHO) ਦਾ ਅੰਦਾਜ਼ਾ ਹੈ ਕਿ ਤੰਬਾਕੂ ਦੀ ਵਰਤੋਂ ਹਰ ਸਾਲ ਵਿਸ਼ਵ ਪੱਧਰ 'ਤੇ 7 ਮਿਲੀਅਨ ਤੋਂ ਵੱਧ ਲੋਕਾਂ ਦੀ ਮੌਤ ਦਾ ਕਾਰਨ ਬਣਦੀ ਹੈ ਅਤੇ ਜੇਕਰ ਤੰਬਾਕੂ ਦੀ ਵਰਤੋਂ ਮੌਜੂਦਾ ਦਰ 'ਤੇ ਜਾਰੀ ਰਹੀ ਤਾਂ 2030 ਤੱਕ ਇਹ ਗਿਣਤੀ ਵਧ ਕੇ 8 ਮਿਲੀਅਨ ਤੱਕ ਪਹੁੰਚਣ ਦੀ ਉਮੀਦ ਹੈ। ਵਿਸ਼ਵ ਤੰਬਾਕੂ ਰਹਿਤ ਦਿਵਸ 2023 ਦਾ ਥੀਮ ਹੈ 'ਸਾਨੂੰ ਭੋਜਨ ਦੀ ਲੋੜ ਹੈ ਤੰਬਾਕੂ ਦੀ ਨਹੀਂ' ਹੈ। ਤੰਬਾਕੂ ਦੀ ਵਰਤੋਂ ਨਾ ਸਿਰਫ਼ ਵਿਅਕਤੀਆਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਬਲਕਿ ਉਨ੍ਹਾਂ ਦੇ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਤੰਬਾਕੂਨੋਸ਼ੀ ਦੌਰਾਨ ਛੱਡੇ ਜਾਣ ਵਾਲੇ ਹਾਨੀਕਾਰਕ ਰਸਾਇਣ ਹਵਾ ਪ੍ਰਦੂਸ਼ਣ ਵਿੱਚ ਯੋਗਦਾਨ ਪਾਉਂਦੇ ਹਨ, ਜੋ ਵਾਤਾਵਰਣ ਅਤੇ ਲੋਕਾਂ ਦੀ ਸਿਹਤ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ, ਟਿਕਾਊ ਵਿਕਾਸ, ਖਤਰਨਾਕ ਰਸਾਇਣਾਂ ਦੇ ਸੰਪਰਕ ਨੂੰ ਘਟਾਉਣ ਅਤੇ ਸਮੁੱਚੀ ਜਨਤਕ ਸਿਹਤ ਨੂੰ ਬਿਹਤਰ ਬਣਾਉਣ ਲਈ ਤੰਬਾਕੂ-ਮੁਕਤ ਭਾਈਚਾਰਿਆਂ ਦਾ ਨਿਰਮਾਣ ਕਰਨਾ ਜ਼ਰੂਰੀ ਹੈ।



ਚਾਨਣ ਦੀਪ ਸਿੰਘ
ਔਲਖ
9876888177

ਵਿਸ਼ਵ ਤੰਬਾਕੂ ਰਹਿਤ ਦਿਵਸ 2023 ਦੀ ਥੀਮ ਸਕੂਲਾਂ, ਕੰਮ ਦੇ ਸਥਾਨਾਂ, ਜਨਤਕ ਖੇਤਰਾਂ ਅਤੇ ਘਰਾਂ ਸਮੇਤ ਤੰਬਾਕੂ-ਮੁਕਤ ਵਾਤਾਵਰਨ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਉਤਸ਼ਾਹਿਤ ਕਰਨ ਦੀ ਲੋੜ 'ਤੇ ਜ਼ੋਰ ਦਿੰਦੀ ਹੈ। ਇਸ ਦਿਨ ਦਾ ਉਦੇਸ਼ ਨੀਤੀਆਂ ਅਤੇ ਰਣਨੀਤੀਆਂ ਨੂੰ ਉਤਸ਼ਾਹਿਤ ਕਰਨਾ ਹੈ ਜੋ ਤੰਬਾਕੂ-ਮੁਕਤ ਭਾਈਚਾਰਿਆਂ ਨੂੰ ਸਥਾਪਤ ਕਰਨ ਵਿੱਚ ਮਦਦ ਕਰਨਾ ਹੈ। ਸਿਗਰਟਨੋਸ਼ੀ ਛੱਡਣ ਨਾਲ, ਵਿਅਕਤੀ ਤੰਬਾਕੂ ਨਾਲ ਸਬੰਧਤ ਕਈ ਸਿਹਤ ਸਮੱਸਿਆਵਾਂ ਜਿਵੇਂ ਕਿ ਕੈਂਸਰ, ਦਿਲ ਦੀ ਬਿਮਾਰੀ, ਸਟਰੋਕ, ਅਤੇ ਸਾਹ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾ ਸਕਦੇ ਹਨ। ਸਿਗਰਟਨੋਸ਼ੀ ਨਾ ਸਿਰਫ਼ ਲੋਕਾਂ ਨੂੰ ਨੁਕਸਾਨ ਪਹੁੰਚਾਉਂਦੀ ਹੈ ਸਗੋਂ ਵਾਤਾਵਰਣ ਨੂੰ ਵੀ ਪ੍ਰਭਾਵਿਤ ਕਰਦੀ ਹੈ। ਤੰਬਾਕੂ ਉਦਯੋਗ ਜੰਗਲਾਂ ਦੀ ਕਟਾਈ, ਪ੍ਰਦੂਸ਼ਣ ਅਤੇ ਬਹੁਤ ਜ਼ਿਆਦਾ ਪਾਣੀ ਦੀ ਵਰਤੋਂ ਲਈ ਜ਼ਿੰਮੇਵਾਰ ਹੈ। ਤੰਬਾਕੂ ਦਾ ਉਤਪਾਦਨ ਗ੍ਰੀਨਹਾਉਸ ਗੈਸਾਂ ਦੇ ਨਿਕਾਸ ਵੱਲ ਵੀ ਅਗਵਾਈ ਕਰਦਾ ਹੈ ਅਤੇ ਜਲਵਾਯੂ ਤਬਦੀਲੀ ਵਿੱਚ ਯੋਗਦਾਨ ਪਾਉਂਦਾ ਹੈ। ਇਸ ਲਈ ਤੰਬਾਕੂ ਦੇ ਨੁਕਸਾਨਦੇਹ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕਰਨਾ ਜਨਤਕ ਸਿਹਤ ਅਤੇ ਵਾਤਾਵਰਣ ਦੋਵਾਂ ਦੀ ਰੱਖਿਆ ਲਈ ਬਹੁਤ ਜ਼ਰੂਰੀ ਹੈ। ਵਿਸ਼ਵ ਤੰਬਾਕੂ ਰਹਿਤ ਦਿਵਸ 'ਤੇ ਵਿਸ਼ਵ ਭਰ ਦੀਆਂ ਵੱਖ-ਵੱਖ ਸੰਸਥਾਵਾਂ ਦੇ ਮਾਹਿਰ ਸਿਹਤ ਮੁਹਿੰਮਾਂ ਅਤੇ ਪਹਿਲਕਦਮੀਆਂ ਰਾਹੀਂ ਤੰਬਾਕੂਨੋਸ਼ੀ ਬੰਦ ਕਰਨ ਦਾ ਪ੍ਰਚਾਰ ਕਰਦੇ ਹਨ। ਉਦਾਹਰਨ ਲਈ ਹੈਲਥਕੇਅਰ ਪੇਸ਼ਾਵਰ ਮਰੀਜ਼ਾਂ ਨੂੰ ਤੰਬਾਕੂ ਛੱਡਣ ਲਈ ਉਤਸ਼ਾਹਿਤ ਕਰਦੇ ਹਨ, ਅਤੇ ਵੱਖ-ਵੱਖ ਜਨਤਕ ਸਿਹਤ ਸੰਸਥਾਵਾਂ ਲੋਕਾਂ ਨੂੰ ਸਿਗਰਟ ਛੱਡਣ ਵਿੱਚ ਮਦਦ ਕਰਨ ਲਈ ਸਰੋਤ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ। ਦੁਨੀਆ ਭਰ ਦੀਆਂ ਸਰਕਾਰਾਂ ਤੰਬਾਕੂ ਦੀ ਖਪਤ ਨੂੰ ਘਟਾਉਣ ਲਈ ਨੀਤੀਆਂ ਵੀ ਲਾਗੂ ਕਰਦੀਆਂ ਹਨ, ਜਿਵੇਂ ਕਿ ਤੰਬਾਕੂ ਟੈਕਸ ਵਧਾਉਣਾ, ਤੰਬਾਕੂ ਉਤਪਾਦਾਂ 'ਤੇ ਚੇਤਾਵਨੀ ਲੇਬਲ ਲਗਾਉਣਾ ਅਤੇ ਜਨਤਕ ਖੇਤਰਾਂ ਵਿੱਚ ਸਿਗਰਟਨੋਸ਼ੀ 'ਤੇ ਪਾਬੰਦੀ ਲਗਾਉਣਾ। ਅੰਤ ਵਿੱਚ, ਵਿਸ਼ਵ ਤੰਬਾਕੂ ਰਹਿਤ ਦਿਵਸ ਸਾਨੂੰ ਜਨਤਕ ਸਿਹਤ ਅਤੇ ਵਾਤਾਵਰਣ ਉੱਤੇ ਤੰਬਾਕੂ ਦੇ ਵਿਨਾਸ਼ਕਾਰੀ ਪ੍ਰਭਾਵਾਂ ਦੀ ਯਾਦ ਦਿਵਾਉਂਦਾ ਹੈ। ਇਹ ਦਿਨ ਵਿਅਕਤੀਆਂ ਨੂੰ ਤੰਬਾਕੂ ਮੁਕਤ ਜੀਵਨ ਲਈ ਵਚਨਬੱਧ ਕਰਨ ਲਈ ਉਤਸ਼ਾਹਿਤ ਕਰਦਾ ਹੈ ਅਤੇ ਤੰਬਾਕੂ ਦੀ ਵਰਤੋਂ ਨੂੰ ਘਟਾਉਣ ਲਈ ਸਰਕਾਰੀ ਨੀਤੀਆਂ ਦਾ ਸਮਰਥਨ ਕਰਦਾ ਹੈ। ਤੰਬਾਕੂਨੋਸ਼ੀ ਛੱਡਣਾ ਇੱਕ ਸਿਹਤਮੰਦ ਅਤੇ ਖੁਸ਼ਹਾਲ ਜੀਵਨ ਵੱਲ ਪਹਿਲਾ ਕਦਮ ਹੈ ਅਤੇ ਵਿਅਕਤੀਆਂ ਨੂੰ ਤੰਬਾਕੂ ਨਾਲ ਸਬੰਧਤ ਬਿਮਾਰੀਆਂ ਨੂੰ ਰੋਕਣ ਅਤੇ ਜਾਨਾਂ ਬਚਾਉਣ ਲਈ ਲਾਜ਼ਮੀ ਕਦਮ ਚੁੱਕਣੇ ਚਾਹੀਦੇ ਹਨ।

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

## ਨਵੀਂ ਕਿਤਾਬ ਨੂੰ

ਨਵੀਂ ਕਿਤਾਬ ਨੂੰ ਲੋਕ-ਅਰਪਣ ਕਰਨ ਲਈ,ਕਾਹਲੀ ਕਾਹਲੀ ਪ੍ਰਚਾਰ ਹੋਣਾ ਜਰੂਰੀ ਹੈ!
ਉਵੇਂ ਹੀ ਜਿਵੇਂ ਕਿ ਨਵੇਂ ਉਤਪਾਦਨ ਦੇ ਪ੍ਰਭਾਵ ਦਾ ਛਾਪਣਾ ਇਸ਼ਤਿਹਾਰ ਹੋਣਾ ਜਰੂਰੀ ਹੈ!

ਵਿਆਹ ਦੀ ਪਵਿੱਤਰ ਧਾਰਾ ਅੱਜ ਕਿਸ ਅਜੀਬ ਸਹਿਜਤਾ ਨੂੰ ਮੰਨਕੇ ਕਰਾਹੇ ਤੁਰ ਰਹੀ,
ਹੈਰਾਨੀ ਜਨਕ ਖੁਸ਼ਕੀ ਰੁਝੇਵੇਂ ਮੰਤਵਾਂ ਲਈ ਦੋ ਰੂਹਾਂ ਦਾ ਖੱਜਲ ਖੁਆਰ ਹੋਣਾ ਜਰੂਰੀ ਹੈ!

ਕੇਹੀ ਜਿਹੀਆਂ ਭਿਆਨਕ ਮੁਦਰਾਵਾਂ ਦੇ ਵਿੱਚ ਲੋਕ ਬੇਹੁਦਰੇਪਣ ਵਿੱਚ ਵਗਲੇ ਜਾ ਰਹੇ,
ਹਕੂਮਤ ਨੂੰ ਵਰਜ਼ੇ ਨਾ ਕੋਈ, ਹਰੇਕ ਵਸਨੀਕ ਵੱਲੋਂ ਲਿਖਤੀ ਇਕਰਾਰ ਹੋਣਾ ਜਰੂਰੀ ਹੈ!

ਤਾਨਾਸ਼ਾਹੀ ਬਦ ਬਲਾਅ ਵਧ ਰਹੀ ਅੱਗੇ, ਸਹੀ ਦਿਮਾਗੀ ਹੋਂਦ ਹੀ ਰਾਹੋਂ ਕੁਰਾਹੇ ਪਾ ਰਹੀ,
ਤਾਜ ਤੇ ਸ਼ਰਮ ਕਿਵੇਂ ਵੱਖਰੇ ਨੇ, ਕਿ ਉਨ੍ਹਾਂ ਦੀ ਵਿਭਚਾਰੀ ਨੀਤ 'ਚ ਹੰਕਾਰ ਹੋਣਾ ਜਰੂਰੀ ਹੈ!

ਪਸ਼ੂਆਂ ਨੂੰ ਹੱਕਣ ਲਈ ਵਾਗੀ ਵੀ ਸਦਾ ਉਨ੍ਹਾਂ ਦੀਆਂ ਮਾਨਸਿਕ ਭਾਵਨਾਵਾਂ ਨੂੰ ਸਮਝਦੇ ਨੇ,
ਮੁਲਕ ਨੂੰ ਉਜਾੜ ਰਿਹੈ ਬੇਇਤਬਾਰਾ, ਫਿਰ ਵੀ ਕਹੇ ਮੇਰੇ ਉੱਪਰ ਇਤਬਾਰ ਹੋਣਾ ਜਰੂਰੀ ਹੈ!

ਭਾਰੀ ਝੁਕਦੀਆਂ ਪੂਰਾ ਲਿਫਦੀਆਂ ਦਲ-ਬਦਲੂ ਹਲਕੇ ਦਰਜੇ ਦੀਆਂ ਸ਼ਖਸੀਅਤਾਂ ਨਿੱਤ ਹੀ,
ਅੱਖਰਾਂ ਦੇ ਬਣਾਉਟੀ ਸ਼ਬਦਾਂ 'ਚੋਂ ਟਪਕਦੀ ਹਰ ਇੱਕ ਲੰਬੀ ਲੋਭੀ ਲਾਰ ਹੋਣਾ ਜਰੂਰੀ ਹੈ!

ਕਹੀਆਂ ਅਣਕਹੀਆਂ ਬੋਲੀਆਂ ਸ਼ੈਲੀਆਂ ਦੇ ਵਲ ਵਲੇਵੇਂ ਗੱਦੀ ਦੀ ਡਿਕਸ਼ਨਰੀ ਸਾਂਭ ਲੈਂਦੀ,
ਤਾਨਾਸ਼ਾਹੀ ਰੁਦਨ ਵਿੱਚੋਂ ਅਵਾਰਾ ਹੋਣ ਤੋਂ, ਲੋਕ-ਭਾਵਨਾਵਾਂ ਦਾ ਖਿਲਵਾੜ ਹੋਣਾ ਜ਼ਰੂਰੀ ਹੈ!

ਬੋਲੀਆਂ ਖਿੱਤੇ ਧਰਮ ਇਤਿਹਾਸ ਕੋਈ ਸਹਿਜ ਹਲੀਮੀ ਪਿਆਰ ਵਿੱਚ ਹੀ ਨਹੀਂ ਵਿਚਰ ਰਹੇ,
ਲੋਕ ਫਸਦੇ ਰਹਿਣ ਆਪਸ ਵਿੱਚ ਹੀ ਫਸਾਦਾਂ ਦੀ ਪੁੱਠ ਵਿੱਚ ਸਦਾ ਖੱਲਾਰ ਹੋਣਾ ਜ਼ਰੂਰੀ ਹੈ।

ਧਰਮੀ ਠੇਕੇਦਾਰਾਂ ਦੇ ਅਧਿਕਾਰ ਭੁੱਖੀਆਂ ਡੈਣਾ ਬਣਕੇ ਹਰ ਗੋਲਕ ਦਾ ਧਰਮ ਸ਼ਰੇ ਰੱਦ ਕਹੇ
ਬੇਅਦਬੀ-ਕਾਂਡ ਦੱਸ ਰਹੇ ਨੇ ਚੌਧਰੀ ਬਣਨ ਲਈ ਤਾਂ ਹਰ ਗੰਦਾ ਤਿਉਹਾਰ ਹੋਣਾ ਜਰੂਰੀ ਹੈ!

ਅਸੀਂ ਕਿਸ ਜ਼ਮਾਨੇ ਦੇ ਵਿਚਲਣ ਦੇ ਵਾਸੀ ਕਿ ਮੰਡੀ ਭੁੱਖਿਆਂ ਦਾ ਹੀ ਸ਼ਿਕਾਰ ਕਰੀ ਜਾ ਰਹੀ,
ਕਿਸੇ ਦੋਮ ਰੱਬ ਦੀ ਛੁਰੀ ਨੂੰ ਪਾਪੀ ਵਾਰਦਾਤਾਂ ਵਿੱਚ ਮਨੁੱਖੀ ਅੰਗਾਂ ਦਾ ਵਿਉਪਾਰ ਜ਼ਰੂਰੀ ਹੈ!

-ਸੁਖਦੇਵ ਸਿੱਧੂ

## ਜੇ ਨਾ ਸੋਚਿਆ

ਮਿਲੀ ਭੁਗਤ ਨਾਲ ਚਲਦੀ ਰਈ ਜੇ ਪਾਪਾਂ ਵਾਲੀ ਕਰਨੀ
ਏਥੇ ਦੀ ਹੀ ਏਥੇ ਇੱਕ ਦਿਨ ਪੈ ਜੁ ਬੰਦਿਆ ਭਰਨੀ
ਓ ਫੁੱਲ ਫੇਰ ਮੁਰਝਾ ਹੀ ਜਾਂਦੇਹੋ
ਫੁੱਲ ਫੇਰ ਮੁਰਝਾ ਹੀ ਜਾਂਦੇ ਟੁੱਟ ਜਾਵੇ ਜੇ ਟਾਹਣੀ
ਬੰਜਰ ਬਣ ਜੂਗੀ ਏਹ ਧਰਤੀ ਜੇ ਮੁੱਕ ਚੱਲਿਆ ਪਾਣੀ
ਜੇ ਨਾ ਸੋਚਿਆ ਕੁਦਰਤ ਬਾਰੇ ਹੋ ਜੁ ਖਤਮ ਕਹਾਣੀ
ਓਏ ਹੋ ਜੁ ਖ਼ਤਮ ਕਹਾਣੀ

ਵੱਡੇ ਵੱਡੇ ਗਏ ਸਿੰਕਦਰ ਏਸ ਦੁਨੀਆਂ ਤੋਂ ਖਾਲੀ
ਜਿਨ੍ਹਾਂ ਨੇ ਕਦੇ ਲੜੀਆਂ ਜੰਗਾਂ ਦਿਸਣ ਨਾ ਗਰਮ ਖਿਆਲੀ
ਖੰਡਰ ਬਣੇ ਮਹਿਲਾਂ ਅੰਦਰਹੋ
ਖੰਡਰ ਬਣੇ ਮਹਿਲਾਂ ਅੰਦਰ ਰਹੇ ਨਾ ਰਾਜਾ ਰਾਣੀ
ਤੱਪੜਾਂ ਦੇ ਵਿੱਚ ਉੱਡਣਾ ਰੇਤਾ ਜੇ ਮੁੱਕ ਚੱਲਿਆ ਪਾਣੀ
ਜੇ ਨਾ ਸੋਚਿਆ ਕੁਦਰਤ ਬਾਰੇ ਹੋ ਜੁ ਖਤਮ ਕਹਾਣੀ

ਅੱਗ ਲੱਗੇ ਸਿਆਸਤ ਨੂੰ ਜੋ ਕਰਦੀ ਪੁੱਠੇ ਕਾਰੇ
ਅਪਣਾ ਹੀ ਘਰ ਭਰਦੇ ਉਂਝ ਨੇ ਫਿਰਦੇ ਠੱਗ ਵਣਜਾਰੇ
ਮੁੜਕੇ ਲੋਟ ਨਾ ਆਉਣੀ ਥੋਤੋਂਹੋ
ਮੁੜਕੇ ਲੋਟ ਨਾ ਆਉਣੀ ਥੋਤੋਂ ਉਲਝ ਗਈ ਜੇ ਤਾਣੀ
ਚੜ੍ਹ ਚੜ੍ਹ ਆਉਣੇ ਵਾ-ਵਰੋਲੇ ਜੇ ਮੁੱਕ ਚੱਲਿਆ ਪਾਣੀ
ਜੇ ਨਾ ਸੋਚਿਆ ਕੁਦਰਤ ਬਾਰੇ ਹੋ ਜੁ ਖਤਮ ਕਹਾਣੀ

ਕੁਦਰਤ ਨੇ ਜੋ ਦਿੱਤੇ ਸੋਮੇ ਆਓ ਰਲ ਬਚਾਈਏ
ਪੌਣ ਪਾਣੀ ਦਾ ਖਿਆਲ ਰੱਖਕੇ ਨਾਲੇ ਰੁੱਖ ਲਗਾਈਏ
ਧੰਨਿਆਂ ਚਿੱਤ ਤੋਂ ਪੜ੍ਹ ਮਨ ਲਾਕੇਹੋ
ਧੰਨਿਆਂ ਚਿੱਤ ਤੋਂ ਪੜ੍ਹ ਮਨ ਲਾਕੇ ਆਖ ਰਹੀ ਏ ਬਾਣੀ
ਬੰਜਰ ਬਣ ਜੁਗੀ ਏਹ ਧਰਤੀ ਜੇ ਮੁੱਕ ਚੱਲਿਆ ਪਾਣੀ
ਜੇ ਨਾ ਸੋਚਿਆ ਕੁਦਰਤ ਬਾਰੇ ਹੋ ਜੁ ਖਤਮ ਕਹਾਣੀ



ਧੰਨਾ ਧਾਲੀਵਾਲ
9878235714

## ਅਨੇਕ ਚਿਹਰੇ

ਅੱਜ ਕਲ੍ਹ ਦੇ ਜਮਾਨੇ ਵਿੱਚ, ਰਾਵਣ ਤੋਂ ਵੱਧ ਚਿਹਰੇ ਨੇ।
ਸੱਚ ਨੂੰ ਫਾਂਸੀ ਏ, ਕੁਫਰ ਦੇ ਸਿਰ ਸਿਹਰੇ ਨੇ।
ਅਜ਼ਾਦ ਦੇਸ਼ ਦੇ ਵਾਸੀ ਹਾਂ, ਪਰ ਗੁਲਾਮੀ ਵਾਲੇ ਝੇੜੇ ਨੇ।
ਭੋਰਾ ਪਿਆਰ ਨਹੀਂ, ਨਫ਼ਰਤ ਦੇ ਬੀਜ ਖਿਲੇਰੇ ਨੇ।
ਮਿਹਨਤ ਕਸ ਰੋਂਦਾ ਏ, ਵਿਹਲੇ ਬਾਬਿਆਂ ਦੇ ਡੇਰੇ ਨੇ।
ਅੱਜਕਲ੍ਹ ਦੇ ਜਮਾਨੇ ਵਿੱਚ... ...
ਚਾਰੇ ਪਾਸੇ ਕਾਲੀ ਬੋਲੀ ਰਾਤ ਏ, ਪਤਾ ਨਹੀਂ ਕਦ ਆਉਣੇ ਸੁਰਖ ਸਵੇਰੇ।
ਪੰਛੀਆਂ ਨੂੰ ਈ ਦਾਅ ਤੇ ਲਾ ਦਿੱਤਾ, ਨਾ ਹੁਣ ਆਉਂਦੇ ਕਾਂ ਬਨੇਰੇ ਨੇ।
ਧੀਆਂ ਦੀਆਂ ਆਹਾਂ ਤੇ ਚੀਕਾਂ, ਹਰ ਰੋਜ ਅਖਬਾਰ ਦੀ ਸੁਰਖੀ ਸਵੇਰੇ ਨੇ।
ਪੜ੍ਹ ਕੇ ਦਿਲ ਛਲਨੀ ਹੋ ਜਾਂਦਾ, ਰੋਂਦੇ ਨੈਣ ਘਨੇਰੇ ਨੇ।
ਅੱਜਕਲ੍ਹ ਦੇ ਜਮਾਨੇ ਵਿੱਚ... ...
ਮਾਵਾਂ ਦੇ ਅਥਰੂ ਤੇ ਆਹਾਂ ਦੀਆਂ ਚੀਕਾਂ, ਚਾਰ ਚੁਫੇਰੇ ਨੇ,
ਨਸਿਆਂ ਨੇ ਖਾ ਲਈ ਜਵਾਨੀ, ਲੱਗਦਾ ਢਹਿ ਗਏ ਘਰਾਂ ਦੇ ਬਨੇਰੇ ਨੇ।
ਜਿਨ੍ਹਾਂ ਬੱਚਿਆਂ ਦੇ ਕਤਲ ਹੋ ਗਏ, ਉਨ੍ਹਾਂ ਘਰਾਂ ਵਿੱਚ ਵਰਤ ਗਏ ਹਨੇਰੇ ਨੇ।
ਖਾਲੀ ਪੰਜਾਬ ਹੋ ਗਿਆ, ਹਰ ਘਰ ਵਿੱਚ ਪ੍ਰਵਾਸੀ ਆਂ ਦੇ ਡੇਰੇ ਨੇ।
ਅੱਜਕਲ੍ਹ ਦੇ ਜਮਾਨੇ ਵਿੱਚ... ...
ਵੀਰਾਂ ਵਾਲੀ ਸਾਂਝ ਨਾ ਰਹਿ ਗਈ, ਵੈਰ ਬਥੇਰੇ ਨੇ,
ਮਾਪਿਆਂ ਨੂੰ ਘਰ ਰਹਿਣ ਦਾ ਹੁਕਮ ਨਹੀਂ, ਆਸ਼ਰਮਾਂ ਨੇ ਘੇਰੇ ਨੇ।
ਸਭ ਦੇ ਬੱਚੇ ਢਿੱਡ ਦੀਖਾਤਰ, ਬਾਹਰ ਜਾਣ ਲਈ ਕਰਦੇ ਯਤਨ ਬਥੇਰੇ ਨੇ।
ਜੰਡਾ ਆਖ ਚੰਗੇ ਇਨਸਾਨ ਹੀ ਕਰ ਸਕਦੇ, ਇਨ੍ਹਾਂ ਔਕੜ ਦੇ ਨਬੇੜੇ ਨੇ।
ਅੱਜਕਲ੍ਹ ਦੇ ਜਮਾਨੇ ਵਿੱਚ... ...



ਮਨਜੀਤ ਕੌਰ ਜੰਡਾ
ਮੋਬਾ. 9465386379

## .ਗ਼ਜ਼ਲ

ਸੀਸ ਉਠਾ ਕੇ ਤੁਰਿਆ ਕਰ ਤੂੰ, ਹੁੰਮ-ਹੁਮਾ ਕੇ ਤੁਰਿਆ ਕਰ
ਦੋ  ਪੈਰ ਤੁਰੀ ਨਾਲ ਮੜਕ ਦੇ, ਧਰਤ ਹਿਲਾ ਕੇ ਤੁਰਿਆ ਕਰ

ਜਾਨ ਨਿਛਾਵਰ ਹਰ ਸ਼ੈਅ ਕਰਜੇ, ਤੂੰ ਜਿੱਧਰ ਨਜ਼ਰ ਘੁਮਾਵੇਂ
ਕਿਰਦਾਰ ਰਹੇ ਸੂਰਜ, ਚਾਹੇ ਕਮਲਾ ਬਣ ਕੇ ਤੁਰਿਆ ਕਰ

ਵਿਕਦੇ ਨੋਟ, ਜ਼ਮੀਨਾਂ, ਹੀਰੇ, ਵਿਕਦੇ ਤਖ਼ਤ ਦੁਨੀ ਦੇ ਵੀ
ਔਕਾਤ ਸਭੀ ਦੀ ਆਨੇ ਭਰ, ਖ਼ਾਕ ਰੁਲਾ ਕੇ ਤੁਰਿਆ ਕਰ

ਨਿਰਭਉ, ਨਿਰਵੈਰ ਖੁਦਾ ਹੈ ਇਕ, ਉਸ ਅੱਗੇ ਸਭ ਮਿੱਟੀ ਹੈ
ਸਿਰ ਚੁੱਕਣ ਤੋਂ ਪਹਿਲਾਂ ਉਸ ਨੂੰ, ਬਾਪ ਬਣਾ ਕੇ ਤੁਰਿਆ ਕਰ

ਮਿੱਟੀਓਂ ਸਿਰਜੇ ਮਿੱਟੀ ਕਰਤੇ, ਪੀਰ ਕਲੰਦਰ ਸੂਰੇ
ਚੰਦਨ ਨਾਂ ਤੂੰ ਖ਼ਾਕ ਕਬਰ ਦੀ, ਤਿਲਕ ਲਗਾ ਕੇ ਤੁਰਿਆ ਕਰ

ਸ਼ਮਸ਼ਾਨ ਧਰਤ ਦਾ ਹਰ ਜ਼ਰਾ ਹੈ, ਹਰ ਥਾਂ ਹੀ ਪਰ ਕੁੱਖ ਜਿਹੀ
ਹਰ ਛੱਪੜ ਹੀ ਪਾਕਿ ਪਵਿੱਤਰ, ਪਾਪ ਧੁਆ ਕੇ ਤੁਰਿਆ ਕਰ

ਆਪੋ-ਧਾਪੀ ਅੰਦਰ ਸਭ ਹੀ, ਠੁੱਡੋ-ਠੁੱਡੀ ਇੱਥੇ ਸਭ
ਮਾਰਨ ਪਿੱਠ ਕੁਹਾੜੇ ਭਾਂਵੇ, ਨਾ ਧਮਕਾ ਕੇ ਤੁਰਿਆ ਕਰ

ਕੌਣ ਵਫ਼ਾ ਦਾ ਸੌਦਾ ਕਰਦੈ, ਹੈ ਕਦ ਮੁਨਾਫ਼ਾ ਵਿੱਚ ਵਫ਼ਾ
ਪਾ.ਗਲ ਇਸ਼ਕ ਪੁਜਾਰੀ ਹੁੰਦੇ, ਦਿਲ ਸਮਝਾ ਕੇ ਤੁਰਿਆ ਕਰ

ਗ਼ਜ਼ਲ, ਨਜ਼ਮ ਦੀ ਸਮਝ ਨਹੀਂ ਪਰ, ਹੈ ਨਾਮ ਤੁਖੱਲਸ 'ਬਾਲੀ'
ਰੁਕਨ, ਬਹਿਰ, ਅਲੋਚਕ ਦੇ, ਸੰਵਾਦ ਰਚਾ ਕੇ ਤੁਰਿਆ ਕਰ



ਬਲਜਿੰਦਰ 'ਬਾਲੀ ਰੇਤਗੜ੍ਹ'
+919465129168

## ਆਤਮਾ ਦਾ ਗੁਣਗਾਨ

ਜ਼ਿੰਦਗੀ ਦੇ ਪਹਿਲੂਆਂ ਤੇ ਮਾਰੀ ਨਜ਼ਰ,
ਆਤਮਾ ਗ਼ਮਗੀਨ ਹੋ ਕੇ ਬਹਿ ਗਈ।
ਰੱਬ ਭੇਜਿਆ ਧਰਤੀ ਤੇ ਵਧੀਆ ਜਿਉਣ ਲਈ,
ਲਾਲਸਾ ਹੋਰ ਹੋਰ ਪਾਉਣ ਦੀ ਰਹਿ ਗਈ।

ਬੁੱਧੂ ਬਣਾਉਣਾ ਸਿੱਖ ਲਿਆ ਚਾਰ ਅੱਖਰ ਪੜ੍ਹ ਕੇ,
ਅੱਖਰ ਜੋੜਦੇ ਨੇ, ਬੈਂਕ 'ਚ ਵਾਧੂ ਜਮ੍ਹਾਂ ਖਾਤੇ ਬਣਾ ਲਏ।
ਸਾਂਭਿਆ ਨਾ ਜਾਵੇ ਪੈਸਾ, ਆਤਮਾ ਦਾ ਧੁੜਕੂ ਧੜਕੇ,
ਮੰਗੇ ਸੀ ਖੁਸ਼ੀਆਂ ਵਾਲੇ ਦਿਨ, ਲਾਲਚ ਨਾਲ ਨਾਤੇ ਬਣਾ ਲਏ।

ਘਰਵਾਲੀ ਮੰਗੇ ਰੋਜ਼ ਦਾ ਹਿਸਾਬ ਕਿਤਾਬ,
ਕਿਹੜੇ ਕੁਕਰਮੀਂ, ਵਹਿਣੀਂ ਪੈ ਗਿਆ।
ਆਤਮਾ ਭਟਕਦੀ ਫਿਰੇ ਵਿਆਜ-ਦਰ- ਵਿਆਜ,
ਆਤਮਾ ਹੋ ਗਈ ਲੀਨ ਪਰਮਾਤਮਾ ਵਿੱਚ,
ਬਾਕੀ ਫੋਕਾ ਸਰੀਰ ਰਹਿ ਗਿਆ ।

ਕਸ਼ਮਕਸ਼ ਬੰਦੇ ਤੇ ਵਾਹਿਗੁਰੂ ਵਿੱਚ ਚਲਦੀ ਰਹਿਣੀ,
ਜਦੋਂ ਤੱਕ ਬੰਦਾ ਮਾਫੀ ਮੰਗ ਬਣਦਾ ਨ੍ਹੀਂ ਸੰਤ।
ਨਿਉਂ ਕੇ ਰਹਿਣਾ ਸਿੱਖ ਲੈ, ਨਹੀਂ ਤਾਂ
ਵਿਅਰਥ ਉਮਰ ਢਲਦੀ ਰਹਿਣੀ।
ਚੰਗਿਆਂ ਤੋਂ ਮਾੜੇ, ਮਾੜਿਆਂ ਤੋਂ ਚੰਗੇ,
ਮਾਮਲੇ ਰਹਿਣੇ ਚਲੰਤ।



ਅਮਰਜੀਤ ਸਿੰਘ ਤੂਰ
9878469639

## ਪਿਆ ਵੇਖਣਾ ਥਾਣਾ.....

ਕਿੱਥੇ ਖ਼ਤ ਮੈਂ ਲਿਖ ਕੇ ਪਾਵਾਂ, ਗਿਆ ਨਾ ਦੱਸ ਟਿਕਾਣਾ।
ਅੰਦਰੋਂ ਅੰਦਰੀਂ ਰੋਵੇ ਸਈਓ, ਮੇਰਾ ਦਿਲ ਨਿਮਾਣਾ।

ਬਿਨਾ ਦਵਾਈਉਂ ਅੱਜ ਸਵੇਰੇ, ਮਾਂ ਤੁਰਗੀ ਘਰ ਰੱਬ ਦੇ,
ਚਾਰੋਂ ਪੁੱਤਰ ਆਖਣ ਪਤਾ ਨ੍ਹੀਂ, ਵਰਤ ਗਿਆ ਕੀ ਭਾਣਾ।

ਇੱਕ ਗਰੀਬ ਦੇ ਘਰ ਨੂੰ ਚੋਰਾਂ, ਰਲ ਕੇ ਸੰਨ੍ਹ ਸੀ ਲਾਈ,
ਹੱਥ ਨਾ ਆਈ ਫੁੱਟੀ ਕੌਡੀ, ਪਿਆ ਵੇਖਣਾ ਥਾਣਾ।

ਧਰਮ ਸਥਾਨਾਂ ਦੇ ਪੁਜਾਰੀ, ਘੁੰਮਦੇ ਪਏ ਵਿੱਚ ਕਾਰਾਂ,
ਫਿਰ ਵੀ ਆਖੀ ਜਾਵਣ ਪੈਂਦਾ, ਧੂਹ ਕੇ ਵਕਤ ਲੰਘਾਣਾ।

ਇੱਕ ਥੈਲੀ ਦੇ ਚੱਟੇ ਵੱਟੇ, ਅੱਜ ਦੇ ਸਿਆਸੀ ਲੀਡਰ,
ਕੀ ਕਰੋਗੇ ਵੋਟਾਂ ਪਾ ਕੇ, ਇਹ ਸਭ ਲੋਟੂ ਲਾਣਾ।

ਚੋਰ ਲੁਟੇਰੇ ਅੰਦਰੋਂ ਕੋਈ, ਕੋਈ ਛੁਪੇ ਹੋਏ ਕਾਤਿਲ,
ਉਪਰੋਂ ਸੰਤ ਮਹਾਤਮਾ ਲਗਦੇ, ਪਾ ਕੇ ਭਗਵਾ ਬਾਣਾ।

ਜੰਤਾ ਯੁੱਗ ਬਦਲਣ ਲਈ ਜੇ,ਤਿਆਰ ਨਹੀਂ ਹੈ'ਬੁਜਰਕ',
ਭਾਰਤ ਵਰਸ਼ ਦਾ ਏਦਾਂ ਹੀ ਏ,ਉਲਝਿਆ ਰਹਿਣਾ ਤਾਣਾ।



ਹਰਮੇਲ ਸਿੰਘ ਧੀਮਾਨ
94175-97204

## ਜੂਨ ਚੌਰਾਸੀ ਦਾ ਕਾਲਾ ਹ.ਫਤਾ

ਤ੍ਰਾਹ ਤ੍ਰਾਹ ਪੰਜਾਬ ਕਰੇ, ਹਰਿਮੰਦਰ ਨੇ ਦੱਬੇ ਆਣ।
ਅਚਾਨਕ ਕਰਫਿਊ ਲਾ, ਲੋਕਾਂ ਦਾ ਕਰ'ਤਾ ਘਾਣ।
ਪੁਰਬ ਪੰਚਮ ਪਾਤਸ਼ਾਹ, ਸ਼ਹੀਦੀ ਦਿਨ ਮਨਾਉਣ।
ਸੰਗਤ ਦੱਬੀ ਅਣਭੋਲ, ਦੇਹ ਤਾਨਾਸ਼ਾਹ ਫੁਰਮਾਣ।

ਜਿਨ੍ਹਾਂ ਨੇ ਫੌਜਾਂ ਚਾੜ੍ਹੀਆਂ, ਉਹ ਵੀ ਸਕੇ ਨਾ ਜਾਣ।
ਮਗਰਮੱਛ ਦੇ ਹੰਝੂ ਰੋਂਦੇ, ਲਾਏ ਲੋਥਾਂ ਢੇਰ ਮਸਾਣ।
ਨਾ ਕੀਤੀ ਦਇਆ ਕੋਈ, ਚਾਹੇ ਬੱਚੇ ਬੁੱਢੇ ਜਵਾਨ।
ਕਹਿਰ ਦੀ ਗਰਮੀ ਉੱਤੋਂ, ਬਰੂਦ ਨੇ ਪਾਏ ਘਮਸਾਣ।

ਬੰਨ੍ਹਿਆ ਸਾਰਾ ਪੰਜਾਬ, ਨਾ ਟੈਲੀਫ਼ੋਨ ਨਾ ਅਖਬਾਰ।
ਨਾ ਸਾਇਕਲ ਸਕੂਟਰ, ਮੋਟਰ ਬਾਈਕ ਨਾ  ਕਾਰ।
ਬੱਸਾਂ ਗੱਡੀਆਂ ਬੰਦ ਸਨ, ਨਾ ਲੋਕੀਂ ਦਿਸਦੇ ਬਾਹਰ।
ਦੁਕਾਨਾਂ ਫੜ੍ਹੀਆਂ ਬੰਦ ਸਭ, ਕੁੱਲ ਬੰਦ ਹੋਏ ਬਾਜ਼ਾਰ।

ਸੜਕਾਂ ਹੋਈਆਂ ਸੁੰਨੀਆਂ, ਨਾ ਦਿਸੇ ਕੋਈ ਵਿੱਚਕਾਰ।
ਦਨਦਨਾਂਦੀ ਪੁਲਿਸ ਸੀ, ਜਾਂ ਫੌਜੀਆਂ ਦੀ ਮੋਟਰਕਾਰ।
ਬਕਤਰਬੰਦ ਸਨ ਗੱਡੀਆਂ, ਤੇ ਹਥਿਆਰਬੰਦ ਸਵਾਰ।
ਲੋਕੀਂ ਇੰਝ ਸਨ ਨੂੜਿਉ, ਜਿਉਂ ਖੁਰੀਆਂ ਲਾਏ ਲੁਹਾਰ।

ਪਹਿਲਾ ਹਫ਼ਤਾ ਜੂਨ ਦਾ, ਬਣਿਆ ਪੰਥ ਲਈ ਦੁਰਕਾਰ।
ਹੱਲਾ ਹੋ ਗਿਆ ਤਖ਼ਤ 'ਤੇ, ਉੱਤੋਂ ਹੁਕਮ ਦਿੱਤੇ ਸਰਕਾਰ।
ਖਾੜਕੂ ਤਾਂ ਗਿਣਤੀ ਦੇ ਸਨ, ਫਸੇ ਮੁਸਾਫਿਰ ਵਿੱਚਕਾਰ।
ਟੈਂਕ ਤੋਪਾਂ ਤੜ ਤੜ ਚੱਲੀਆਂ, ਲੱਗਦੇ ਲੋਥਾਂ ਦੇ ਅੰਬਾਰ।

ਢੇਰੀ ਹੋਇਆ ਅਕਾਲ ਤਖ਼ਤ, ਸਰੋਵਰ ਹੋ ਗਿਆ ਲਾਲ।
ਛੱਲਣੀ ਕੀਤਾ ਸ੍ਰੀ ਹਰਿਮੰਦਰ, ਅੰਦਰ ਫੱਟੜ ਸੀ ਬੇਹਾਲ।
ਅੰਕੜੇ ਸਰਕਾਰੀ ਚੁੱਪ ਹਨ, ਕਿੰਨੇ ਮਰੇ ਕਿੰਨੇ ਫੜੇ ਨਾਲ।
ਤੋਸ਼ਾਖਾਨਾ ਅਜਾਇਬ ਘਰ, ਸਭ ਲੁੱਟਿਆ ਗਿਆ ਮਾਲ।

ਸੰਗਤ ਸਣੇ ਖਾੜਕੂ ਨੂੜ ਲਏ, ਸੁੱਟ ਦਿੱਤੇ ਜੋਧਪੁਰ ਜੇਲ੍ਹ।
ਸੁਣੀ ਨਾ ਕੋਈ ਦਲੀਲ ਅਪੀਲ, ਅੰਨ੍ਹੇ ਕਨੂੰਨ ਦਾ ਖੇਲ੍ਹ।
ਸੜ ਰਹੇ ਹਨ ਪੈਂਤੀ ਸਾਲ ਤੋਂ, ਨਾ ਹੋਏ ਪ੍ਰਵਾਰ ਦਾ ਮੇਲ।
ਧੋਖੇਬਾਜ਼ ਨੇਤਾ ਨੇ ਪਾਸ ਹੋਏ, ਮਨੁੱਖਤਾ ਹੋ ਗਈ ਫੇਲ੍ਹ।



ਸੇਵਾ ਸਿੰਘ "ਨੂਰਪੁਰੀ"

## .ਗ਼ਜ਼ਲ

ਪੂਰਨਮਾਸ਼ੀ ਦੀ ਰਾਤ ਜਦੋਂ ਨੇਰ੍ਹਾ ਪਾਉਂਦੀ ਆਪੇ।
ਓਦੋਂ ਟੁੱਟਦਾ ਤਾਰਾ ਮੈਨੂੰ ਮੇਰੇ ਵਰਗਾ ਜਾਪੇ।

ਸੂਲਾਂ ਉੱਤੇ ਨੱਚਦੀ ਤਿੱਤਲੀ ਪੁੱਛੇ ਫੁੱਲਾਂ ਕੋਲੋਂ,
ਸਾਡੇ ਹਾਸੇ ਜ਼ਖ਼ਮੀ ਕਿਉਂ ਹਨ ਸਾਡੇ ਖ਼ਾਬ ਸਰਾਪੇ ?

ਪਰਦੇਸਾਂ ਵਿੱਚ ਕਰਨ ਕਮਾਈ ਲੁਕ ਛਿਪ ਕੇ ਪਹੁੰਚੇ ਜਦ,
ਸਿਰ ਮੁੰਡਾਉਂਦੇ ਓਲੇ ਪਏ ਜਦ ਪਏ ਸਰਕਾਰੀ ਛਾਪੇ।

ਚਿੜੀਆਂ ਦੇ ਚੰਬੇ ਨੇ ਜਦ ਦੀ ਮਾਰੀ ਦੂਰ ਉਡਾਰੀ,
ਬਾ.ਗ ਬ.ਗੀਚੇ ਸੁੰਨੇ ਹੋਏ ਖ਼ਲਕਤ ਰੋਂਦੀ ਜਾਪੇ।

ਜੇਕਰ ਸਭ ਕੁਝ ਠੀਕ ਹੈ ਤਾਂ ਫਿਰ ਏਨਾ ਤਾਂ ਸਮਝਾਵੀਂ,
ਵਰਖਾ ਰੁੱਤ ਵਿੱਚ ਕਿਉਂ ਪਪੀਹਾ ਪਿਆਸ ਦਾ ਰਾਗ ਅਲਾਪੇ.?

ਤਿਲ-ਤਿਲ ਕਰਕੇ ਜੀਣ ਤੋਂ ਚੰਗਾ ਅਣਖ ਦੀ ਮੌਤੇ ਮਰਨਾ,
ਬਚਪਨ ਤੋਂ ਸਮਝਾਉਂਦੇ ਆਏ ਮੈਨੂੰ ਮੇਰੇ ਮਾਪੇ।

ਅਪਣੇ ਕੁਨਬੇ ਨੂੰ ਵਡਿਆਵੇ ਉਸ ਦਾ ਹਾਲ ਤਾਂ ਇਹ ਹੈ,
ਆਪੇ ਮੇਰੇ ਬੱਚੇ ਜੀਣ ਮੈਂ ਰੱਜੀ ਪੁੱਜੀ ਆਪੇ।

ਪੱਗਾਂ ਦੀ ਰਖਵਾਲੀ ਵਾਲੇ ਪੱਗਾਂ ਨਿੱਤ ਉਛਾਲਣ,
ਧਰਮ ਸਥਾਨੀਂ ਗੋਲਕ ਪਿੱਛੇ ਪੈਂਦੇ ਰੋਜ਼ ਸਿਆਪੇ।

ਕਾਲੇ ਹੋਏ ਚਿੱਟੇ ਪਰ ਤੂੰ ਪਰਦੇਸੋਂ ਨਾ ਆਇਆਂ,
ਮੈਂ ਬਿਰਹਣ ਦੇ ਦਰਦਾਂ ਨੂੰ ਹੁਣ ਕੌਣ ਜ਼ਰੀਬ ਲੈ ਨਾਪੇ?

ਕਾਲੇ ਦਿਨ ਜਦ ਚੇਤੇ ਆਉਂਦੇ ਰੂਹ ਤਕ ਕੰਬ ਹੈ ਜਾਂਦੀ,
ਫਿਰ ਨਾ ਪਰਤ ਕੇ ਆਵਣ ਰਾਣੇ ਉਹ ਦਿਨ ਰਾਤ ਸਰਾਪੇ।



ਜਗਦੀਸ਼ ਰਾਣਾ
7986207849

## ਜ਼ਿੰਦਗੀ

ਜ਼ਿੰਦਗੀ ਹੈ ਵਾਂਗ ਸਮੁੰਦਰ,
ਵਿੱਚ ਹੰਝੂਆਂ ਦਾ ਖਾਰਾ ਪਾਣੀ।

ਕੀਹਨੂੰ ਜਾ ਕੇ ਦਰਦ ਸੁਣਾਵਾਂ,
ਵਿਛੜ ਗਏ ਨੇ ਸੱਭੇ ਹਾਣੀ।

ਬੁੱਲ੍ਹੀਂ ਜਿੰਦਰੇ ਮਾਰ ਲਏ ਨੇ,
ਚੁੱਪ ਹੋ ਗਈ ਏ ਜ਼ਿੰਦ ਵਿਚਾਰੀ।

ਬਦਲ ਗਏ ਨੇ ਦੋਸਤ-ਮਿੱਤਰ,
ਬਦਲ ਗਈ ਏ ਦੁਨੀਆਂਦਾਰੀ।

ਜ਼ਿੰਦ ਨੇ ਆਪਣੀ ਚੁੰਨੀ ਪੱਲੇ,
ਉਮਰਾਂ ਦੇ ਹਾਉਕੇ ਬੰਨ੍ਹ ਲਏ ਨੇ।

ਹੁਣ ਤਾਂ ਸਾਡੇ ਮਾਸੂਮ ਹਾਸੇ,
ਸਮੇਂ ਦੇ ਸੱਪ ਨੇ ਡੰਗ ਲਏ ਨੇ।

ਬੀਤੇ ਹੋਏ ਪਲ ਸੁਨਹਿਰੀ,
ਦੋਸਤ ਯਾਦ ਕਰਾ ਜਾਂਦੇ ਨੇ।

ਇਸ ਤਰ੍ਹਾਂ ਵਿਛੜੇ ਸਜਣ ਆ ਕੇ,
ਫੇਰ ਮੈਨੂੰ ਰਵਾ ਜਾਂਦੇ ਨੇ।

ਕਿਰੀ ਜਾਂਦੇ ਸਾਹਾਂ ਦੇ ਮੋਤੀ,
ਅੰਦਰੋਂ ਕੁਝ- ਕੁਝ ਟੁੱਟਦਾ ਜਾਪੇ।

ਕਿਸ ਨੂੰ ਹੁਣ ਆਪਣਾ ਹਾਲ ਸੁਣਾਵਾਂ,
ਨਿੱਕੀ ਜਿੰਦ ਤੇ ਬੜੇ ਸਿਆਪੇ।



**ਨੀਲਮ ਕੁਮਾਰੀ**
**ਪੰਜਾਬੀ ਮਿਸਟਰੈਸ,**
**ਸਰਕਾਰੀ ਹਾਈ ਸਕੂਲ, ਸਮਾਉ।**
9779788365

## ਕੀ ਹੋਜੂ

ਕੁਝ ਦਿਨ ਕਵਿਤਾ ਪਾਵੇਂ ਨਾ ਤੂੰ, ਕੀ ਹੋਜੂ
ਇੰਟਰਨੈਟ 'ਤੇ ਆਵੇਂ ਨਾ ਤੂੰ, ਕੀ ਹੋਜੂ

ਤੇਰੇ ਬਿਨ ਕੀ ਗੱਡਾ ਖੜ੍ਹਦਾ ਦੁਨੀਆਂ ਦਾ
ਹਫ਼ਤਾ ਸ਼ਕਲ ਵਿਖਾਵੇਂ ਨਾ ਤੂੰ, ਕੀ ਹੋਜੂ

ਬੁੱਧੀਮਾਨ ਬਥੇਰੇ ਸ਼ੋਸ਼ਲ ਮੀਡੀਆ 'ਤੇ
ਜੇਕਰ ਗੱਲ ਸਮਝਾਵੇਂ ਨਾ ਤੂੰ, ਕੀ ਹੋਜੂ

ਜੰਤਾ ਤੇਰੇ ਵਿਚਾਰਾਂ 'ਤੇ ਕੀਤੇ ਬੈਠੀ ਆ
ਆਪਣਾ ਪੱਖ ਸੁਣਾਵੇਂ ਨਾ ਤੂੰ, ਕੀ ਹੋਜੂ

ਕਵੀ ਉਡੀਕਣ ਤੈਨੂੰ ਇਹ ਭਰਮ ਤੇਰਾ
ਮਹਿਫ਼ਿਲ ਦੇ ਵਿੱਚ ਜਾਵੇਂ ਨਾ ਤੂੰ, ਕੀ ਹੋਜੂ

ਤੇਰੇ ਵਰਗੇ ਸ਼ਾਇਰ 'ਜਿੰਮੀ' ਛੱਤੀ ਸੌ
ਦੋ ਦਿਨ ਕਲਮ' ਚਲਾਵੇਂ ਨਾ ਤੂੰ, ਕੀ ਹੋਜੂ

**ਜਿੰਮੀ ਅਹਿਮਦਗੜ੍ਹ**
8195907681

## ਜੋ ਬੈਠੇ ਕਰਕੇ ਬੰਦ

ਜੋ ਬੈਠੇ ਕਰਕੇ ਬੰਦ ਬੂਹੇ, ਬਾਰੀਆਂ,
ਲੱਗਣ ਉਨ੍ਹਾਂ ਨੂੰ ਭੱਜ ਕੇ ਬੀਮਾਰੀਆਂ।
ਕਰਦੇ ਜੋ ਸੇਵਾ ਮਾਪਿਆਂ ਦੀ ਦਿਲ ਲਾ ਕੇ,
ਪਾ ਲੈਣ ਉਹ ਜੀਵਨ 'ਚ ਖੁਸ਼ੀਆਂ ਸਾਰੀਆਂ।
ਫਿਰ ਭਾਲਿਓ ਨਾ ਠੰਢੀਆਂ ਛਾਵਾਂ ਤੁਸੀਂ,
ਛਾਂ ਵਾਲੇ ਰੁੱਖਾਂ ਤੇ ਚਲਾ ਕੇ ਆਰੀਆਂ।
ਉੱਥੇ ਪੁੱਜਣ ਤੋਂ ਡਰ ਰਹੇ ਨੇ ਬੰਦੇ ਵੀ,
ਅੱਜ ਕੱਲ੍ਹ ਜਿੱਥੇ ਪੁੱਜ ਗਈਆਂ ਨਾਰੀਆਂ।
ਜੇ ਪੈਸਾ ਹੋਵੇ ਕੋਲ, ਭੱਜੇ ਆਣ ਸਭ,
ਅੱਜ ਕੱਲ੍ਹ ਪੈਸੇ ਬਿਨ ਨਾ ਰਿਸ਼ਤੇਦਾਰੀਆਂ।
ਯਾਰੀ ਨਿਭਾਵਾਂ ਨਾਲ ਤੇਰੇ ਕਿੰਝ ਮੈਂ,
ਸਿਰ ਤੇ ਮੇਰੇ ਨੇ ਹੋਰ ਜ਼ਿੰਮੇਵਾਰੀਆਂ।
ਖੁਸ਼ ਸਾਨੂੰ ਵੇਖਣ ਦੀ ਉਨ੍ਹਾਂ ਦੀ ਇੱਛਾ ਸੀ,
ਸਾਡੇ ਲਈ ਜਾਨਾਂ
ਜਿਨ੍ਹਾਂ ਨੇ ਵਾਰੀਆਂ।



**ਮਹਿੰਦਰ ਸਿੰਘ ਮਾਨ**
9915803554

## ਖੈਰੀਅਤ

ਹਰ ਕੋਈ ਮੇਰੀ ਖੈਰੀਅਤ ਪੁੱਛਦਾ।
ਆਪ ਦੀ ਖੈਰੀਅਤ ਨਹੀਂ ਚਾਹੁੰਦਾ।

ਬਸ ਇਕ ਵਾਰ ਸਮਝ ਲੌ ਇਹ
ਗਨੀਮਤ ਹੈ ਮੈਂ ਉਹ ਨਹੀਂ ਹਾਂ
ਜਿਸ ਨੂੰ ਰੋਜ਼ ਅਜਮਾਓ ਗੇ।

ਖ਼ਫਾ ਹੋ ਜਾਂਦੇ ਹੋ ਖੁਦ ਨਾਲ ਹੀ ਅਕਸਰ।
ਮੇਰਾ ਜ਼ੋਰ ਤਾਂ ਤੇਰੇ ਤੇ ਹੀ ਚਲੱਦਾ ਹੈ।

ਜਦੋਂ ਜਦੋਂ ਮੈਂ ਤੈਨੂੰ ਪੁਕਾਰਾ ਤੂੰ
ਬੀਜੀ ਹੋ ਗਿਆ।
ਹਰ ਵਾਰ ਇਹ ਹੀ ਹੋਇਆ
ਮੇਰੇ ਨਾਲ ਇਤਫ਼ਾਕ ਨਾਲ।

ਮੇਰੀ ਖਾਮੋਸ਼ੀਆਂ ਤੇ ਦੁਨੀਆਂ
ਮੈਨੂੰ ਤਾਨੇ ਦੇਂਦੀ ਹੈ
ਇਹ ਕੀ ਜਾਨੇ ਕੀ ਚੁੱਪ
ਰਹਿ ਕੇ ਵੀ ਕੀਤੀ ਜਾਂਦੀ ਹੈ।
ਤਕਦੀਰਾਂ ਦੀ ਗੱਲਾਂ।

ਸੁਪਨਿਆਂ ਦਾ ਹਾਰ ਪਰੋ ਕੇ
ਬੈਠੀ ਸੀ ਇਹ ਜ਼ਿੰਦਗੀ।
ਘਟ ਪੈ ਗਏ ਫੁੱਲ ਤੇ ਕੰਢੇ ਹੀ ਪਰੋ ਲਿੱਤੇ।

ਚਲੋ ਮੈਂ ਬਦਲ ਜਾਂਦੀ ਹਾਂ ਹੁਣ
ਫਿਰ ਇਹ ਨਾ ਆਖੀ ਮੈਂ ਤੇਰੇ
ਕੋਲੋਂ ਕੁਝ ਨਹੀਂ ਸਿਖਿਆ।

ਕਲਮ ਲਿਖ ਸਕਦੇ ਹੋ
ਉਦਾਸ ਦਿਲ ਦੇ ਅਫਸਾਨੇ।
ਸਾਡੇ ਨਾਲ ਜੋ ਹੋਇਆ
ਬਸ ਅੱਛਾ ਨਹੀਂ ਹੋਇਆ।

ਤੇਰਾ ਸ਼ਕ ਤਾਂ ਸਿਰਫ਼ ਹਵਾਵਾਂ
ਤੇ ਗਿਆ ਹੋਵੇਗਾ।
ਕਦੀ ਸੋਚਿਆ ਹੈ ਤੂੰ।
ਉਹ ਚਿਰਾਗ ਵੀ
ਜਲਦੀ ਜਲਦੀ ਥੱਕ
ਗਿਆ ਹੋਵੇਗਾ।



**ਸੁਰਜੀਤ ਸਾਰੰਗ**

## ਡਾਲਰ

ਚੂਸ ਗਈ ਜਵਾਨੀ ਵਾਲਾ ਅੰਦਰੋਂ ਇਹ ਖੂਨ,
ਆਈਲੈਟਸ ਦੀ ਚਿੰਬੜੀ ਜੋ ਜੋਕ ਨੀਂ।
ਜਾਂਣ ਲਈ ਕੈਨੇਡਾ, ਅਮਰੀਕਾ, ਇੰਗਲੈਂਡ,
ਝੱਲੇ ਹੋ ਗਏ ਨੇਂ ਐਥੇ ਬੜੇ ਲੋਕ ਨੀ।
ਬੁੱਢੇ ਮਾਪੇਂ ਦੇਣ ਇੱਕ ਦੂਜੇ ਨੂੰ ਤਸੱਲੀ,
ਪਾਉਂਦੇ ਆਪਣੇ ਹੀ ਦਿਲਾਂ ਨਾ ਬੁਝਾਰਤਾਂ।
ਮਾਰਕੇ ਬੁਲਾਉਂਦੀਆਂ ਨੇਂ ਹਾਕਾਂ ਸੁੰਨੀ ਪਈਆਂ,
ਲੋਕੋ ਡਾਲਰਾਂ ਨਾ ਬਣੀਆਂ ਇਮਾਰਤਾਂ।

ਕਰਨ ਕਮਾਈਆਂ ਹੈ ਵਿਦੇਸ਼ ਗਈ,
ਨਵੀਂ ਪੀੜ੍ਹੀ ਮੁੜਕੇ ਨਾਂ ਹੁੰਦੀ ਰਾਜ਼ੀ ਆਉਣ ਨੂੰ।
ਨਾਲੇ 7 ਬੈਂਡ ਵਾਲੀ ਲੱਭਦੇ ਨੇ ਕੁੜੀ,
ਓਥੇ ਗੋਰਿਆਂ ਦੀ ਨੌਕਰ ਬਣਾਉਣ ਨੂੰ।
ਜੁਦਾ ਕਰ ਪੁੱਤ ਨੂੰ ਤੜਫਦਾ ਹੈ ਖ਼ੂਨ ਮਾਂ ਦਾ,
ਭਾਵੇਂ ਲੱਖ ਮਿਲਣ ਮੁਬਾਰਕਾਂ।
ਮਾਰਕੇ ਬੁਲਾਉਂਦੀਆਂ ਨੇ ਹਾਕਾਂ ਸੁੰਨੀ ਪਈਆਂ,
ਲੋਕੋ ਡਾਲਰਾਂ ਨਾ ਬਣੀਆਂ ਇਮਾਰਤਾਂ।

ਦਿਨੋਂ ਦਿਨ ਜਾਂਦਾ ਏ ਪੰਜਾਬ ਹੋਇਆ ਖਾਲੀ,
ਨਾਲੇ ਹੋਈ ਸ਼ਰਨਾਰਥੀ ਜਵਾਨੀਆਂ।
ਹੀਰਿਆਂ ਤੋਂ ਵੱਧ ਜਿਹੜੀ ਸਾਂਭੀ ਸੀ ਬਜ਼ੁਰਗਾਂ ਨੇ,
ਕੌਡੀਆਂ ਚ ਵਿਕ ਗਈ ਨਿਸ਼ਾਨੀਆਂ।
ਕਈਂ ਚੂੜੇ ਵਾਲੀਆਂ ਨੂੰ ਛੱਡ ਕੇ ਇੱਕਲੀ,
ਜਾਕੇ ਗੋਰੀਆਂ ਨਾਂ ਕਰਦੇ ਸ਼ਰਾਰਤਾਂ।
ਮਾਰਕੇ ਬੁਲਾਉਂਦੀਆਂ ਨੇ ਹਾਕਾਂ ਸੁੰਨੀ ਪਈਆਂ,
ਲੋਕੋ ਡਾਲਰਾਂ ਨਾ ਬਣੀਆਂ ਇਮਾਰਤਾਂ।

ਸੋਚਾਂ ਦੀ ਉਡਾਰੀ ਜਦੋਂ ਮਾਰਦਾ ਹਾਂ ਉੱਚੀ,
ਦਿਲ ਸੋਚਕੇ ਇਹ ਹੁੰਦਾ ਪ੍ਰੇਸ਼ਾਨ ਨੀਂ।
ਵੇਖਕੇ ਪੰਜਾਬ ਦੇ ਹਲਾਤਾਂ ਨੂੰ ਹੈ ਫਿਕਰਾਂ 'ਚ,
ਡੁੱਬ ਜਾਂਦਾ 'ਕਾਮੀ ਵਾਲਾ ਖ਼ਾਨ' ਨੀ।
ਮੰਨ ਬੈਠੇ ਰੱਬ ਲੋਕੀ ਗੋਰਿਆਂ ਨੂੰ ਦਿਲ ਵਿੱਚ,
ਕਾਅਬੇ ਦੀਆਂ ਛੱਡ ਕੇ ਜ਼ਿਆਰਤਾਂ।
ਮਾਰਕੇ ਬੁਲਾਉਂਦੀਆਂ ਨੇ ਹਾਕਾਂ ਸੁੰਨੀ ਪਈਆਂ,
ਲੋਕੋ ਡਾਲਰਾਂ ਨਾ ਬਣੀਆਂ ਇਮਾਰਤਾਂ।

**ਸੁਕਰ ਦੀਨ, ਕਾਮੀ ਖੁਰਦ**
9592384393

## ਭਾਸ਼ਾ ਦਾ ਪ੍ਰਵਾਸ

ਮੇਰੀ ਭਾਸ਼ਾ ਮਰ ਨਹੀਂ ਰਹੀ
ਇਹ ਪ੍ਰਵਾਸ ਕਰ ਚੁੱਕੀ ਹੈ
ਪ੍ਰਵਾਸੀ ਕਦੇ ਮਰਦੇ ਨਹੀਂ ਹੁੰਦੇ
ਬਲਕਿ ਸਥਾਪਿਤ ਹੋਣ ਲਈ
ਲਗਾਤਾਰ ਸੰਘਰਸ਼ ਕਰਦੇ ਰਹਿੰਦੇ।

ਇਸੇ ਸੰਘਰਸ਼ ਕਰਕੇ ਹੀ
ਇਹ ਵਿਸ਼ਵ ਪਸਾਰੀ ਹੋ ਗਈ ਹੈ
ਕਿਸੇ ਚਾਰ-ਦਵਾਰੀ ਦੀ ਮੁਹਤਾਜ ਨਹੀਂ ਰਹੀ
ਪੰਜ ਆਬ ਦੀ ਜਾਈ
ਹੁਣ ਸੱਤ ਸਮੁੰਦਰਾਂ ਦੀ ਵਾਰਸ ਹੋ ਚੁੱਕੀ ਹੈ।

ਇਸ ਦੇ ਸ਼ਬਦ ਭੰਡਾਰ ਅੰਦਰ
ਦੁਨੀਆਂ ਦੀਆਂ ਸੈਂਕੜੇ ਭਾਸ਼ਾਵਾਂ ਦਾ ਵਾਸ ਏ
ਇਸ ਦਾ ਹਿਰਦਾ ਸੰਕੀਰਣ ਨਹੀਂ
ਬਲਕਿ ਸਮੁੰਦਰ ਵਾਂਗ ਵਿਸ਼ਾਲ ਏ
ਇਹ ਖੂਹਾਂ ਦੀ ਤਰ੍ਹਾਂ ਡੂੰਘੀ ਤਾਂ ਹੈ
ਪਰ ਹੱਦਾਂ ਦੀ ਤਰ੍ਹਾਂ ਸੀਮਤ ਨਹੀਂ ਹੈ।।

ਇਸ 'ਚ ਰਚੇ ਗੀਤ
ਹਰ ਮਹਿਫ਼ਲ ਦਾ ਸ਼ਿੰਗਾਰ ਬਣਗੇ
ਹਰ ਸੱਭਿਆਚਾਰ ਦੀ ਨੁਹਾਰ ਬਣਗੇ
ਹਜ਼ਾਰਾਂ ਗੀਤਕਾਰਾਂ ਤੇ ਗਾਇਕਾਂ
ਦਾ ਸਤਿਕਾਰ ਬਣਗੇ।।

ਫਰੀਦ, ਗੁਰੂਆਂ, ਪੀਰਾਂ-ਪੈਗੰਬਰਾਂ,
ਭੱਟਾਂ ਤੇ ਭਗਤਾਂ ਦੀ ਜਾਈ ਏ
ਬਾਣੀ ਨਾਲ ਪ੍ਰਨਾਈ ਏ
ਜਦ ਤੱਕ ਬਾਣੀ ਜ਼ਿੰਦਾ ਰਹੇਗੀ
ਫਿਰ ਉਦਹੋਂ ਤੱਕ ਕਿਸ ਤਰ੍ਹਾਂ ਮਰੇਗੀ
ਮੇਰੀ ਭਾਸ਼ਾ।।

ਮੇਰੀ ਭਾਸ਼ਾ
ਪ੍ਰਵਾਸ ਕਰ ਚੁੱਕੀ ਹੈ ਪੂਰੀ ਦੁਨੀਆਂ 'ਚ
ਆਪਣੀ ਜੜ੍ਹਾਂ ਫੈਲਾਉਣ ਲਈ
ਅਤੇ ਸੁਗੰਧੀਆਂ ਫੈਲਾਉਣ ਲਈ
ਦਿਲਾਂ ਨੂੰ ਦਿਲਾਂ ਨਾਲ ਮਿਲਾਉਣ ਲਈ
ਤੇ ਮਨੁੱਖਤਾ ਦੀ ਸੇਵਾ ਕਰਨ ਲਈ
ਹਾਂ, ਸੱਚਮੁੱਚ ਮੇਰੀ ਭਾਸ਼ਾ
ਪੂਰੀ ਦੁਨੀਆਂ 'ਚ
ਪ੍ਰਵਾਸ ਕਰ ਚੁੱਕੀ ਹੈ।



**ਵੀਨਾ ਬਟਾਲਵੀ**

## ਲੋਕਤੰਤਰ...

ਲੋਕਤੰਤਰ ਦੀਆਂ ਧੱਜੀਆਂ ਉਡਾ
ਕਦੇ ਥਾਲੀ
ਕਦੇ ਤਾਲੀ
ਕਦੇ ਸੰਗੋਲ ਨਾਮੀ
ਜਾਦੂਮਈ ਛੜੀ ਘੁੰਮਾ
ਆਪਣਾ ਰਾਜ ਤਿਲਕ ਕਰਵਾਉਂਦਾ
ਉਹ ਕਪਟੀ ਰਾਜਾ
ਛੇਤੀ ਹੀ ਅਪਣੀਆਂ
ਮੂਰਤੀਆਂ ਸਥਾਪਿਤ ਕਰ
ਆਪਣੇ ਨਾਮ ਦੇ ਸਿੱਕੇ ਚਲਾਏਗਾ
ਉਹ ਪਾਖੰਡੀ
ਵਿਗਿਆਨਕ ਯੁੱਗ ਵਿੱਚ
ਚੋਰਾਂ ਸਾਧਾਂ ਤੇ ਡਾਕੂਆਂ ਤੋਂ
ਹਵਨ ਕਰਵਾ
ਤੰਤਰਾਂ ਮੰਤਰਾਂ ਦਾ ਜਾਪ ਕਰਵਾ
ਵਿਗਿਆਨ ਨੂੰ ਸੁੱਟ ਰਿਹਾ ਹੈ
ਚਾਰ ਹਜ਼ਾਰ ਸਾਲ ਪੁਰਾਣੇ
ਇਕ ਵਿਕਸਤ ਸੰਘੋਲ ਦੀ
ਡੂੰਘੀ ਖਾਈ ਵਿੱਚ!

ਲੋਕ-ਰਾਜ ਨਹੀਂ
ਸਮਰਾਜਵਾਦ ਹੈ ਇਹ।
ਕਰਮ-ਕਾਂਡ ਰਾਜ ਹੈ ਇਹ।
ਨਿਰਾ ਪਾਖੰਡ-ਵਾਦ ਰਾਜ ਹੈ ਇਹ।



**ਵਿਰਕ ਪੁਸ਼ਪਿੰਦਰ**

## ਜ਼ਮਾਨਾ

ਪਹਿਲਾਂ ਜ਼ਮਾਨਾ ਹੋਰ ਹੁੰਦਾ ਸੀ
ਔਲਾਦ ਤੇ ਮਾਪਿਆਂ ਦਾ ਜ਼ੋਰ ਹੁੰਦਾ ਸੀ
ਹੁਣ ਸਾਰੇ ਆਪ ਮੁਹਾਰੇ ਹੋਏ
ਵਿਕਦੀ ਜਾਂਦੀ ਸਾਰੀ ਭੋਇ।
ਮੋਬਾਈਲ ਫੋਨ ਨੇ ਪੱਟੇ ਲੋਕ
ਹਰ ਕਿਸੇ ਦੀ ਬਦਲੀ ਸੋਚ
ਰਿਸ਼ਤਿਆਂ ਦੇ ਸੌਦੇ ਹੋਏ
ਵਿਕਦੀ ਜਾਂਦੀ ਸਾਰੀ ਭੋਇ।
ਨਸ਼ੇ ਦੀ ਚੱਲੀ ਚੰਦਰੀ ਬੀਮਾਰੀ
ਪੁੱਤ ਮਾਪਿਆ ਦੇ ਜਾਂਦੀ ਮਾਰੀ
ਕੌਣ ਇਸ ਕਲੰਕ ਨੂੰ ਧੋਇ
ਵਿਕਦੀ ਜਾਂਦੀ ਸਾਰੀ ਭੋਇ।
ਪਿਉ ਦੀ ਪੱਗ ਤੇ ਮਾਂ ਦੀ ਮਮਤਾ
ਖਤਮ ਹੁੰਦੀ ਜਾਵੇ ਰਮਤਾ ਰਮਤਾ
ਸੁਖਚੈਨ, ਦੀ ਕਲਮ ਵੀ ਰੋਈ ਜਾਏ
ਵਿਕਦੀ ਜਾਂਦੀ ਸਾਰੀ ਭੋਇ।

**ਸੁਖਚੈਨ ਸਿੰਘ, ਠੱਠੀ ਭਾਈ,**
00971527632924

## ਆਪਣਾ ਗੋਰਖ ਧੰਦਾ ਪਰਖੀਂ

ਬ੍ਰਹਮ ਦੀ ਬਾਣੀ ਗਾਉਣੀ ਏ ਔਖੀ,
ਪਹਿਲਾਂ ਜਰਾ ਸਰੰਦਾ ਪਰਖੀਂ।
ਸੱਚ ਦੀ ਰਾਹ ਤੇ ਤੁਰਨਾ ਚਾਹੁੰਨਾ?
ਪਹਿਲਾਂ ਲੱਗਦਾ ਚੰਦਾ ਪਰਖੀਂ।
ਸੱਚ ਤੇ ਝੂਠ ਜੇ ਪਰਖਣਾ ਚਾਹੁੰਨਾਂ
ਪਹਿਲਾਂ ਚੰਗਾ ਮੰਦਾ ਪਰਖੀਂ।
ਉੱਡਦਾ ਪੰਛੀ ਫਾਹੁਣ ਨੂੰ ਫਿਰਦਾਂ,
ਪਹਿਲਾਂ ਆਪਣਾ ਫੰਦਾ ਪਰਖੀਂ।
ਰਾਹ ਦੇ ਵਿੱਚ ਨਾ ਡੁੱਡਿਆ ਜਾਵੇ,
ਨਿਰਖ ਕੇ ਕੋਈ ਪਰਿੰਦਾ ਪਰਖੀਂ।
ਪੱਥਰ ਦੇ ਬੁੱਤ ਮੋਮ ਨੀ ਹੋਣੇ,
ਸੋਚ ਕੇ ਕੋਈ ਬਾਸ਼ਿੰਦਾ ਪਰਖੀਂ
ਭੀੜ ਪਈ ਤੇ ਛੱਡ ਜਾਵਣਗੇ,
ਮਿੱਤਰ ਕੋਈ ਚੁਣਿੰਦਾ ਈ ਪਰਖੀਂ।
ਮੁਜਰਮ ਤੱਕ ਵੀ ਪੁੱਜ ਜਾਵੇਗਾ,
ਰਲਿਆ ਕਿਹੜਾ ਕਰਿੰਦਾ ਪਰਖੀਂ।
ਸਾਡੇ ਜ਼ਖ਼ਮ ਰਿਸਾਉਣ ਨੂੰ ਫਿਰਦਾਂ,
ਪਹਿਲਾਂ ਆਪਣਾ ਰੰਦਾ ਪਰਖੀਂ।
ਹਰ ਬੰਦੇ ਵਿੱਚ ਪੰਜ ਸੱਤ ਬੰਦੇ,
ਬੰਦੇ ਅੰਦਰਾਂ ਬੰਦਾ ਪਰਖੀਂ।
ਦੌਲਤ, ਸ਼ੁਹਰਤ ਉੱਡਦੇ ਬੱਦਲ,
ਆਪਣਾ ਗੋਰਖ ਧੰਦਾ ਪਰਖੀਂ।



**ਸਤਨਾਮ ਕੌਰ ਤੁਗਲਵਾਲਾ**

## ਸੋਨੇ ਦੀ ਚਿੜੀ

ਸਾਡਾ ਦੇਸ਼ ਸੋਨੇ ਦੀ ਚਿੜੀ ਸੀ
ਗਈ ਕਿਹਦੀਆ ਨਜ਼ਰਾਂ ਖਾਂ,
ਪਹਿਲਾਂ ਮੁਗਲ ਹਕੂਮਤਾ ਲੁੱਟਿਆ
ਫਿਰ ਗੋਰਿਆਂ ਲਾਇਆ ਦਾਅ,
ਫਿਰ ਆਪਣੇ ਲੈ ਗਏ ਲੁਟ ਕੇ,
ਸਭ ਵਿੱਚੇ ਰਹਿ ਗਏ ਚਾਅ,
ਸਾਡਾ ਦੇਸ਼ ਸੋਨੇ ਦੀ ਚਿੜੀ ਸੀ
ਗਈ ਕਿਹਦੀਆ ਨਜ਼ਰਾਂ ਖਾਂ,
ਅਸੀਂ ਲੱਖਾਂ ਏਕੜ ਬੀਜੀਏ
ਸਾਡਾ ਫਿਰ ਵੀ ਮੰਦਾ ਹਾਲ
ਸਿਰ ਤੋਂ ਛੱਤਾਂ ਲੱਥੀਆਂ
ਸਾਡੇ ਵਿੱਚ ਭੜੋਲੇ ਕਾਲ
ਸ਼ੀਰੀਂ ਘਰ ਸ਼ੀਰੀਂ ਜੰਮਦੇ
ਵਿਹੜੇ ਕਰਜ਼ ਦੇ ਉਗਦੇ ਘਾਹ,
ਸਾਡਾ ਦੇਸ਼ ਸੋਨੇ ਦੀ ਚਿੜੀ ਸੀ
ਗਈ ਕਿਹਦੀਆ ਨਜ਼ਰਾਂ ਖਾਂ,
ਅਸੀਂ ਵਿੱਚ ਖਲਾਂਵਾ ਵੱਸੀਏ
ਖੁਸ਼ਹਾਲ ਰਹੇ ਮੇਰਾ ਦੇਸ਼
ਅਸੀਂ ਆਪੋ ਆਪ ਤਾਂ ਮੰਗਤੇ,
ਬਾਹਰ ਖੜ੍ਹੇ ਦਰਵੇਸ਼,
ਅਸੀਂ ਔਖੀ ਮੌਖੀ ਵੇਖਕੇ
ਚੁੱਪ ਕਰਕੇ ਲਈਏ ਖਾਂ
ਕਿੰਝ ਬਣਜੇ ਦੇਸ਼ ਏ ਰੰਗਲਾ
ਆਉ ਕਰੀਏ ਕੋਈ ਉਪਾਅ,
ਸਾਡਾ ਦੇਸ਼ ਸੋਨੇ ਦੀ ਚਿੜੀ ਸੀ
ਗਈ ਕਿਹਦੀਆ ਨਜ਼ਰਾਂ ਖਾਂ,



**ਕੁਲਦੀਪ ਸਿੰਘ ਸਾਹਿਲ**

## ਸਬਜ਼ੀ ਵਾਲਾ...

ਸਬਜ਼ੀ ਵਾਲਾ ਭਾਈ
ਕੱਦੂ, ਤੋਰੀਆਂ, ਟਿੰਡੇ ਵੇਚੇ,
ਸਬਜ਼ੀ ਵਾਲਾ ਭਾਈ।
ਤਰਾਂ, ਖੀਰੇ, ਟਮਾਟਰ ਲੈ ਲਉ,
ਉੱਚੀ ਅਵਾਜ਼ ਲਗਾਈ।
ਬੀਬੀ ਮੇਰੀ ਨੇ ਹਾਕ ਸੀ ਮਾਰੀ,
ਵੇ, ਭਾਈ ਸਬਜ਼ੀ ਦੇ ਜਾ,
ਨਾਲੇ ਤੇਰਾ ਬਕਾਇਆ ਦੇਣਾ,
ਉਹ ਵੀ ਆਪਣਾ ਲੈ ਜਾ।
ਲਏ ਮਤੀਰੇ ਤੇ ਖਰਬੂਜ਼ੇ,
ਨਾਲੇ ਘੀਆ ਤੋਰੀ।
ਚਿੱਬੜ ਚਟਨੀ ਵਾਲੇ ਭਾਈ,
ਦੇ ਗਿਆ ਮੱਲੋ ਜ਼ੋਰੀ।
ਨਾਲੇ ਲਈਆਂ ਟਿੰਡੇ ਬੀਬੀ ਨੇ,
ਭਰਕੇ ਸ਼ਾਮੀ ਬਣਾਈਆਂ।
ਨਾਲ ਮੰਮੀ ਦੇ ਰਲ ਦਾਦੀ ਨੇ,
ਤੰਦੂਰੀ ਰੋਟੀਆਂ ਲਾਹੀਆਂ।
ਬੜੀਆਂ ਸਵਾਦੀ ਲੱਗੀਆਂ ਸਾਨੂੰ,
ਰੱਜ ਖਾਧੀਆਂ ਰਲਕੇ।
ਸਾਰੇ ਕਹਿਣ ਆਪਾਂ ਹੋਰ ਲਵਾਂਗੇ,
ਆਇਆ ਭਾਈ ਭਲਕੇ।
ਗਰਮੀ ਚ' ਸਬਜ਼ੀ ਆਮ ਮਿਲਦੀ,
ਸਸਤੀ ਹੁੰਦੀ ਨਾਲੇ।
ਪੱਤੋ, ਆਖੇ ਹਰ ਕੋਈ ਖਰੀਦੇ,
ਭਾਈ ਆਉਂਦੇ ਬਾਹਲੇ।

**ਹਰਪ੍ਰੀਤ ਪੱਤੋ**
94658-21417

## ਯਾਦਾਂ

ਉਹੀ ਦਿਨ ਉਹ ਰਾਤਾਂ ਆ ਗਈਆ,
ਕਾਲੀਆਂ ਉਹ ਪ੍ਰਭਾਤਾਂ ਆ ਗਈਆ।
ਯਾਦ ਆਉਂਦਾ ਵੀਰੇ ਉਹ ਦਿਨ,
ਜਦ ਤੈਨੂੰ ਗੋਲੀਆਂ ਮਾਰੀਆਂ ਸੀ ।
ਕਿੰਨੀਆਂ ਹੀ ਮਾਵਾਂ ਦੀਆਂ ਹਿੱਕਾਂ,
ਉਦੋਂ ਸਾੜੀਆਂ ਸੀ।
ਭੁੱਲਣ ਵਾਲੇ ਭੁੱਲ ਜਾਂਦੇ ਨੇ,
ਦਿਲ ਦੇ ਰਾਹੀਆ ਨੂੰ,
ਦਸ ਕਿੱਦਾ ਪੂਰੀਆਂ ਕਰੀਆ ਸਿੱਧੂਆ,
ਤੇਰੀਆ ਜ਼ੁਆਦੀਆਂ ਨੂੰ।
ਮਾਂ ਤੇਰੀ ਦੇ ਅੱਥਰੂ ਸੁੱਕਦੇ ਨਾ,
ਤੇਰੇ ਘਰ ਦੀ ਰੌਣਕ ਜੋ ਜਾਲਮ,
ਲੁੱਟ ਦੇ ਨਾ।
ਤੇਰੇ ਫੈਨਜ਼ ਤੇਰਾ ਪਿੰਡ ਦੇਖਣ ਆਉਂਦੇ ਨੇ
ਬੇਬੇ ਬਾਪੂ ਪਿਆਰ ਕਰਕੇ ਉਹਨਾਂ ਦਾ ਮਾਣ
ਵਧਾਉਂਦੇ ਨੇ।
29 ਮਈ ਦਿਨ ਬਲੈਕ ਹੋ ਗਿਆ,
ਚਹਿਲਾ ਮਾਨਸਾ ਜ਼ਿਲ੍ਹਾ ਦੀ
ਸ਼ਾਨ ਖੋਹ ਗਿਆ।



**ਮਨਪ੍ਰੀਤ ਕੌਰ ਚਹਿਲ**
84377 52216

## ਅੱਜ ਦੀ ਨਾਰੀ

ਮੈਂ ਅਬਲਾ ਨਹੀਂ ਹਾਂ!!
ਹਾਂ, ਮੈਂ ਹੁਣ ਅਬਲਾ ਨਹੀਂ ਹਾਂ!
ਇਹ ਨਾ ਸੋਚੀਂ ਕਿ ਮੈਂ
ਤ੍ਰਿਹ ਜਾਵਾਂਗੀ,
ਸਹਿਕ ਜਾਵਾਂਗੀ ਜਾਂ ਡਰ ਜਾਵਾਂਗੀ!
ਤੇਰੀ ਘੂਰ ਤੋਂ,
ਤੇਰੇ ਗੁੱਸੇ ਜਾਂ ਫਿਰ ਤੇਰੀ ਮਾਰ ਤੋਂ।
ਨਹੀਂ!!
ਮੈਂ ਨਹੀਂ ਸਹਿ ਸਕਦੀ ਹੁਣ ਇਹ ਸਭ!
ਕਿਉਂਕਿ
ਇਹ ਸਭ ਮੇਰੀ ਕਿਸਮਤ ਨਹੀਂ!
ਨਾ ਹੀ ਮੈਂ ਇਹ ਧੁਰੋਂ ਲਿਖਾ ਕੇ ਲਿਆਈ!
'ਤੇ ਨਾ ਹੀ ਤੈਨੂੰ ਇਹ ਹੱਕ ਦਿੱਤਾ
ਕਿਸੇ ਕਾਨੂੰਨ ਨੇ!!
ਹਾਂ, ਮੈਂ ਜਾਣਦੀ ਹਾਂ ਹੁਣ ਆਪਣੇ,
ਹੱਕਾਂ, ਫਰਜ਼ਾਂ ਤੇ ਅਧਿਕਾਰਾਂ ਨੂੰ ਵੀ।
ਜੇ ਮੈਂ ਨਿਭਾ ਸਕਦੀ ਹਾਂ ਆਪਣੀ,
ਬਣਦੀ ਹਰ ਭੂਮਿਕਾ
ਤੇ ਹਰ ਫਰਜ਼ ਨੂੰ!
ਤਾਂ ਰੱਖਦੀ ਹਾਂ ਇਹ ਹੱਕ ਵੀ ਫਿਰ ਲਾਜ਼ਮੀ
ਕਿ ਮੈਂ ਮਾਣਾ ਆਪਣੇ ਹਿੱਸੇ ਦੀ
ਬਣਦੀ ਹਰ ਖ਼ੁਸ਼ੀ!!
ਕਿਉਂਕਿ ਮੈਂ ਹੁਣ ਅਬਲਾ ਨਹੀਂ ਹਾਂ!!
ਹਾਂ! ਮੈਂ ਹੁਣ ਅਬਲਾ ਨਹੀਂ ਹਾਂ!!



**ਅਨੀਤਾ ਤਲਵਣ**

Dosanjh Family AUTO GROUP

Cadillac CHEVROLET INFINITI KIA NISSAN BUICK GMC

CHRYSLER Jeep DODGE RAM TOYOTA Ford ACURA

DUBLIN CHEVOLET

DUBLIN CADILLAC

DUBLIN BUICK GMC

DUBLIN KIA

DUBLIN NISSAN

DUBLIN INFINITI

FREMONT CHEVROLET

FREMONT CADILLAC

FREMONT BUICK GMC

STEVENS CREEK CHEVROLET

STEVENS CREEK CADILLAC

SEASIDE CHRYSLER DODGE JEEP RAM

SEASIDE CADILLAC

SEASIDE VOLKSWAGEN

CONCORD CHEVROLET

ACURA OF CONCORD

CONCORD NISSAN

LIVERMORE TOYOTA

FREMONT FORD